ਵੀਰਵਾਰ, 23 ਅਪ੍ਰੈਲ, 2026
10 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 322

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 23 APRIL, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰੂਫ-ਰਿਡਿੰਗ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



ਅਮਰੀਕਾ ਖਿਲਾਫ਼ ਹਜ਼ਾਰਾਂ ਈਰਾਨੀ ਤਹਿਰਾਨ ਦੀਆਂ ਸੜਕਾਂ 'ਤੇ ਉੱਤਰੇ। ਇਸ ਦੌਰਾਨ 'ਖ਼ੁੱਰਮਸ਼ਹਰ' ਮਿਜ਼ਾਇਲ ਦਾ ਵੀ ਪ੍ਰਦਰਸ਼ਨ ਕੀਤਾ।

## ਈਰਾਨ ਵੱਲੋਂ ਭਾਰਤ ਆ ਰਹੇ ਮਾਲਵਾਹਕ ਜਹਾਜ਼ ਸਮੇਤ ਤਿੰਨ 'ਤੇ ਕਬਜ਼ਾ

### ਟਰੰਪ ਵੱਲੋਂ ਜੰਗਬੰਦੀ 'ਚ ਅਣਮਿੱਥੇ ਸਮੇਂ ਲਈ ਵਾਧਾ

**ਤਹਿਰਾਨ** : ਈਰਾਨ ਦੀ ਫ਼ੌਜ ਨੇ ਹਾਰਮੁਜ਼ ਦੀ ਖਾੜੀ ਵਿੱਚ ਤਿੰਨ ਮਾਲਵਾਹਕ ਜਹਾਜ਼ਾਂ 'ਤੇ ਗੋਲੀਬਾਰੀ ਕੀਤੀ। ਇਸ ਘਟਨਾ ਨੇ ਦੁਨੀਆ ਭਰ ਵਿੱਚ ਤੇਲ ਅਤੇ ਗੈਸ ਦੀ ਸਪਲਾਈ ਲਈ ਵੱਡਾ ਖ਼ਤਰਾ ਪੈਦਾ ਕਰ ਦਿੱਤਾ ਹੈ। ਈਰਾਨੀ ਮੀਡੀਆ ਮੁਤਾਬਕ ਰੈਵੋਲਿਊਸ਼ਨਰੀ ਗਾਰਡਜ਼ ਨੇ ਤਿੰਨ ਜਹਾਜ਼ਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਨ੍ਹਾਂ ਵਿੱਚੋਂ ਦੋ ਜਹਾਜ਼ਾਂ ਦੀ ਪਛਾਣ 'ਐੱਮ ਐੱਸ ਸੀ ਫਰਾਂਸਿਸਕਾ' ਅਤੇ 'ਐਪਾਮੀਨੋਂਡਸ' ਵਜੋਂ ਹੋਈ ਹੈ। ਈਰਾਨ ਦਾ ਕਹਿਣਾ ਹੈ ਕਿ ਇਹ ਜਹਾਜ਼ ਚਿਤਾਵਨੀ ਦੇਣ ਦੇ ਬਾਵਜੂਦ ਨਹੀਂ ਰੁਕੇ, ਜਦ ਕਿ ਬ੍ਰਿਟਿਸ਼ ਮਿਲਟਰੀ ਅਨੁਸਾਰ ਜਹਾਜ਼ਾਂ 'ਤੇ ਬਿਨਾਂ ਕਿਸੇ ਚਿਤਾਵਨੀ ਦੇ ਗੋਲੀਬਾਰੀ ਕੀਤੀ ਗਈ। ਅਪੁਸ਼ਟ ਰਿਪੋਰਟ ਅਨੁਸਾਰ ਐਪਾਮੀਨੋਂਡਸ ਲਬੇਰੀਆ ਦੇ ਝੰਡੇ ਵਾਲਾ ਮਾਲਵਾਹਕ ਜਹਾਜ਼ ਜੈਬਲੇ ਅਲੀ (ਦੁਬਈ) ਤੋਂ ਗੁਜਰਾਤ ਆ ਰਿਹਾ ਸੀ। ਹਾਰਮੁਜ਼ ਜਲ ਮਾਰਗ ਦੁਨੀਆ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਦੁਨੀਆ ਦਾ 20 ਪ੍ਰਤੀਸ਼ਤ ਤੇਲ ਅਤੇ ਗੈਸ ਇਸੇ ਰਸਤੇ ਜਾਂਦਾ ਹੈ। ਈਰਾਨੀ ਡਿਪਲੋਮੈਟਾਂ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਅਮਰੀਕਾ ਉਨ੍ਹਾਂ ਦੀਆਂ ਬੰਦਰਗਾਹਾਂ ਤੋਂ ਪਾਬੰਦੀਆਂ ਅਤੇ ਘੇਰਾਬੰਦੀ ਨਹੀਂ ਹਟਾਉਂਦਾ, ਉਦੋਂ ਤੱਕ ਉਹ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਵਿੱਚ ਸ਼ਾਮਲ ਨਹੀਂ ਹੋਣਗੇ।



ਟਰੰਪ ਨੇ ਵਿਚੋਲਗੀ ਕਰ ਰਹੇ ਪਾਕਿਸਤਾਨ ਦੀ ਅਪੀਲ ਨੂੰ ਮੰਨਦੇ ਹੋਏ ਈਰਾਨ ਨਾਲ ਜੰਗਬੰਦੀ ਦੀ ਮਿਆਦ ਨੂੰ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਸ ਫੈਸਲੇ ਦਾ ਮਕਸਦ ਈਰਾਨ ਦੀ ਵੰਡੀ ਹੋਈ ਲੀਡਰਸ਼ਿਪ ਨੂੰ ਕੁਝ ਹੋਰ ਸਮਾਂ ਦੇਣਾ ਹੈ, ਤਾਂ ਜੋ ਉਹ ਜੰਗ ਨੂੰ ਖ਼ਤਮ ਕਰਨ ਲਈ ਇੱਕ ਸਾਂਝਾ ਅਤੇ ਇਕਜੁੱਟ ਸ਼ਾਂਤੀ ਪ੍ਰਸਤਾਵ ਤਿਆਰ ਕਰ ਸਕਣ। ਇਹ ਨਾਟਕੀ ਐਲਾਨ 8 ਅਪਰੈਲ ਨੂੰ ਸ਼ੁਰੂ ਹੋਈ ਦੋ ਹਫ਼ਤਿਆਂ ਦੀ ਜੰਗਬੰਦੀ ਦੇ ਖ਼ਤਮ ਹੋਣ ਤੋਂ ਮਹਿਜ਼ ਕੁਝ ਘੰਟੇ ਪਹਿਲਾਂ ਸਾਹਮਣੇ ਆਇਆ ਹੈ। ਟਰੰਪ ਨੇ ਸਪੱਸ਼ਟ ਕੀਤਾ ਕਿ ਅਮਰੀਕਾ ਈਰਾਨ 'ਤੇ ਹਮਲਾ ਕਰਨ ਤੋਂ ਉਦੋਂ ਤੱਕ ਗੁਰੇਜ਼ ਕਰੇਗਾ, ਜਦੋਂ ਤੱਕ ਉਸ ਦੀ ਲੀਡਰਸ਼ਿਪ ਗੱਲਬਾਤ ਲਈ ਇੱਕ ਸਾਂਝਾ ਪ੍ਰਸਤਾਵ ਪੇਸ਼ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਈਰਾਨ

• ਬਾਕੀ ਸਫਾ 2 'ਤੇ

## ਪੰਜਾਬ 'ਚ ਕਾਇਮ ਹੋਵੇਗਾ ਬਾਸਮਤੀ ਦਾ ਸੈਂਟਰ ਆਫ਼ ਐਕਸੀਲੈਂਸ : ਮਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਸੁਰਜੀਤ ਸੁਮਨ/ ਕ੍ਰਿਸ਼ਨ ਗਰਗ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੁਹਿਰਦ ਯਤਨਾਂ ਸਦਕਾ ਸੂਬੇ ਵਿੱਚ ਬਾਸਮਤੀ ਲਈ ਆਹਲਾ ਦਰਜੇ ਦਾ ਕੇਂਦਰ (ਸੈਂਟਰ ਆਫ ਐਕਸੀਲੈਂਸ) ਬਣੇਗਾ, ਜਿਸ ਨਾਲ ਸੂਬੇ ਵਿੱਚ ਫਸਲੀ ਵੰਨ-ਸੁਵੰਨਤਾ ਨੂੰ ਹੁਲਾਰਾ ਮਿਲੇਗਾ ਅਤੇ ਕਿਸਾਨਾਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਸਹਾਈ ਹੋਵੇਗਾ। ਨੀਦਰਲੈਂਡ ਦੇ ਦੌਰੇ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਖੇਤੀਬਾੜੀ ਤੇ ਉਦਯੋਗ ਵਿੱਚ ਸਭ ਤੋਂ ਵਧੀਆ ਅਭਿਆਸਾਂ ਦੀ ਪੜਚੋਲ ਕੀਤੀ, ਜਿਨ੍ਹਾਂ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਮੁੱਖ ਮੰਤਰੀ ਨੇ ਰੋਟਰਡੈਮ ਵਿੱਚ ਐਲਟੀ ਫੂਡਜ਼ ਦੀ ਸਹੂਲਤ ਦਾ ਦੌਰਾ ਕੀਤਾ, ਜਿੱਥੇ ਕੰਪਨੀ ਨੇ 80 ਤੋਂ ਵੱਧ ਦੇਸ਼ਾਂ ਵਿੱਚ ਆਪਣੀ ਮੌਜੂਦਗੀ ਅਤੇ ਇੱਕ ਲੱਖ ਤੋਂ ਵੱਧ ਕਿਸਾਨਾਂ ਨਾਲ ਮਜ਼ਬੂਤ ਸਬੰਧਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾ ਟਿਕਾਊ ਖੇਤੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਜਿਸ ਵਿੱਚ ਅੰਤਰਰਾਸ਼ਟਰੀ ਮਾਪਦੰਡਾਂ 'ਤੇ ਖਰਾ ਉਤਰਨ ਲਈ ਕੀਟਨਾਸ਼ਕਾਂ ਦੀ ਵਰਤੋਂ ਘਟਾਉਣਾ ਅਤੇ ਕੌਮਾਂਤਰੀ ਬਾਜ਼ਾਰ ਵਿੱਚ ਬਾਸਮਤੀ ਚੌਲਾਂ ਨੂੰ ਉਤਸ਼ਾਹਤ ਕਰਨਾ ਸ਼ਾਮਲ ਹੈ। ਮਾਨ ਦੇ ਯਤਨਾਂ ਸਦਕਾ ਐਲਟੀ ਫੂਡਜ਼ ਨੇ ਪੰਜਾਬ ਵਿੱਚ ਬਾਸਮਤੀ ਚੌਲਾਂ ਲਈ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕਰਨ ਲਈ ਹਾਮੀ ਭਰੀ ਅਤੇ ਯਕੀਨਨ ਖਰੀਦ ਤੇ ਕੀਟਨਾਸ਼ਕਾਂ ਦੀ ਘੱਟ ਵਰਤੋਂ ਨਾਲ ਕਾਸ਼ਤ ਦਾ ਭਰੋਸਾ ਦਿੱਤਾ।



ਮੁੱਖ ਮੰਤਰੀ ਨੇ ਖੋਜ ਤੇ ਟਿਕਾਊ ਖੇਤੀਬਾੜੀ ਅਭਿਆਸਾਂ ਲਈ ਡੱਚ ਬਹੁ-ਕੌਮੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦਰਮਿਆਨ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਵਕਾਲਤ ਕੀਤੀ। ਉਨ੍ਹਾ ਆਲਸਮੀਰ ਵਿਖੇ ਫਲੌਰੀਕਲਚਰ ਆਕਸ਼ਨ ਮਾਰਕੀਟ ਦਾ ਵੀ ਦੌਰਾ ਕੀਤਾ, ਜੋ ਕਿ ਦੁਨੀਆ ਦਾ

• ਬਾਕੀ ਸਫਾ 2 'ਤੇ

## ਵੈਸ਼ਨੋ ਦੇਵੀ ਮਾਤਾ ਦੇ ਦਰਬਾਰ 'ਚ ਚੜ੍ਹੇ ਚਾਂਦੀ ਦੇ ਗਹਿਣਿਆਂ 'ਚੋਂ ਸਿਰਫ਼ 5 ਫ਼ੀਸਦੀ ਅਸਲੀ

**ਜੰਮੂ** : ਮਾਤਾ ਵੈਸ਼ਨੋ ਦੇਵੀ ਮੰਦਰ ਵਿਖੇ ਸ਼ਰਧਾਲੂਆਂ ਵੱਲੋਂ ਚੜ੍ਹਾਈ ਗਈ ਚਾਂਦੀ ਵਿੱਚ ਵੱਡੇ ਪੱਧਰ 'ਤੇ ਮਿਲਾਵਟ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਰਿਪੋਰਟਾਂ ਅਨੁਸਾਰ, ਮੰਦਰ ਵਿੱਚ ਚੜ੍ਹਾਵੇ ਵਜੋਂ ਇਕੱਠੀ ਹੋਈ ਲੱਗਭੱਗ 20 ਟਨ ਚਾਂਦੀ 'ਚੋਂ ਕੇਵਲ ਪੰਜ ਤੋਂ ਛੇ ਫ਼ੀਸਦੀ ਹੀ ਅਸਲੀ ਚਾਂਦੀ ਪਾਈ ਗਈ ਹੈ। ਰਿਪੋਰਟਾਂ ਵਿੱਚ ਖ਼ੁਲਾਸਾ ਹੋਇਆ ਹੈ ਕਿ ਚਾਂਦੀ ਵਿੱਚ ਦੂਜੀਆਂ ਧਾਤਾਂ ਅਤੇ ਕੈਡਮੀਅਮ ਵਰਗੇ ਪਦਾਰਥਾਂ ਦੀ ਮਿਲਾਵਟ ਹੈ। ਜੇਕਰ ਇਹ ਚਾਂਦੀ ਪੂਰੀ ਤਰ੍ਹਾਂ ਸ਼ੁੱਧ ਹੁੰਦੀ, ਤਾਂ ਮੌਜੂਦਾ ਬਾਜ਼ਾਰੀ ਕੀਮਤਾਂ ਮੁਤਾਬਕ ਇਸ ਨਾਲ ਸ੍ਰੀ ਮਾਤਾ ਵੈਸ਼ਨੋ ਦੇਵੀ ਸ਼੍ਰਾਈਨ ਬੋਰਡ ਨੂੰ ਲੱਗਭੱਗ 500 ਕਰੋੜ ਰੁਪਏ ਮਿਲ ਸਕਦੇ ਸਨ। ਸ੍ਰੀ ਮਾਤਾ ਵੈਸ਼ਨੋ ਦੇਵੀ ਸ਼੍ਰਾਈਨ ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਸਚਿਨ ਕੁਮਾਰ ਵੈਸ਼ ਨੇ ਇਸ ਬਾਰੇ ਕਾਲ ਜਾਂ ਮੈਸੇਜ਼ ਦਾ ਕੋਈ ਜਵਾਬ ਨਹੀਂ ਦਿੱਤਾ। ਹਾਲਾਂਕਿ, ਇੱਕ ਹੋਰ ਅਧਿਕਾਰੀ ਨੇ ਦੱਸਿਆ ਕਿ ਦਾਨ ਵਿੱਚ ਆਏ ਸੋਨੇ ਅਤੇ ਚਾਂਦੀ ਵਿੱਚ ਮਿਲਾਵਟ ਹੋਣਾ ਕੋਈ ਨਵੀਂ ਗੱਲ ਨਹੀਂ ਹੈ, ਕਿਉਂਕਿ ਚੜ੍ਹਾਵੇ ਵਾਲੇ ਸੋਨੇ-ਚਾਂਦੀ ਦੇ ਅਸਲੀ ਹੋਣ ਦਾ ਪੂਰਾ ਭਰੋਸਾ ਨਹੀਂ ਹੁੰਦਾ, ਇਸ ਲਈ ਇਸ ਨੂੰ ਪਿਘਲਾਉਣ ਤੋਂ ਪਹਿਲਾਂ ਚੈੱਕ ਕੀਤਾ ਜਾਂਦਾ ਹੈ ਅਤੇ ਸੋਨੇ ਤੇ ਚਾਂਦੀ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ।

## ਬੇਅਦਬੀ ਰੋਕੂ ਕਾਨੂੰਨ ਨੂੰ ਹਾਈ ਕੋਰਟ 'ਚ ਚੁਣੌਤੀ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਮਾਮਲਿਆਂ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਦੇਣ ਲਈ ਲਿਆਂਦੇ ਗਏ ਨਵੇਂ ਕਾਨੂੰਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਜਲੰਧਰ ਦੇ ਰਹਿਣ ਵਾਲੇ 43 ਸਾਲਾ ਸਿਮਰਨਜੀਤ ਸਿੰਘ ਵੱਲੋਂ ਦਾਇਰ ਕੀਤੀ ਇਸ ਪਟੀਸ਼ਨ ਵਿੱਚ ਇਸ ਐਕਟ ਨੂੰ ਸੰਵਿਧਾਨਕ ਤੌਰ 'ਤੇ ਗਲਤ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਹਾਲਾਂਕਿ ਅਦਾਲਤ ਨੇ ਅਜੇ ਇਸ ਮਾਮਲੇ ਦੀ ਸੁਣਵਾਈ ਕਰਨੀ ਹੈ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਹੈ ਕਿ ਇਸ ਐਕਟ ਰਾਹੀਂ ਅਜਿਹੀਆਂ ਅਪਰਾਧਕ ਸਜ਼ਾਵਾਂ ਤੈਅ ਕੀਤੀਆਂ ਗਈਆਂ ਹਨ, ਜੋ 'ਸਮਵਰਤੀ ਸੂਚੀ' ਦੇ ਅਧੀਨ ਆਉਂਦੀਆਂ ਹਨ। ਸੰਵਿਧਾਨ ਦੀ ਧਾਰਾ 254(2) ਅਨੁਸਾਰ, ਜੇਕਰ ਕੋਈ ਸੂਬਾ ਕੇਂਦਰੀ ਕਾਨੂੰਨ (ਭਾਰਤੀ ਨਿਆਂ ਸੰਹਿਤਾ) ਨਾਲ ਮੇਲ ਨਹੀਂ ਖਾਂਦਾ, ਤਾਂ ਉਸ ਲਈ ਰਾਸ਼ਟਰਪਤੀ ਦੀ ਸਹਿਮਤੀ ਲਾਜ਼ਮੀ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਐਕਟ ਨੂੰ ਸਿਰਫ਼ ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਹੀ ਨੋਟੀਫਾਈ ਕਰ ਦਿੱਤਾ ਗਿਆ ਹੈ, ਜੋ ਕਿ ਕਾਨੂੰਨੀ ਤੌਰ 'ਤੇ ਨੁਕਸਦਾਰ ਹੈ। ਪਟੀਸ਼ਨ ਵਿੱਚ ਬਰਾਬਰੀ ਦੇ ਅਧਿਕਾਰ (ਧਾਰਾ 14) ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਇਹ ਕਾਨੂੰਨ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਲਈ ਸਖ਼ਤ ਸਜ਼ਾ ਦਾ ਪ੍ਰਬੰਧ ਕਰਦਾ ਹੈ ਅਤੇ ਹੋਰ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਇਸ ਤੋਂ ਬਾਹਰ ਰੱਖਦਾ ਹੈ। ਪਟੀਸ਼ਨਕਰਤਾ ਅਨੁਸਾਰ ਇਹ 'ਧਰਮ ਨਿਰਪੱਖਤਾ' ਦੇ ਸਿਧਾਂਤ ਦੇ ਖ਼ਿਲਾਫ਼ ਹੈ ਅਤੇ ਕਾਨੂੰਨ ਦੀ ਨਜ਼ਰ ਵਿੱਚ ਸਾਰਿਆਂ ਨੂੰ ਬਰਾਬਰ ਸਮਝਣ ਦੇ ਟੈਸਟ ਵਿੱਚ ਫੇਲ੍ਹ ਸਾਬਤ ਹੁੰਦਾ ਹੈ। ਐਕਟ ਦੀ ਧਾਰਾ 5(3) ਤਹਿਤ ਬੇਅਦਬੀ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਵੀ ਉਮਰ ਕੈਦ ਦੀ ਸਜ਼ਾ ਦਾ ਪ੍ਰਬੰਧ ਹੈ। ਪਟੀਸ਼ਨਕਰਤਾ ਨੇ ਇਸ ਨੂੰ 'ਮਨਮਾਨੀ' ਕਰਾਰ ਦਿੰਦਿਆਂ ਕਿਹਾ ਕਿ ਇਸ ਗੁਨਾਹ ਨੂੰ ਕਤਲ ਦੇ ਬਰਾਬਰ ਦੀ ਸਜ਼ਾ ਦੇਣਾ ਜਾਇਜ਼ ਨਹੀਂ ਹੈ। ਇਸ ਤੋਂ ਇਲਾਵਾ, ਬੇਅਦਬੀ ਦੀ ਪਰਿਭਾਸ਼ਾ ਵਿੱਚ 'ਸ਼ਬਦਾਂ, ਸੰਕੇਤਾਂ ਜਾਂ ਇਲੈਕਟ੍ਰਾਨਿਕ ਸਾਧਨਾਂ' ਨੂੰ ਸ਼ਾਮਲ ਕਰਨ 'ਤੇ ਵੀ ਇਤਰਾਜ਼ ਜਤਾਇਆ ਗਿਆ ਹੈ।

## ਸਿੰਘਾਪੁਰ ਦੀ ਜੈਨੀ ਨੇ ਦਰਬਾਰ ਸਾਹਿਬ ਵਿਖੇ ਸੇਵਾ ਕਰਕੇ ਮਨਾਇਆ ਜਨਮ ਦਿਨ



**ਅੰਮ੍ਰਿਤਸਰ** : ਸ੍ਰੀ ਦਰਬਾਰ ਸਾਹਿਬ ਦੇ ਬਾਹਰ ਹੈਰੀਟੇਜ ਸਟਰੀਟ 'ਤੇ 42 ਡਿਗਰੀ ਦੀ ਤਪਦੀ ਗਰਮੀ ਵਿੱਚ ਸਿਰ 'ਤੇ ਪਟਕਾ ਸਜਾ ਕੇ ਜਲ ਛਕਾਉਣ ਦੀ ਸੇਵਾ ਕਰ ਰਹੀ ਬਲਵਿੰਦਰ ਕੌਰ ਅਸਲ ਵਿੱਚ ਸਿੰਗਾਪੁਰ ਦੀ ਰਹਿਣ ਵਾਲੀ ਹੈ, ਜਿਸ ਦਾ ਪਹਿਲਾ ਨਾਂਅ ਜੈਨੀ ਯਿੰਗ ਸੀ। ਤਾਇਵਾਨੀ ਮੂਲ ਦੀ ਜੈਨੀ ਨੇ ਪਟਿਆਲਾ ਦੇ ਗੁਰਦੀਪ ਸਿੰਘ ਨਾਲ ਵਿਆਹ ਤੋਂ ਬਾਅਦ ਸਿੱਖ ਧਰਮ ਅਪਣਾ ਲਿਆ ਸੀ ਅਤੇ ਹੁਣ ਉਹ ਮੰਦਾਰਿਨ, ਅੰਗਰੇਜ਼ੀ ਅਤੇ ਪੰਜਾਬੀ ਦਾ ਮਿਸ਼ਰਣ ਬੋਲਦੀ ਹੈ। ਇਹ ਜੋੜਾ ਅੰਮ੍ਰਿਤਸਰ ਵਿੱਚ ਜੈਨੀ ਦਾ ਜਨਮ ਦਿਨ ਮਨਾਉਣ ਆਇਆ ਹੈ, ਜੋ ਕਿ 23 ਅਪਰੈਲ ਨੂੰ ਹੁੰਦਾ ਹੈ। ਜੈਨੀ ਦਾ ਕਹਿਣਾ ਹੈ ਕਿ ਸਿੱਖੀ ਜੀਵਨ ਜਾਚ ਉਸ ਨੂੰ ਆਤਮਿਕ ਸ਼ਾਂਤੀ ਦਿੰਦੀ ਹੈ ਅਤੇ ਉਹ ਪੰਜਾਬ ਦੇ ਲੋਕਾਂ ਦੇ ਪਿਆਰ ਅਤੇ ਸਿੱਖ ਸੱਭਿਆਚਾਰ ਕਾਰਨ ਇੱਥੇ ਹੀ ਵਸ ਗਈ। ਉਸ ਦਾ ਮੰਨਣਾ ਹੈ ਕਿ 'ਵਾਹਿਗੁਰੂ' ਦੇ ਨਾਮ ਤੋਂ ਵੱਧ ਸ਼ਕਤੀਸ਼ਾਲੀ ਕੁਝ ਵੀ ਨਹੀਂ।

## ਨੇਪਾਲੀ ਗ੍ਰਿਹ ਮੰਤਰੀ ਨੇ 26 ਦਿਨਾਂ 'ਚ ਹੀ ਅਹੁਦਾ ਛੱਡਿਆ



**ਕਾਠਮੰਡੂ** : ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ 'ਤੇ ਨੇਪਾਲ ਦੇ ਗ੍ਰਿਹ ਮੰਤਰੀ ਸੁਧਨ ਗੁਰੁੰਗ ਨੇ ਇਖਲਾਕੀ ਆਧਾਰ 'ਤੇ ਅਸਤੀਫਾ ਦੇ ਦਿੱਤਾ ਹੈ। ਮਸਾਂ 26 ਦਿਨ ਪਹਿਲਾਂ ਮੰਤਰੀ ਬਣੇ ਗੁਰੁੰਗ 'ਤੇ ਸਟਾਰ ਮਾਈਕਰੋ ਇੰਸ਼ੋਰੈਂਸ ਕੰਪਨੀ ਵਿੱਚ ਸ਼ੱਕੀ ਤੌਰ 'ਤੇ ਨਿਵੇਸ਼ ਕਰਨ ਅਤੇ ਵਿਵਾਦਤ ਕਾਰੋਬਾਰੀ ਦੀਪਕ ਭੱਟਾ ਨਾਲ ਕਥਿਤ ਵਪਾਰਕ ਹਿੱਸੇਦਾਰੀ ਦੇ ਦੋਸ਼ ਲੱਗੇ ਹਨ। ਭੱਟਾ ਇੰਸ਼ੋਰੈਂਸ ਕੰਪਨੀ ਦਾ ਹਿੱਸੇਦਾਰ ਹੈ। ਗੁਰੁੰਗ ਨੇ ਕਿਹਾ ਹੈ, 'ਜਿਹੜੇ ਲੋਕ ਰਾਮ ਰਾਜ ਦੀ ਉਮੀਦ ਕਰਦੇ ਹਨ, ਉਨ੍ਹਾਂ ਵਿੱਚ ਤਿਆਗ ਦਾ ਹੌਸਲਾ ਤੇ ਇਖਲਾਕੀ ਸ਼ਕਤੀ ਵੀ ਹੋਣੀ ਚਾਹੀਦੀ ਹੈ।'

## ਟ੍ਰੈਫਿਕ ਜਾਮ ਹੋਣ 'ਤੇ ਮੰਤਰੀ ਨੂੰ ਮਰਦਾਨੀ ਬਣ ਕੇ ਟੱਕਰੀ



**ਮੁੰਬਈ** : ਇੱਥੋਂ ਦੇ ਵਰਲੀ ਇਲਾਕੇ ਵਿੱਚ ਭਾਜਪਾ ਦੀ ਜਨ ਆਕ੍ਰੋਸ਼ ਰੈਲੀ ਦੌਰਾਨ ਮੰਗਲਵਾਰ ਭਾਰੀ ਟ੍ਰੈਫਿਕ ਜਾਮ ਵਿੱਚ ਫਸੀ ਮੁਟਿਆਰ ਨੇ ਮਹਾਰਾਸ਼ਟਰ ਦੇ ਭਾਜਪਾ ਮੰਤਰੀ ਗਿਰੀਸ਼ ਮਹਾਜਨ ਨੂੰ ਖੂਬ ਖਰੀਆਂ-ਖੋਟੀਆਂ ਸੁਣਾਈਆਂ। ਮਹਿਲਾਵਾਂ ਨੂੰ 33 ਫੀਸਦੀ ਰਿਜ਼ਰਵੇਸ਼ਨ ਦਾ ਬਿੱਲ ਲੋਕ ਸਭਾ ਵਿੱਚ ਡਿੱਗ ਜਾਣ 'ਤੇ ਭਾਜਪਾ ਦੀ ਅਗਵਾਈ ਵਾਲੇ ਮਹਾਯੁਤੀ ਗੱਠਜੋੜ ਵੱਲੋਂ ਜੰਬੂਰੀ ਮੈਦਾਨ ਤੋਂ ਐੱਨ ਐੱਸ ਸੀ ਆਈ ਡੋਮ ਤੱਕ ਰੋਸ ਮਾਰਚ ਕੱਢਿਆ ਜਾ ਰਿਹਾ ਸੀ। ਆਪਣੇ ਬੱਚੇ ਨੂੰ ਲੈਣ ਜਾ ਰਹੀ ਮੁਟਿਆਰ ਟ੍ਰੈਫਿਕ ਜਾਮ ਵਿੱਚ ਫਸ ਗਈ। ਇਸ ਤੋਂ ਬਾਅਦ ਉਹ ਆਪਣੀ ਗੱਡੀ ਤੋਂ ਬਾਹਰ ਨਿਕਲੀ ਅਤੇ ਸੜਕ ਜਾਮ ਨੂੰ ਲੈ ਕੇ ਮਹਾਜਨ ਤੇ ਪੁਲਸ ਅਧਿਕਾਰੀਆਂ ਨਾਲ ਭਿੜ ਪਈ। ਉਸ ਨੇ ਚੀਕ ਕੇ ਕਿਹਾ—ਇੱਥੋਂ ਦਫਾ ਹੋ ਜਾਓ। ਤੁਸੀਂ ਟ੍ਰੈਫਿਕ ਜਾਮ ਕਰ ਰਹੇ ਹੋ। ਸੜਕਾਂ ਰੋਕਣ ਦੀ ਬਜਾਏ ਰੈਲੀ ਨੇੜਲੇ ਖੁੱਲ੍ਹੇ ਮੈਦਾਨ ਵਿੱਚ ਕਿਉਂ ਨਹੀਂ ਕਰ ਸਕਦੇ। ਮੰਤਰੀ ਨੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੁਟਿਆਰ ਨੇ ਆਪਣਾ ਗੁੱਸਾ ਜਾਰੀ ਰੱਖਿਆ ਤੇ ਕਿਹਾ, 'ਕੀ ਤੁਹਾਨੂੰ ਸਮਝ ਨਹੀਂ ਆਈ? ਤੁਹਾਨੂੰ ਕੀ ਹੋ ਗਿਆ ਹੈ? ਸੈਂਕੜੇ ਲੋਕ ਫਸੇ ਪਏ ਹਨ।' ਘਟਨਾ ਤੋਂ ਬਾਅਦ ਜਲ ਸਰੋਤ ਮੰਤਰੀ ਗਿਰੀਸ਼ ਮਹਾਜਨ ਨੇ ਪੱਤਰਕਾਰਾਂ ਨੂੰ ਕਿਹਾ, 'ਉਹ ਔਰਤ ਟ੍ਰੈਫਿਕ ਵਿੱਚ ਫਸਣ ਕਾਰਨ ਨਿਰਾਸ਼ ਸੀ। ਮੈਂ ਹੋਰ ਜਾਣਕਾਰੀ ਲਵਾਂਗਾ ਅਤੇ ਇਸ 'ਤੇ ਬਾਅਦ ਵਿੱਚ ਗੱਲ ਕਰਾਂਗਾ।' ਰੈਲੀ ਵਿੱਚ ਮਹਾਜਨ ਨੇ ਕਿਹਾ, 'ਅੱਜ, ਕਾਂਗਰਸ ਦੇ ਖਿਲਾਫ ਮਹਿਲਾ ਸ਼ਕਤੀ ਸੜਕਾਂ 'ਤੇ ਉਤਰ ਆਈ ਹੈ। ਦੇਸ਼ ਭਰ ਵਿੱਚ ਮਹਿਲਾ ਸ਼ਕਤੀ ਹਮਲਾਵਰ ਹੈ। ਕਾਂਗਰਸ ਨੇ ਜਿਸ ਤਰ੍ਹਾਂ ਬਿੱਲ ਦਾ ਵਿਰੋਧ ਕੀਤਾ, ਉਸ ਨਾਲ ਔਰਤਾਂ ਵਿੱਚ ਬਹੁਤ ਗੁੱਸਾ ਹੈ।' ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਹਰਸ਼ਵਰਧਨ ਸਪਕਲ ਨੇ ਮੁਟਿਆਰ ਵਾਲੀ ਵੀਡੀਓ ਕਲਿੱਪ ਸਾਂਝੀ ਕਰਕੇ ਦੋਸ਼ ਲਾਇਆ ਕਿ ਮਹਿਲਾ ਰਿਜ਼ਰਵੇਸ਼ਨ 'ਤੇ ਭਾਜਪਾ ਦੀ ਮੁਹਿੰਮ ਨੇ ਇਸ ਦਾ ਅਸਲੀ ਚਿਹਰਾ ਨੰਗਾ ਕਰ ਦਿੱਤਾ ਹੈ। ਉਨ੍ਹਾ ਸੱਤਾਧਾਰੀ ਪਾਰਟੀ 'ਤੇ ਸਿਆਸੀ ਲਾਭ ਲਈ ਔਰਤਾਂ ਨੂੰ ਗੁੰਮਰਾਹ ਕਰਨ ਅਤੇ ਝੂਠੀ ਕਹਾਣੀ ਬਣਾਉਣ ਲਈ ਇਸ ਮੁੱਦੇ ਦੀ ਵਰਤੋਂ ਕਰਨ ਦਾ ਦੋਸ਼ ਲਾਇਆ।

ਮਹਾਰਾਸ਼ਟਰ ਕਾਂਗਰਸ ਦੇ ਸਾਬਕਾ ਪ੍ਰਧਾਨ ਨਾਨਾ ਪਟੋਲੇ ਨੇ ਕਿਹਾ ਕਿ ਭਾਜਪਾ ਦੇ ਡਰਾਮੇ ਕਾਰਨ ਆਮ ਨਾਗਰਿਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਦਾਅਵਾ ਕੀਤਾ ਕਿ ਮੁਟਿਆਰ ਦਾ ਗੁੱਸਾ ਵਧਦੀ ਜਨਤਕ ਨਿਰਾਸ਼ਾ ਨੂੰ ਦਰਸਾਉਂਦਾ ਹੈ। ਕਾਂਗਰਸੀ ਸਾਂਸਦ ਅਤੇ ਮੁੰਬਈ ਕਾਂਗਰਸ ਦੀ ਪ੍ਰਧਾਨ ਵਰਸ਼ਾ ਗਾਇਕਵਾੜ ਨੇ ਕਿਹਾ, 'ਮੁਟਿਆਰ ਪਿੱਛੇ ਨਹੀਂ ਹਟੀ! ਆਮ ਲੋਕ ਹੁਣ ਭਾਜਪਾ ਦੀ ਈਵੈਂਟਬਾਜ਼ੀ ਨੂੰ ਜਾਣਦੇ ਹਨ! ਮੁਟਿਆਰ ਬੱਚੇ ਨੂੰ ਲੈਣ ਜਾ ਰਹੀ ਸੀ, ਪਰ ਭਾਜਪਾ ਵੱਲੋਂ ਸੜਕ ਜਾਮ ਕਰਨ ਕਾਰਨ ਘੰਟਿਆਂਬੱਧੀ ਫਸੀ ਰਹੀ। ਕੀ ਸੜਕਾਂ ਨੂੰ ਰੋਕਣਾ ਅਤੇ ਮਹਿਲਾ ਰਿਜ਼ਰਵੇਸ਼ਨ 'ਤੇ ਝੂਠੀ ਕਹਾਣੀ ਫੈਲਾਉਣ ਲਈ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਭਾਜਪਾ ਦੀ ਸੰਸਕ੍ਰਿਤੀ ਹੈ? ਮੁੰਬਈ ਦੀ ਆਮ ਮੁਟਿਆਰ ਨੇ ਭਾਜਪਾ ਮੰਤਰੀ ਅਤੇ ਵਰਕਰਾਂ ਨੂੰ ਚਲੇ ਜਾਣ ਲਈ ਕਿਹਾ ਅਤੇ ਉਨ੍ਹਾਂ ਨੂੰ ਅਸਲੀਅਤ ਦਿਖਾਈ। ਇਹੀ ਸੱਚੀ ਮਹਿਲਾ ਸ਼ਕਤੀ ਹੈ। ਪ੍ਰਚਾਰ ਲਈ ਮੁੰਬਈ ਨੂੰ ਪ੍ਰੇਸ਼ਾਨ ਕਰਨਾ ਬੰਦ ਕਰੋ। ਇੱਕ ਪਾਸੇ ਤੁਸੀਂ ਔਰਤਾਂ ਦਾ ਸਤਿਕਾਰ ਕਰਨ ਦੀ ਗੱਲ ਕਰਦੇ ਹੋ ਅਤੇ ਦੂਜੇ ਪਾਸੇ ਤੁਸੀਂ ਆਪਣੇ ਸਿਆਸੀ ਸਮਾਗਮਾਂ ਲਈ ਸੜਕਾਂ ਰੋਕਦੇ ਹੋ। ਇੱਕ ਬਹਾਦਰ ਮੁਟਿਆਰ ਨੇ ਅਜਿਹੀ ਸਿਆਸਤ ਦਾ ਸਖ਼ਤ ਜਵਾਬ ਦਿੱਤਾ ਹੈ।' ਸੰਵਿਧਾਨ (131ਵੀਂ ਸੋਧ) ਬਿੱਲ, 2026, 17 ਅਪ੍ਰੈਲ ਨੂੰ ਲੋਕ ਸਭਾ ਵਿੱਚ ਲੋੜੀਂਦੇ ਦੋ-ਤਿਹਾਈ ਬਹੁਮਤ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਭਾਜਪਾ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵਿਰੁੱਧ ਪ੍ਰੋਟੈਸਟ ਕਰ ਰਹੀ ਹੈ। ਵਿਰੋਧੀ ਪਾਰਟੀਆਂ ਨੇ ਦਲੀਲ ਦਿੱਤੀ ਹੈ ਕਿ ਪ੍ਰਸਤਾਵਤ ਕਾਨੂੰਨ ਭਵਿੱਖ ਵਿੱਚ ਹੱਦਬੰਦੀ ਅਭਿਆਸ ਨਾਲ ਜੁੜਿਆ ਹੋਇਆ ਸੀ ਤੇ ਦੱਖਣੀ ਰਾਜਾਂ ਦੀ ਸੰਸਦੀ ਪ੍ਰਤੀਨਿਧਤਾ ਨੂੰ ਘਟਾ ਸਕਦਾ ਸੀ, ਜਿਸ ਕਰਕੇ ਉਨ੍ਹਾਂ ਵਿਰੋਧ ਕੀਤਾ।

## ਪ੍ਰੀਤੀ ਜ਼ਿੰਟਾ ਨੇ ਹਰਗੁਣ ਸਿੰਘ ਦਾ ਗੋਲਡ ਮੈਡਲ ਨਾਲ ਕੀਤਾ ਸਨਮਾਨ



**ਚੰਡੀਗੜ੍ਹ** : ਮਸ਼ਹੂਰ ਬਾਲੀਵੁੱਡ ਅਭਿਨੇਤਰੀ ਅਤੇ ਆਈ ਪੀ ਐੱਲ ਟੀਮ 'ਕਿੰਗਜ਼ ਇਲੈਵਨ ਪੰਜਾਬ' ਦੀ ਸਹਿ-ਮਾਲਕ ਪ੍ਰੀਤੀ ਜ਼ਿੰਟਾ ਵੱਲੋਂ ਬਰਨਾਲਾ ਦੇ ਰਹਿਣ ਵਾਲੇ ਅਤੇ ਵਾਈ.ਐੱਸ. ਸਕੂਲ ਹੰਡਿਆਇਆ ਦੀ ਯੂ.ਕੇ.ਜੀ. ਕਲਾਸ ਵਿੱਚ ਪੜ੍ਹਨ ਵਾਲੇ ਹਰਗੁਣ ਸਿੰਘ ਧਾਲੀਵਾਲ ਪੁੱਤਰ ਧਰਮਿੰਦਰ ਸਿੰਘ ਧਾਲੀਵਾਲ ਨੂੰ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਚੰਡੀਗੜ੍ਹ ਦੇ ਖੇਡ ਸਟੇਡੀਅਮ ਵਿੱਚ ਆਈ ਪੀ ਐੱਲ ਮੈਚ ਦੌਰਾਨ ਗੋਲਡ ਮੈਡਲ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪੰਜ ਸਾਲ ਦੇ ਹਰਗੁਣ ਸਿੰਘ ਧਾਲੀਵਾਲ ਨੇ ਪੰਜਾਬ ਅੰਦਰ ਆਏ ਹੜ੍ਹਾਂ ਦੌਰਾਨ ਆਪਣੀ ਜਮ੍ਹਾਂ ਰਾਸ਼ੀ ਵਾਲੀ ਗੋਲਕ ਪੰਜਾਬ ਸਰਕਾਰ ਨੂੰ ਹੜ੍ਹ ਪੀੜਤਾਂ ਲਈ ਸੌਂਪੀ ਸੀ। ਇਹ ਖਬਰ ਸੋਸ਼ਲ ਮੀਡੀਆ ਰਾਹੀਂ ਦੇਸ਼ ਦੁਨੀਆ ਅੰਦਰ ਬਹੁਤ ਵਾਇਰਲ ਹੋਈ ਸੀ। ਪ੍ਰੀਤੀ ਜ਼ਿੰਟਾ ਦੀ ਟੀਮ ਵੱਲੋਂ ਹਰਗੁਣ ਸਿੰਘ ਧਾਲੀਵਾਲ ਨਾਲ ਪਿਛਲੇ ਕਈ ਮਹੀਨਿਆਂ ਤੋਂ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਹਰਗੁਣ ਸਿੰਘ ਤੇ ਉਸ ਦੇ ਪਰਵਾਰਕ ਮੈਂਬਰਾਂ ਲਈ ਪ੍ਰੀਤੀ ਜ਼ਿੰਟਾ ਦੀ ਪ੍ਰਬੰਧਕ ਟੀਮ ਵੱਲੋਂ ਬਰਨਾਲਾ ਤੋਂ ਚੰਡੀਗੜ੍ਹ ਆਉਣ-ਜਾਣ, ਰਹਿਣ ਸਮੇਤ ਸਾਰੇ ਪ੍ਰਬੰਧ ਕੀਤੇ ਗਏ। ਖੇਡ ਸਟੇਡੀਅਮ ਵਿੱਚ ਪ੍ਰੀਤੀ ਜ਼ਿੰਟਾ ਦੇ ਸਪੈਸ਼ਲ ਵੀ.ਆਈ.ਪੀ ਬਾਕਸ ਵਿੱਚ ਹਰਗੁਣ ਸਿੰਘ ਨੇ ਸਮੇਤ ਪਰਵਾਰ ਨਾਲ ਬੈਠ ਕੇ ਮੈਚ ਦਾ ਆਨੰਦ ਮਾਣਿਆ। ਜਿੱਥੇ ਬਾਲੀਵੁੱਡ ਸਟਾਰ ਅਰਜਨ ਰਾਮਪਾਲ, ਹਿੰਦੀ ਫਿਲਮ ਦੇ ਡਾਇਰੈਕਟਰਾਂ ਤੋਂ ਇਲਾਵਾ ਪੰਜਾਬੀ ਅਭਿਨੇਤਰੀ ਸੋਨਮ ਬਾਜਵਾ, ਪੰਜਾਬੀ ਗਾਇਕ ਜਸਵੀਰ ਸਿੰਘ ਜੱਸੀ, ਪੰਜਾਬੀ ਗਾਇਕ ਕੁਲਵਿੰਦਰ ਬਿੱਲਾ ਮੌਜੂਦ ਸਨ। ਇਸ ਮੌਕੇ ਹਰਗੁਣ ਸਿੰਘ ਦੇ ਪਿਤਾ ਅਤੇ ਮਾਤਾ ਸਿਮਰਨ ਅਤੇ ਦਾਦਾ ਸਾਧੂ ਸਿੰਘ ਧਾਲੀਵਾਲ ਨੇ ਬਾਲੀਵੁੱਡ ਅਭਿਨੇਤਰੀ ਪ੍ਰੀਤੀ ਜ਼ਿੰਟਾ ਦਾ ਦਿਲੋਂ ਧੰਨਵਾਦ ਕਰਦੇ ਕਿਹਾ ਕਿ ਹਿਮਾਚਲ ਦੀ ਧੀ ਵੱਲੋਂ ਉਹਨਾਂ ਦੇ ਬੱਚੇ ਨੂੰ ਬਹੁਤ ਪਿਆਰ ਮਿਲਿਆ।

## ਗਰਮੀ ਵਧਣ ਕਾਰਨ ਬਿਜਲੀ ਦੀ ਮੰਗ 10 ਹਜ਼ਾਰ ਮੈਗਾਵਾਟ ਤੋਂ ਟੱਪੀ

**ਪਟਿਆਲਾ** : ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਤੋਂ ਵਧ ਰਹੀ ਗਰਮੀ ਕਾਰਨ ਆਮ ਜਨ-ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਤਿੱਖੀ ਧੁੱਪ ਅਤੇ ਵਧਦੇ ਤਾਪਮਾਨ ਕਾਰਨ ਲੋਕਾਂ ਦਾ ਦਿਨ ਵੇਲੇ ਘਰੋਂ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ ਹੈ। ਤਾਪਮਾਨ ਵਿੱਚ ਹੋ ਰਹੇ ਲਗਾਤਾਰ ਵਾਧੇ ਕਾਰਨ ਪਾਵਰਕੌਮ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ। ਮੰਗਲਵਾਰ ਨੂੰ ਸੂਬੇ ਵਿੱਚ ਬਿਜਲੀ ਦੀ ਮੰਗ 10,396 ਮੈਗਾਵਾਟ ਤੱਕ ਪਹੁੰਚ ਗਈ। ਸ਼ਾਮ ਵੇਲੇ ਇਹ ਘਟ ਕੇ 8,500 ਮੈਗਾਵਾਟ ਰਹਿ ਗਈ ਸੀ, ਪਰ ਰਾਤ ਹੁੰਦਿਆਂ ਹੀ ਇਸ ਵਿੱਚ ਮੁੜ ਉਛਾਲ ਦੇਖਣ ਨੂੰ ਮਿਲਿਆ। ਅੰਕੜਿਆਂ ਮੁਤਾਬਕ ਸਾਲ 2024 ਵਿੱਚ ਅੱਜ ਦੇ ਦਿਨ ਬਿਜਲੀ ਦੀ ਮੰਗ 8,000 ਮੈਗਾਵਾਟ ਅਤੇ ਸਾਲ 2025 ਵਿੱਚ 9,430 ਮੈਗਾਵਾਟ ਸੀ। ਪਿਛਲੇ ਸਾਲ ਬਿਜਲੀ ਦੀ ਵੱਧ ਤੋਂ ਵੱਧ ਮੰਗ 17,233 ਮੈਗਾਵਾਟ ਦਰਜ ਹੋਈ ਸੀ, ਜਿਸ ਰਿਕਾਰਡ ਦੇ ਇਸ ਵਾਰ ਟੁੱਟਣ ਦੀ ਸੰਭਾਵਨਾ ਹੈ।

## ਗਰੁੱਪ-ਡੀ ਮੁਲਾਜ਼ਮਾਂ ਨੂੰ ਕਣਕ ਲਈ ਵਿਆਜ ਮੁਕਤ ਕਰਜ਼ਾ ਸਹੂਲਤ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁਲਾਜ਼ਮਾਂ ਦੀ ਭਲਾਈ ਵੱਲ ਇੱਕ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਨੇ ਸੂਬੇ ਭਰ ਦੇ ਗਰੁੱਪ-ਡੀ ਮੁਲਾਜ਼ਮਾਂ ਲਈ ਕਣਕ ਦੀ ਖਰੀਦ ਵਾਸਤੇ ਵਿਆਜ ਮੁਕਤ ਕਰਜ਼ੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਤਾਂ ਜੋ ਘਰੇਲੂ ਖਪਤ ਦੀਆਂ ਜ਼ਰੂਰੀ ਲੋੜਾਂ ਲਈ ਵਿੱਤੀ ਸਹਾਇਤਾ ਯਕੀਨੀ ਬਣਾਈ ਜਾ ਸਕੇ। ਇਸ ਫੈਸਲੇ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਯੋਗ ਗਰੁੱਪ-ਡੀ ਮੁਲਾਜ਼ਮਾਂ ਨੂੰ ਖਾਸ ਤੌਰ 'ਤੇ ਕਣਕ ਦੀ ਖਰੀਦ ਲਈ ਘੱਟੋ-ਘੱਟ 10,340 ਰੁਪਏ ਦੀ ਵਿਆਜ ਮੁਕਤ ਕਰਜ਼ਾ ਰਾਸ਼ੀ ਪ੍ਰਦਾਨ ਕਰਨਾ ਯਕੀਨੀ ਕੀਤਾ ਜਾਵੇ। ਇਹ ਵਿੱਤੀ ਸਹਾਇਤਾ ਪ੍ਰਤੀ ਪਰਿਵਾਰ ਔਸਤਨ ਚਾਰ ਕੁਇੰਟਲ ਕਣਕ ਦੀ ਖਪਤ ਦੇ ਤੈਅ ਮਾਪਦੰਡ 'ਤੇ ਆਧਾਰਿਤ ਹੈ। ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਇਹ ਮੁਲਾਜ਼ਮ 29 ਮਈ, 2026 ਤੱਕ ਸਰਕਾਰੀ ਖਜ਼ਾਨੇ ਵਿੱਚੋਂ ਕਰਜ਼ੇ ਦੀ ਇਸ ਰਕਮ ਨੂੰ ਕਢਵਾਉਣ ਦੇ ਅਧਿਕਾਰਤ ਹੋਣਗੇ। ਇਸ ਵਾਸਤੇ ਵਿੱਤੀ ਸਾਲ 2026-27 ਲਈ 15 ਕਰੋੜ ਰੁਪਏ ਦੇ ਵਿਸ਼ੇਸ਼ ਬਜਟ ਦੀ ਵਿਵਸਥਾ ਕੀਤੀ ਗਈ ਹੈ।

## ਅੱਜ-ਨਾਮਾ

ਫਿਰ ਤੋਂ ਸੈਂਪਲ ਦਵਾਈ ਦੇ ਫੇਲ੍ਹ ਨਿਕਲੇ,
ਪੈ ਗਈ ਫੇਰ ਹੈ ਮੁਲਕ ਵਿੱਚ ਖੱਪ ਬੇਲੀ।
ਤੀਸਰੇ ਨੰਬਰ ਦੇ ਉੱਤੇ ਪੰਜਾਬ ਆਇਆ,
ਗੁਜਰਾਤ ਏਦੂੰ ਵੀ ਗਿਆ ਈ ਟੱਪ ਬੇਲੀ।
ਉੱਤਰਾ ਖੰਡ ਵਿੱਚ ਇਨ੍ਹਾਂ ਤੋਂ ਹਾਲ ਮਾੜਾ,
ਹੋਣਾ ਈ ਆਖਰ ਸਭ ਮਾਮਲਾ ਠੱਪ ਬੇਲੀ।
ਸਭ ਤੋਂ ਵੱਧ ਹਿਮਾਚਲ ਬਦਨਾਮ ਕਹਿੰਦੇ,
ਮਾੜਾ ਵੀ ਏਨਾ ਕਿ ਜਿੱਦਾਂ ਦੀ ਗੱਪ ਬੇਲੀ।
ਦਵਾਈ ਗਲਤ ਦੀ ਕਈ ਵਾਰ ਗੱਲ ਚੱਲੀ,
ਸਾਰੀ ਖਬਰ ਫਿਰ ਕੂੜੇ ਵਿੱਚ ਜਾਏ ਬੇਲੀ।
ਗਲਤ ਮਾਲ ਜਿਸ ਰਾਜ ਵਿੱਚ ਬਣੀ ਜਾਵੇ,
ਕਿਉਂ ਨਾ ਹਾਕਮਾਂ ਨੂੰ ਸ਼ਰਮ ਆਏ ਬੇਲੀ।

-ਤੀਸ ਮਾਰ ਖਾਂ

## ਲੈਨਿਨ ਜਨਮ ਦਿਹਾੜੇ ਮੌਕੇ ਨੌਜਵਾਨਾਂ 'ਚ ਸਿੱਖਿਆ ਮੁਹਿੰਮ 'ਤੇ ਜ਼ੋਰ



**ਜਲੰਧਰ** : ਦੁਨੀਆ ਭਰ ਦੇ ਲੋਕਾਂ ਅੱਗੇ ਅਮਲੀ ਤੌਰ 'ਤੇ ਮਾਰਕਸੀ ਫ਼ਲਸਫ਼ੇ ਨੂੰ ਲਾਗੂ ਕਰਨ, ਸਮਾਜਵਾਦੀ, ਅੱਗੇ ਚੱਲ ਕੇ ਜਮਾਤ ਰਹਿਤ ਕਮਿਊਨਿਜ਼ਮ ਸਮਾਜ ਦੀ ਸਿਰਜਣਾ ਵੱਲ ਕਦਮ ਵਧਾਰੇ ਦੇ ਮਾਰਗ-ਦਰਸ਼ਕ, ਚਿੰਤਕ ਅਤੇ ਮਜ਼ਦੂਰ ਜਮਾਤ ਦੇ ਰਾਜ ਦੇ ਸੰਸਥਾਪਕ ਵਲਾਦੀਮੀਰ ਇਲੀਚ ਲੈਨਿਨ ਦੇ ਜਨਮ ਦਿਹਾੜੇ (22 ਅਪ੍ਰੈਲ 1870) ਮੌਕੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਵਿਸ਼ੇਸ਼ ਕਰਕੇ ਵਿਦਿਆਰਥੀਆਂ, ਨੌਜਵਾਨਾਂ ਨਾਲ ਵਿਚਾਰ-ਚਰਚਾ ਕੀਤੀ ਗਈ। ਅਜੋਕੇ ਸਮੇਂ ਦੇ ਤਿੱਖੜੇ ਮੁੱਦਿਆਂ ਅਤੇ ਵਿਗਿਆਨਕ ਚੇਤਨਾ 'ਤੇ ਨਿਰੰਤਰ ਮੁਹਿੰਮ 'ਤੇ ਜੋਰ ਦਿੱਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ (ਡਾ.), ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਸ ਵਿਚਾਰ-ਚਰਚਾ 'ਚ ਨੌਜਵਾਨ ਪੀੜ੍ਹੀ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਦੇ ਕੌਮਾਂਤਰੀ ਹਾਲਾਤ ਅੰਦਰ ਜੰਗਬਾਜ਼, ਫ਼ਿਰਕੂ ਫਾਸ਼ੀ, ਨਸਲਘਾਤੀ ਧਾੜਵੀ ਸੰਸਾਰ ਭਰ ਦੇ ਕੁਦਰਤੀ ਮਾਲ ਖ਼ਜ਼ਾਨਿਆਂ ਨੂੰ ਹੜੱਪਣ ਲਈ ਹਲ਼ਕੇ ਫ਼ਿਰਦੇ ਕਾਰਪੋਰੇਟ ਘਰਾਣਿਆਂ ਦੇ ਰਾਜਨੀਤਕ ਸੇਵਾਦਾਰ ਸਥਾਪਤ ਕਾਇਦੇ ਕਾਨੂੰਨਾਂ ਦੀ ਮਿੱਟੀ ਪਲੀਤ ਕਰਕੇ ਰਾਜਭਾਗ ਦਾ ਸ਼ਿਕੰਜਾ ਕੱਸਣ ਲਈ ਜੰਗਾਂ ਦਾ ਸਹਾਰਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੌਰ ਅੰਦਰ ਲੈਨਿਨ ਦੀ ਵਿਧਾਰਧਾਰਾ, ਸਿੱਖਿਆਵਾਂ ਅਤੇ ਨੀਤੀਆਂ ਦੀ ਪ੍ਰਸੰਗਕਤਾ ਹੋਰ ਵੀ ਉਘੜ ਕੇ ਸਾਹਮਣੇ ਆ ਰਹੀ ਹੈ।

ਬੁਲਾਰਿਆਂ ਕਿਹਾ ਕਿ ਫ਼ਲਸਤੀਨੀ ਲੋਕਾਂ ਦਾ ਨਸਲਘਾਤ, ਉਹਨਾਂ ਦੀ ਧਰਤੀ ਹੜੱਪਣ, ਈਰਾਨ, ਲਿਬਨਾਨ, ਵੈਨੇਜ਼ੁਏਲਾ ਆਦਿ ਮੁਲਕਾਂ ਉਪਰ ਹਮਲੇ, ਸਿੱਧੀ ਦਖ਼ਲ-ਅੰਦਾਜ਼ੀ, ਸਮੁੰਦਰਾਂ ਨੂੰ ਅੱਗ ਦੇ ਹਵਾਲੇ ਕਰਨ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ ਤੇ ਸ਼ਰਨਾਰਥੀ ਕੈਂਪਾਂ ਤੱਕ ਨੂੰ ਹਮਲੇ ਦਾ ਚੋਣਵਾਂ ਨਿਸ਼ਾਨਾ ਬਣਾਉਣਾ, ਅੱਜ ਲੈਨਿਨ ਦਾ ਜਨਮ ਦਿਹਾੜਾ ਇਹਨਾਂ ਜਟਿਲ ਕੌਮੀ ਅਤੇ ਕੌਮਾਂਤਰੀ ਹਾਲਤਾਂ ਵਿੱਚ ਮਜ਼ਦੂਰ ਜਮਾਤ ਦੇ ਫਲਸਫ਼ੇ ਅਤੇ ਲੋਕਾਂ ਦੇ ਵਿਸ਼ਾਲ ਮਜ਼ਬੂਤ ਕਿਲ੍ਹੇ ਦੀ ਮੰਗ ਕਰਦਾ ਹੈ। ਇਸ ਮੌਕੇ ਅਤਿਅੰਤ ਪ੍ਰਸੰਗਕ ਲੈਨਿਨ ਦੇ ਚੋਣਵੇਂ ਕਥਨ, ਸਾਹਿਤ ਅਤੇ ਕਲਾ ਦੇ ਖੇਤਰ ਪੱਖੋਂ ਸ਼ਿਵ ਕੁਮਾਰ ਬਟਾਲਵੀ ਦੀ ਲੈਨਿਨ ਦੇ ਨਾਂਅ ਕਵਿਤਾ ਅਤੇ ਉਦਾਸੀ ਦਾ ਲੈਨਿਨ ਦਾ ਨਾਂਅ ਗੀਤ 'ਵੇ ਸੱਜਣਾ! ਸੂਹਾ-ਸੂਹਾ ਤੇਰਾ ਵੇ ਗਰਾਂ' ਹਵਾਲੇ ਦਾ ਨੁਕਤਾ ਬਣੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਸ ਵਿਚਾਰ-ਚਰਚਾ ਮੌਕੇ ਸਭਨਾਂ ਸੁਹਿਰਦ ਸੰਭਾਵੀ ਲੋਕ ਹਿਤੈਸ਼ੀ ਸੰਸਥਾਵਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਹ ਲੈਨਿਨ ਦੀਆਂ ਸਿੱਖਿਆਵਾਂ ਨੂੰ ਅਜੋਕੇ ਸਰੋਕਾਰਾਂ ਨਾਲ ਸੁਮੇਲ ਕਰਦੇ ਹੋਏ ਖਾਸ ਕਰਕੇ ਨੌਜਵਾਨ ਵਰਗ ਵਿੱਚ ਸਿੱਖਿਆ ਕੈਂਪ ਆਯੋਜਿਤ ਕਰਨ, ਇਹ ਚਿੰਤਨ ਲਹਿਰ ਹਨੇਰੇ ਕਾਲ਼ੇ ਦੌਰ ਅੰਦਰ ਚਾਨਣ ਦੀ ਇੱਕ ਲੀਕ ਦਾ ਕੰਮ ਕਰੇਗੀ।

## ਲੈਨਿਨ ਦੇ ਜਨਮ ਦਿਨ ਮੌਕੇ ਮੋਗਾ 'ਚ ਸਿਧਾਂਤਕ ਸਕੂਲਾਂ ਦਾ ਆਗਾਜ਼





**ਮੋਗਾ (ਇਕਬਾਲ ਸਿੰਘ ਖਹਿਰਾ)** ਭਾਰਤੀ ਕਮਿਊਨਿਸਟ ਪਾਰਟੀ ਮੋਗਾ ਵੱਲੋਂ 22 ਅਪ੍ਰੈਲ ਲੈਨਿਨ ਦੇ ਜਨਮ ਦਿਨ ਤੋਂ 5 ਮਈ ਕਾਰਲ ਮਾਰਕਸ ਦੇ ਜਨਮ ਦਿਨ ਨੂੰ ਸਮਰਪਤ ਪੰਦਰਵਾੜੇ ਦੀ ਸ਼ੁਰੂਆਤ ਸਿਧਾਂਤਕ ਵਿਚਾਰ-ਚਰਚਾ ਨਾਲ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਕੀਤੀ ਗਈ। ਇਸ ਸਿਧਾਂਤਕ ਵਿਚਾਰ-ਚਰਚਾ ਦੀ ਪ੍ਰਧਾਨਗੀ ਜਗਦੀਸ਼ ਸਿੰਘ ਚਾਹਲ ਵੱਲੋਂ ਕੀਤੀ ਗਈ । ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ ਨੇ ਕਿਹਾ ਕਿ ਅੱਜ ਲੈਨਿਨ ਦੇ ਜਨਮ ਦਿਨ 'ਤੇ ਆਪਾਂ ਇਸ ਪੰਦਰਵਾੜੇ ਦੀ ਸ਼ੁਰੂਆਤ ਕਰ ਰਹੇ ਹਾਂ। ਅੱਜ ਤੋਂ ਲੈ ਕੇ 5 ਮਈ ਕਾਰਲ ਮਾਰਕਸ ਦੇ ਜਨਮ ਦਿਨ ਤੱਕ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਬਲਾਕਾਂ ਵਿੱਚ ਇਹ ਸਿਧਾਂਤਕ ਵਿਚਾਰ-ਚਰਚਾਵਾਂ ਲਗਾਤਾਰ ਕੀਤੀਆਂ ਜਾਣਗੀਆਂ। ਉਨ੍ਹਾ ਆਏ ਹੋਏ ਸਾਥੀਆਂ ਨੂੰ ਅਪੀਲ ਕੀਤੀ ਕਿ

• ਬਾਕੀ ਸਫਾ 2 'ਤੇ

# ਮਨਿਆਰੀ ਦੀ ਦੁਕਾਨ 'ਚੋਂ ਲੱਖਾਂ ਰੁਪਏ ਦੀ ਚੋਰੀ

## ਸੀ ਸੀ ਟੀ ਵੀ ਕੈਮਰੇ 'ਚ ਘਟਨਾ ਕੈਦ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਮੇਨ ਬਜ਼ਾਰ ਦੀ ਸੰਘਣੀ ਅਬਾਦੀ ਵਿੱਚ ਸਥਿਤ ਗੋਲਡੀ ਗਿਫਟ ਹਾਊਸ ਦੀ ਦੁਕਾਨ 'ਤੇ ਤੜਕੇ ਚੋਰ ਨੇ ਲੱਖਾਂ ਰੁਪਏ ਦੀ ਚੋਰੀ ਕਰ ਲਈ ਤੇ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿੱਚ ਵੀ ਕੈਦ ਹੋ ਗਈ। ਦੁਕਾਨ ਮਾਲਕ ਲੱਕੀ ਮੱਕੜ ਤੇ ਗੋਲਡੀ ਮੱਕੜ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਦੇਰ ਸ਼ਾਮ ਆਪਣੀ ਦੁਕਾਨ ਨੂੰ ਤਾਲੇ ਲਾ ਕੇ ਘਰ ਚਲੇ ਗਏ। ਸਵੇਰੇ ਆ ਕੇ ਉਨ੍ਹਾਂ ਦੇਖਿਆ ਕਿ ਇੱਕ ਚੋਰ ਨਾਲ ਵਾਲੀ ਦੁਕਾਨ ਦੀ ਪੌੜੀ ਤੋਂ ਚੜ੍ਹ ਕੇ ਛੱਤ 'ਤੇ ਆਇਆ, ਜਿੱਥੋਂ ਉਸਨੇ ਛੋਟਾ ਜਿਹਾ ਰੌਸ਼ਨਦਾਨ ਭੰਨ ਕੇ ਦੁਕਾਨ ਅੰਦਰ ਦਾਖਲ ਹੋ ਗਿਆ। ਚੋਰ ਦੁਕਾਨ ਅੰਦਰੋਂ ਗੱਲੇ ਵਿੱਚ ਪਈ ਲੱਖਾਂ ਰੁਪਏ ਨਕਦੀ, ਇੱਥੋਂ ਤੱਕ ਜੋ ਵਿਆਹ, ਸ਼ਾਦੀਆਂ ਲਈ ਨੋਟਾਂ ਵਾਲੇ ਹਾਰ ਆਉਂਦੇ ਹਨ, ਉਹ ਵੀ ਚੋਰੀ ਕਰਕੇ ਲੈ ਗਿਆ। ਦੁਕਾਨਦਾਰਾਂ ਨੇ ਦੱਸਿਆ ਕਿ ਉਸਦਾ 5 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਚੋਰ ਜਾਂਦੇ ਹੋਏ ਕੁਝ ਕੈਮਰੇ ਵੀ ਭੰਨ ਗਿਆ, ਪਰ ਫਿਰ ਵੀ ਚੋਰੀ ਦੀ ਘਟਨਾ ਤੇ ਬਜ਼ਾਰ ਵਿੱਚ ਲੰਘਣ ਦੀ ਵੀਡੀਓ ਕੈਮਰੇ ਵਿੱਚ ਕੈਦ ਹੋ ਗਈ। ਦੁਕਾਨ ਮਾਲਕ ਲੱਕੀ ਮੱਕੜ ਨੇ ਦੱਸਿਆ ਕਿ ਇਹ ਘਟਨਾ ਸਵੇਰੇ 4 ਵਜੇ ਤੋਂ ਬਾਅਦ ਦੀ ਹੈ ਤੇ ਉਹ ਕਰੀਬ 2 ਘੰਟੇ ਦੁਕਾਨ ਵਿਚ ਚੋਰੀ ਦੀ ਘਟਨਾ ਨੂੰ ਅੰਜ਼ਾਮ ਦਿੰਦਾ ਰਿਹਾ ਅਤੇ ਫਿਰ ਫਰਾਰ ਹੋ ਗਿਆ। ਦੁਕਾਨਦਾਰ ਲੱਕੀ ਮੱਕੜ ਨੇ ਕਿਹਾ ਕਿ ਸੰਘਣੀ ਅਬਾਦੀ ਵਿੱਚ ਇਹ ਚੋਰੀ ਦੀ ਘਟਨਾ ਵਾਪਰਨ ਕਾਰਨ ਸ਼ਹਿਰ ਦੇ ਦੁਕਾਨਦਾਰ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਤੇ ਪੁਲਸ ਨੂੰ ਵੀ ਚਾਹੀਦਾ ਹੈ ਕਿ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਤੁਰੰਤ ਕਾਬੂ ਕੀਤਾ ਜਾਵੇ। ਚੋਰੀ ਸਬੰਧੀ ਸੂਚਨਾ ਮਿਲਣ 'ਤੇ ਪੁਲਸ ਵੱਲੋਂ ਵੀ ਮੌਕੇ ਦਾ ਜਾਇਜ਼ਾ ਲਿਆ ਗਿਆ।

# ਸੁਖਾਨੰਦ ਦੀ ਅਗਵਾਈ ਹੇਠ ਹਲਕੇ ਅੰਦਰ ਵਿਕਾਸ ਕਾਰਜਾਂ ਦੀ ਝੁੱਲੀ ਹਨੇਰੀ

**ਬਾਘਾ ਪੁਰਾਣਾ (ਮਨੀ ਸਿੰਗਲਾ)** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ।ਇਹ ਗੱਲ ਉਨ੍ਹਾਂ ਦੇ ਨੇੜਲੇ ਸਾਥੀਆਂ ਸੋਨੀ ਧਾਲੀਵਾਲ ਮਾੜੀ ਮੁਸਤਫ਼ਾ, ਸਰਪੰਚ ਗੁਰਤੇਜ ਸਿੰਘ ਮਾੜੀ ਮੁਸਤਫ਼ਾ, ਗੁਰਵੀਰ ਸਰਪੰਚ ਡੇਮਰੂ (ਬਲਾਕ ਪ੍ਰਧਾਨ ਯੂਥ ਵਿੰਗ), ਪ੍ਰਦੀਪ ਰੋਡੇ (ਯੂਥ ਆਪ ਆਗੂ) ਤੇ ਬੇਅੰਤ ਸਿੰਘ ਰੋਡੇ (ਬਲਾਕ ਪ੍ਰਧਾਨ ਵਿੰਗ) ਵੱਲੋਂ ਸਾਂਝੇ ਬਿਆਨ ਵਿੱਚ ਕਹੀ ਗਈ।ਉਨ੍ਹਾਂ ਦੱਸਿਆ ਕਿ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਚੱਲ ਰਹੇ ਹਨ ਤੇ ਲਗਾਤਾਰ ਨਵੇਂ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ।ਉਨ੍ਹਾਂ ਨੇ ਕਿਹਾ ਕਿ ਵਿਧਾਇਕ ਸੁਖਾਨੰਦ ਵੱਲੋਂ ਲੋਕਾਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ, ਜਿਸ ਨਾਲ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ। ਆਗੂਆਂ ਨੇ ਹੋਰ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਵੱਲੋਂ ਹਲਕੇ ਲਈ ਕਰੋੜਾਂ ਰੁਪਏ ਦੇ ਫੰਡ ਮਨਜ਼ੂਰ ਕਰਾਏ ਗਏ ਹਨ, ਜਿਸ ਨਾਲ ਸੜਕਾਂ, ਨਿਕਾਸੀ ਪ੍ਰਣਾਲੀ, ਪੀਣ ਵਾਲੇ ਪਾਣੀ ਤੇ ਹੋਰ ਬੁਨਿਆਦੀ ਢਾਂਚੇ ਦੇ ਕੰਮ ਤੇਜ਼ੀ ਨਾਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਸਭ ਕੁਝ ਹਲਕਾ ਵਿਧਾਇਕ ਦੀ ਮਿਹਨਤ ਤੇ ਲਗਨ ਦਾ ਨਤੀਜਾ ਹੈ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਕੋਟਕਪੂਰਾ ਤੋਂ ਮੋਗਾ ਤੱਕ ਬਣ ਰਹੀ ਮੇਨ ਹਾਈਵੇ ਸੜਕ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਲਈ ਬਹੁਤ ਮਹੱਤਵਪੂਰਨ ਹੈ ਤੇ ਇਸ ਨਾਲ ਆਵਾਜਾਈ ਸੁਵਿਧਾਵਾਂ ਵਿੱਚ ਵੱਡਾ ਸੁਧਾਰ ਆਵੇਗਾ।ਉਨ੍ਹਾਂ ਕਿਹਾ ਕਿ ਇਸ ਸੜਕ ਦੇ ਨਿਰਮਾਣ ਦਾ ਸਿਹਰਾ ਵੀ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੂੰ ਜਾਂਦਾ ਹੈ, ਜਿਨ੍ਹਾਂ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਰਕਾਰ ਤੱਕ ਪੁਚਾਇਆ।



# 'ਬਾਬੇ ਗੋਲੇ ਦਾ ਬੰਗਾ' ਬਲਵੰਤ ਮਾਂਗਟ ਦੀ ਵਿਲੱਖਣ ਖੋਜ ਪੁਸਤਕ : ਪ੍ਰਿੰ. ਬੈਨੀਪਾਲ

**ਸਮਰਾਲਾ, (ਸੁਰਜੀਤ ਸਿੰਘ)** ਪੰਜਾਬ ਦੇ ਬੰਗਾ ਸ਼ਹਿਰ ਬਾਰੇ ਲਿਖੀ ਖੋਜ ਪੁਸਤਕ 'ਬਾਬੇ ਗੋਲੇ ਦਾ ਬੰਗਾ' ਬਲਵੰਤ ਸਿੰਘ ਮਾਂਗਟ ਦੀ ਆਪਣੇ ਆਪ ਵਿੱਚ ਇੱਕ ਵਿਲੱਖਣ ਖੋਜ ਪੁਸਤਕ ਹੈ।ਇਹ ਵਿਚਾਰ ਸਿਮਰਜੀਤ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਸਾਹਿਤ ਸਭਾ ਦੀ ਹੋਈ ਇਕੱਤਰਤਾ ਵਿੱਚ ਪੁਸਤਕ ਲੋਕ ਅਰਪਣ ਕਰਦੇ ਸਮੇਂ ਪ੍ਰਿੰਸੀਪਲ ਡਾ ਪਰਮਿੰਦਰ ਸਿੰਘ ਬੈਨੀਪਾਲ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਪੁਸਤਕ ਬਲਵੰਤ ਮਾਂਗਟ ਦੇ ਖੋਜ ਅਤੇ ਵੱਡਆਕਾਰੀ ਸ਼ਖ਼ਸੀਅਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ।ਉਨ੍ਹਾਂ ਕਿਹਾ ਕਿ ਬਲਵੰਤ ਮਾਂਗਟ ਨੇ 'ਬੰਦੇ ਤੋਂ ਰਾਵਣ ਤੱਕ', 'ਗੁਰਬਾਣੀ ਵਿਗਿਆਨ ਤੇ ਮਿੱਥ', 'ਮਿਥਿਹਾਸ ਤੋਂ ਵਿਗਿਆਨ ਤੱਕ ਕਹਾਣੀਆਂ ਦਾ ਸਫ਼ਰ' ਸਮੇਤ ਹੋਰ ਕਈ ਪੁਸਤਕਾਂ ਲਿਖ ਕੇ ਸਾਹਿਤ ਜਗਤ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੈ।ਉਨ੍ਹਾਂ ਕਿਹਾ ਕਿ ਬਲਵੰਤ ਮਾਂਗਟ ਨੇ ਗੁਰਬਾਣੀ ਨੂੰ ਵਿਗਿਆਨਕ ਨਜ਼ਰੀਏ ਨਾਲ ਦੇਖਿਆ ਹੈ।ਮੌਜੂਦਾ ਪੁਸਤਕ 'ਬਾਬੇ ਗੋਲੇ ਦਾ ਬੰਗਾ' ਉਨ੍ਹਾਂ ਦੀ ਵਿਲੱਖਣ ਖੋਜ ਪ੍ਰਤਿਭਾ ਦਾ ਚਾਨਣ ਮੁਨਾਰਾ ਹੈ, ਜਿਸ ਵਿਚ ਉਨ੍ਹਾਂ ਨੇ ਸਾਲਾਂਬੱਧੀ ਸਖ਼ਤ ਮਿਹਨਤ ਨਾਲ ਬੰਗਾ ਸ਼ਹਿਰ ਦੇ ਇਤਿਹਾਸ ਅਤੇ ਉਸਦੇ ਜੁਗਰਾਫ਼ੀਆ ਨੂੰ ਪਾਠਕਾਂ ਸਾਹਮਣੇ ਲਿਆਂਦਾ ਹੈ। ਬਲਵੰਤ ਮਾਂਗਟ ਦੀ ਪੁਸਤਕ ਬਾਰੇ ਬੁੱਧ ਸਿੰਘ ਨੀਲੋਂ, ਯਤਿੰਦਰ ਸਿੰਘ ਮਾਹਲ, ਗੁਰਭਗਤ ਗਿੱਲ ਤੇ ਸਿਮਰਜੀਤ ਸਿੰਘ ਕੰਗ ਨੇ ਵੀ ਵਿਚਾਰ ਰੱਖੇ।ਸਭਾ ਦੇ ਜਨਰਲ ਸਕੱਤਰ ਦੀਪ ਦਿਲਬਰ ਤੇ ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਕੰਗ ਨੇ ਦੱਸਿਆ ਕਿ ਮੀਟਿੰਗ ਦੇ ਅਰੰਭ ਵਿੱਚ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਨਾਮਵਰ ਲੇਖਕ ਡਾ. ਅਮਰ ਕੋਮਲ, ਪ੍ਰਸਿੱਧ ਗਾਇਕਾ ਆਸ਼ਾ ਭੌਂਸਲੇ ਤੇ ਉੱਘੇ ਚਿੰਤਕ ਐਡਵੋਕੇਟ ਐਨ. ਕੇ. ਜੀਤ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ।ਰਚਨਾਵਾਂ ਦੇ ਦੌਰ ਵਿੱਚ ਕਮਲਜੀਤ ਨੀਲੋਂ, ਗ਼ਜ਼ਲਗੋ ਜੋਰਾਵਰ ਸਿੰਘ ਪੰਛੀ, ਪੰਮੀ ਹਬੀਬ, ਪ੍ਰਧਾਨ ਅਨਿਲ ਫਤਹਿਗੜ੍ਹ ਜੱਟਾਂ, ਬਲਵੰਤ ਮਾਂਗਟ, ਸ਼ਾਇਰ ਮੀਤ ਪਾਲੀਪਤ, ਕਹਾਣੀਕਾਰ ਯਤਿੰਦਰ ਮਾਹਲ ਅਤੇ ਸਿਮਰਜੀਤ ਸਿੰਘ ਕੰਗ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਪੜ੍ਹੀਆਂ ਗਈਆਂ ਸਾਰੀਆਂ ਰਚਨਾਵਾਂ 'ਤੇ ਉਪਰੋਕਤ ਲੇਖਕਾਂ ਤੋਂ ਇਲਾਵਾ ਗੁਰਭਗਤ ਗਿੱਲ ਸ੍ਰੀ ਭੈਣੀ ਸਾਹਿਬ, ਸਰਪ੍ਰਸਤ ਦਰਸ਼ਨ ਸਿੰਘ ਕੰਗ, ਸਰਪ੍ਰਸਤ ਗੁਰਦੀਪ ਕੌਰ ਮਾਛੀਵਾੜਾ, ਕਹਾਣੀਕਾਰ ਸੰਦੀਪ ਸਮਰਾਲਾ, ਦੀਪ ਦਿਲਬਰ, ਸੁਰਜੀਤ ਵਿਸ਼ਾਦ, ਅਮਨ ਆਜ਼ਾਦ, ਇੰਦਰਜੀਤ ਸਿੰਘ ਕੰਗ, ਮਹਿਕਦੀਪ ਕੌਰ ਕਟਾਣਾ ਤੇ ਨੇਤਰ ਸਿੰਘ ਮੁੱਤਿਓਂ ਆਦਿ ਨੇ ਵੀ ਚਰਚਾ ਕੀਤੀ।ਸਮੁੱਚੀ ਮੀਟਿੰਗ ਦੀ ਕਾਰਵਾਈ ਜਨਰਲ ਸਕੱਤਰ ਦੀਪ ਦਿਲਬਰ ਵੱਲੋਂ ਸੁਚੱਜੇ ਢੰਗ ਨਾਲ ਚਲਾਈ ਗਈ।



# ਲੋਕ ਸਭਾ ਤੇ ਵਿਧਾਨ ਸਭਾ ਵਿੱਚੋਂ ਲੋਕ ਮੁੱਦੇ ਗਾਇਬ, ਅਕਾਲੀ ਦਲ ਦੀ ਵਾਪਸੀ ਲਈ ਲੋਕ ਕਾਹਲੇ : ਕ੍ਰਿਸ਼ਨ ਸਿੰਘ ਸਨੌਰ

**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਕਮੇਟੀ ਦੇ ਮੈਂਬਰ ਕ੍ਰਿਸ਼ਨ ਸਿੰਘ ਸਨੌਰ ਨੇ ਦੇਸ਼ ਅਤੇ ਸੂਬੇ ਦੇ ਮੌਜੂਦਾ ਰਾਜਨੀਤਿਕ ਹਾਲਾਤ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸਰਕਾਰਾਂ ਨੂੰ ਨਿਸ਼ਾਨੇ 'ਤੇ ਲਿਆ ਹੈ।ਪ੍ਰੀਤ ਨਗਰ ਵਿਖੇ ਬਲਜੀਤ ਸਿੰਘ ਅਤੇ ਬਾਬਾ ਕਾਲਾ ਸਿੰਘ ਦੀ ਅਗਵਾਈ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਰੱਖੀ ਗਈ ਇੱਕ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਨੌਰ ਨੇ ਕਿਹਾ ਕਿ ਦੇਸ਼ ਦੀਆਂ ਦੋ ਸਭ ਤੋਂ ਵੱਡੀਆਂ ਸੰਵਿਧਾਨਕ ਪੰਚਾਇਤਾਂ—ਲੋਕ ਸਭਾ ਅਤੇ ਵਿਧਾਨ ਸਭਾ ਵਿੱਚੋਂ ਅੱਜ ਆਮ ਜਨਤਾ ਦੇ ਬੁਨਿਆਦੀ ਮੁੱਦੇ ਪੂਰੀ ਤਰ੍ਹਾਂ ਗਾਇਬ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਉੱਚ ਸਦਨਾਂ ਵਿੱਚ ਲੋਕਾਂ ਦੇ ਭਵਿੱਖ ਦੀ ਚਰਚਾ ਹੋਣ ਦੀ ਬਜਾਏ ਕੇਵਲ ਸਿਆਸੀ ਖਹਿਬਾਜ਼ੀ ਅਤੇ ਇੱਕ-ਦੂਜੇ 'ਤੇ ਦੋਸ਼ ਲਗਾਉਣ ਤੱਕ ਹੀ ਸੀਮਤ ਰਹਿ ਗਈ ਹੈ।ਆਪ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਤਿੱਖੇ ਹਮਲੇ ਕਰਦਿਆਂ ਸਨੌਰ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਲੋਕ ਮੁੱਦਿਆਂ ਪ੍ਰਤੀ ਜ਼ਰਾ ਵੀ ਗੰਭੀਰ ਨਜ਼ਰ ਨਹੀਂ ਆ ਰਹੇ।ਅੱਜ ਹਾਕਮ ਧਿਰ ਅਤੇ ਵਿਰੋਧੀ ਧਿਰ ਦੋਵੇਂ ਹੀ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਫੇਲ੍ਹ ਸਾਬਤ ਹੋ ਰਹੀਆਂ ਹਨ। ਮਹਿੰਗਾਈ ਅੱਜ ਸਿਖਰਾਂ ਨੂੰ ਛੋਹ ਰਹੀ ਹੈ, ਜਿਸ ਕਾਰਨ ਗਰੀਬ ਅਤੇ ਮੱਧ ਵਰਗ ਦਾ ਲੱਕ ਟੁੱਟ ਚੁੱਕਾ ਹੈ, ਪਰ ਸੱਤਾਧਾਰੀ ਧਿਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਦੀ ਬਜਾਏ ਕੇਵਲ ਵਿਰੋਧੀਆਂ 'ਤੇ ਚਿੱਕੜ ਸੁੱਟ ਕੇ ਆਪਣਾ ਸਮਾਂ ਟੱਪਾ ਰਹੀ ਹੈ।ਕਿਸਾਨੀ ਮੁੱਦਿਆਂ ਦਾ ਜ਼ਿਕਰ ਕਰਦਿਆਂ ਸਨੌਰ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਅੱਜ ਆਪਣੇ ਹੱਕਾਂ ਲਈ ਸੜਕਾਂ 'ਤੇ ਧਰਨੇ ਦੇ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਬੇਤਾਬ ਹਨ।ਇਸ ਮੌਕੇ ਉਨ੍ਹਾਂ ਦੇ ਨਾਲ ਲਖਵਿੰਦਰ ਸਿੰਘ ਪ੍ਰਧਾਨ ਆਲ ਸਕੂਲ ਟਰਾਂਸਪੋਰਟ ਯੂਨੀਅਨ ਜ਼ਿਲ੍ਹਾ ਪਟਿਆਲਾ, ਜਸਵੀਰ ਗੋਸੁਆਮੀ ਸਾਬਕਾ ਸਰਪੰਚ ਸੇਖੋਪੁਰ, ਅਵਤਾਰ ਸਿੰਘ ਨੰਬਰਦਾਰ, ਸੁਰਿੰਦਰ ਸਿੰਘ, ਬਾਬਾ ਗੁਰਮੀਤ ਸਿੰਘ, ਬਾਬਾ ਗੁਰਸੇਵਕ ਸਿੰਘ, ਬਾਬਾ ਹਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਪ੍ਰੇਮ ਕੁਮਾਰ ਹੀਰਾਗੜ੍ਹ, ਬੇਅੰਤ ਸਿੰਘ, ਗੁਰਮੁਖ ਸਿੰਘ, ਗੁਰਚਰਨ ਸਿੰਘ, ਗੁਰ ਧਿਆਨ ਸਿੰਘ, ਅਜੇ ਕੁਮਾਰ, ਗੁਰਜੀਤ ਸਿੰਘ, ਸੰਦੀਪ ਸਿੰਘ, ਧੰਨਾ ਸਿੰਘ, ਜੋਤ, ਸਾਹਿਲ ਕੁਮਾਰ, ਹਰਮਨ ਕੁਮਾਰ, ਹਰਜੀਤ ਸਿੰਘ ਅਤੇ ਪ੍ਰਿੰਸ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਵਰਕਰ ਅਤੇ ਪਿੰਡ ਨਿਵਾਸੀ ਹਾਜ਼ਰ ਸਨ।



# ਬਾਬਾ ਫ਼ਰੀਦ ਲਾਅ ਕਾਲਜ 'ਚ ਲਾਇਆ ਖ਼ੂਨਦਾਨ ਕੈਂਪ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਬਾਬਾ ਫਰੀਦ ਲਾਅ ਕਾਲਜ ਵਿੱਚ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ ਪ੍ਰੋਗਰਾਮ ਅਫਸਰ ਡਾ. ਮੋਹਣ ਸਿੰਘ ਸੱਗੂ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਖੂਨਦਾਨ ਕੈਂਪ ਦਾ ਆਗਾਜ਼ ਗੁਰਜਾਪ ਸਿੰਘ ਸੇਖੋਂ (ਜਨਰਲ ਸਕੱਤਰ) ਨੇ ਕੀਤਾ।

ਉਨ੍ਹਾਂ ਵਿਦਿਆਰਥੀਆਂ ਤੇ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖੂਨਦਾਨ ਮਹਾਂਦਾਨ ਹੈ, ਜਿਸ ਵਿੱਚ ਪੰਜਾਬ ਦੇ ਯੂਥ ਨੂੰ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਕਿ ਕਿਸੇ ਲੋੜਵੰਦ ਇਨਸਾਨ ਦੀ ਜਾਨ ਨੂੰ ਸਮੇਂ ਸਿਰ ਬਚਾਇਆ ਜਾ ਸਕੇ। ਇਸ ਖ਼ੂਨਦਾਨ ਕੈਂਪ ਵਿੱਚ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਬਲੱਡ ਡੋਨੇਸ਼ਨ ਕੈਂਪ ਲਾਉਣ ਵਾਸਤੇ ਕੋਟਕ ਮਹਿੰਦਰਾ ਬੈਂਕ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਇੱਕ ਵੈਨ ਦਾਨ ਕੀਤੀ ਗਈ, ਜਿਸਦਾ ਉਦਘਾਟਨ ਵੀ ਗੁਰਜਾਪ ਸਿੰਘ ਸੇਖੋਂ ਦੁਆਰਾ ਕੀਤਾ ਗਿਆ। ਇਸ ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਵਿਦਿਆਰਥੀਆਂ ਤੇ ਵਲੰਟੀਅਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ।ਉਨ੍ਹਾਂ ਕਿਹਾ ਕਿ ਖ਼ੂਨਦਾਨ ਇੱਕ ਅਜਿਹਾ ਦਾਨ ਹੈ, ਜਿਸ ਨਾਲ ਕਿਸੇ ਇਨਸਾਨ ਨੂੰ ਮੁੜ ਜੀਵਨਦਾਨ ਦਿੱਤਾ ਜਾ ਸਕਦਾ ਹੈ ਤੇ ਇਸ ਮਹਾਨ ਕੰਮ ਲਈ ਦੇਸ਼ ਦੇ ਸਮੁੱਚੇ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ।ਅੰਤ ਵਿੱਚ ਐਨ.ਐਸ.ਐਸ. ਪ੍ਰੋਗਰਾਮ ਅਫਸਰ ਡਾ. ਮੋਹਣ ਸਿੰਘ ਸੱਗੂ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਹਿਲਾਂ ਵੀ ਕਾਲਜ ਵਿੱਚ ਖ਼ੂਨਦਾਨ ਕੈਂਪ ਲਾਇਆ ਜਾਂਦਾ ਰਿਹਾ ਹੈ ਤੇ ਇਸ ਸਾਲ ਵੀ ਲਾਇਆ ਗਿਆ ਹੈ।



# ਪੱਤਰਕਾਰ ਅੰਮ੍ਰਿਤ ਗੋਇਲ ਦਾ ਮਨਾਇਆ ਜਨਮ ਦਿਨ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਪੱਤਰਕਾਰ ਅੰਮ੍ਰਿਤ ਗੋਇਲ ਦਾ 55ਵਾਂ ਜਨਮ ਦਿਨ ਮਨਾਇਆ ਗਿਆ।ਗੋਇਲ ਵੱਲੋਂ ਹਰ ਸਾਲ ਦੀ ਤਰ੍ਹਾਂ ਆਪਣੇ ਪਰਵਾਰ ਸਮੇਤ ਜਨਤਕ ਜਗ੍ਹਾ 'ਤੇ ਪੌਦੇ ਲਾਏ ਗਏ।ਇਸ ਤੋਂ ਬਾਅਦ ਡੀ.ਐਸ.ਪੀ ਦਫ਼ਤਰ ਵਿਖੇ ਡੀ.ਐਸ.ਪੀ ਵਜੋਂ ਅਹੁਦਾ ਸੰਭਾਲਣ ਉਪਰੰਤ ਜਤਿੰਦਰ ਸਿੰਘ ਪੀ.ਪੀ.ਐਸ, ਡੀ.ਐਸ.ਪੀ ਸਬ ਡਵੀਜ਼ਨ ਗਿੱਦੜਬਾਹਾ ਵੱਲੋਂ ਪੱਤਰਕਾਰ ਅੰਮ੍ਰਿਤ ਗੋਇਲ ਦੇ ਜਨਮ ਦਿਨ ਦਾ ਕੇਕ ਕਟਾਇਆ ਗਿਆ। ਡੀ.ਐਸ.ਪੀ ਜਤਿੰਦਰ ਸਿੰਘ ਦੇ ਨਾਲ-ਨਾਲ ਥਾਣਾ ਗਿੱਦੜਬਾਹਾ ਦੇ ਐਸ.ਐਚ.ਓ ਹਰਗੋਬਿੰਦ ਸਿੰਘ ਮਾਨ ਤੇ ਥਾਣਾ ਕੋਟਭਾਈ ਦੀ ਐਸ.ਐਚ.ਓ ਮੈਡਮ ਦੀਪਿਕਾ ਕੰਬੋਜ ਨੇ ਪੱਤਰਕਾਰ ਗੋਇਲ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਪ੍ਰਮਾਤਮਾ ਅੱਗੇ ਉਹਨਾਂ ਦੀ ਲੰਬੀ ਉਮਰ ਦੀ ਅਰਦਾਸ ਕੀਤੀ।



# ਸਟੇਟ ਐਵਾਰਡੀ ਰਜਿੰਦਰ ਕੁਮਾਰ ਨੇ 53ਵੀਂ ਵਾਰ ਕੀਤਾ ਖ਼ੂਨਦਾਨ

**ਮਾਨਸਾ (ਆਤਮਾ ਸਿੰਘ ਪਮਾਰ/ਗੁਰਪ੍ਰੀਤ ਧਾਲੀਵਾਲ)** ਇੱਕ ਖੂਨ ਦੇ ਕਿਣਕੇ-ਕਿਣਕੇ ਨਾਲ ਲੱਖਾਂ ਕੀਮਤੀ ਜਾਨਾਂ ਬਚ ਸਕਦੀਆਂ ਹਨ। ਇਸ ਤਹਿਤ ਕਿਸੇ ਦੀ ਕੀਮਤੀ ਜ਼ਿੰਦਗੀ ਬਚਾਉਣ ਲਈ ਸਟੇਟ ਐਵਾਰਡੀ ਰਜਿੰਦਰ ਕੁਮਾਰ ਪ੍ਰਧਾਨ ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਨੇ 53ਵੀਂ ਵਾਰ ਖੂਨਦਾਨ ਕੀਤਾ।ਇਸ ਤੋਂ ਬਾਅਦ ਹੌਸਲੇ ਬੁਲੰਦ ਨਾਲ ਕਿਸੇ ਦੀ ਕੀਮਤੀ ਜਾਨ ਬਚਾਉਣ ਲਈ ਆਈਸ ਪੈਕ ਨਾਲ ਬਲੱਡ ਲੈ ਕੇ ਲੋੜਵੰਦ ਕੋਲ ਪਹੁੰਚਦਾ ਕੀਤਾ।ਰਾਜਿੰਦਰ ਕੁਮਾਰ ਜਿੱਥੇ ਰੂਰਲ ਕਲੱਬਜ ਐਸੋਸੀਏਸ਼ਨ ਦੇ ਮਾਧਿਅਮ ਤੋਂ ਅਨੇਕਾਂ ਸਮਾਜ ਭਲਾਈ ਦੇ ਕੰਮ ਕਰ ਰਹੇ ਹਨ, ਉੱਥੇ ਹੀ ਖੂਨਦਾਨ ਕਰਨਾ ਵੀ ਇਹ ਆਪਣਾ ਮੁੱਢਲਾ ਫ਼ਰਜ਼ ਸਮਝਦੇ ਹਨ, ਤੋਂ ਪ੍ਰੇਰਣਾ ਲੈ ਕੇ ਆਪਣੇ ਬੱਚਿਆਂ ਦੇ ਜਨਮ ਦਿਨ ਮੈਰਿਜ ਐਨਵਰਸਰੀ, ਬਜ਼ੁਰਗਾਂ ਦੀ ਯਾਦ ਤੇ ਆਪਣੇ ਜਨਮ ਦਿਨ ਤੇ ਸਾਨੂੰ ਵੱਧ ਤੋਂ ਵੱਧ ਖੂਨ ਦਾਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਬਲਵਿੰਦਰ ਕੌਰ ਭੈਣੀ ਬਾਘਾ ਸਮਾਜ ਸੇਵੀ ਵੀ ਲੋੜ ਪੈਣ ਤੇ ਮਾਨਸਾ ਹੋਵੇ ਜਾਂ ਏਮਜ਼ ਆਪਣਾ ਖੂਨ ਤਾਂ ਨਹੀਂ ਲੈਂਦੇ ਪਰ ਬਲੱਡ ਬੈਂਕ ਵਾਲੇ ਇਨ੍ਹਾਂ ਦੇ ਘਰ ਵਿਖੇ ਖ਼ੂਨਦਾਨ ਕੈਂਪ ਲਾਉਂਦੇ ਹਨ।



# ਅੱਠਵੀਂ ਦੇ ਨਤੀਜੇ 'ਚ ਪੀ ਐਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੇ ਮਾਰੀ ਬਾਜ਼ੀ

**ਭਵਾਨੀਗੜ੍ਹ, (ਰਾਜ ਖੁਰਮੀ)** ਪੀਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਭਵਾਨੀਗੜ੍ਹ ਦੇ ਅੱਠਵੀਂ ਜਮਾਤ ਦੇ ਨਤੀਜੇ ਸ਼ਾਨਦਾਰ ਰਹੇ ਹਨ।ਸਕੂਲ ਦਾ ਕੁੱਲ ਨਤੀਜਾ 100 ਫੀਸਦੀ ਰਿਹਾ, ਜਿਸ ਨਾਲ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ। ਨਤੀਜਿਆਂ ਵਿੱਚ ਅਵਨੀਤ ਕੌਰ ਨੇ 87.6 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ।ਅਮਨ ਕੌਰ ਨੇ 81.5 ਫੀਸਦੀ ਨਾਲ ਦੂਜਾ ਤੇ ਸੁਹਾਨੀ ਕੁਮਾਰੀ ਨੇ 79.8 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਮੁਖੀ ਮਨਜੀਤ ਸਿੰਘ ਸਮੇਤ ਸਟਾਫ ਮੈਂਬਰ ਹਰਵਿੰਦਰ ਸਿੰਘ, ਧਨਵੰਤ ਸਿੰਘ, ਦਵਿੰਦਰ ਸਿੰਘ, ਗੁਰਪ੍ਰਗਟ ਸਿੰਘ, ਕਵਿਰਪਾਲ ਸਿੰਘ, ਦੀਪਇੰਦਰ ਕੌਰ, ਰਸਮੀ, ਜਗਵਿੰਦਰ ਕੌਰ, ਸੁਖਦੀਪ ਕੌਰ, ਰੂਬੀ, ਕਾਮਨੀ ਦੇਵੀ, ਰਮਨਦੀਪ ਕੌਰ, ਰਾਜਵਿੰਦਰ ਕੌਰ, ਤਰਨਜੀਤ ਸਿੰਘ, ਸੰਦੀਪ ਕੌਰ, ਹਰਵਿੰਦਰਪਾਲ ਸਿੰਘ, ਸਤਿੰਦਰਪਾਲ ਸਿੰਘ, ਮਾਲਵਿੰਦਰ ਸਿੰਘ, ਸਰਬਜੀਤ ਕੌਰ ਅਤੇ ਅਮਰਵੀਰ ਕੌਰ ਹਾਜ਼ਰ ਸਨ।ਸਕੂਲ ਮੁਖੀ ਮਨਜੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੇ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਕੇ ਉੱਚੇ ਅੰਕ ਹਾਸਲ ਕੀਤੇ ਹਨ ਅਤੇ ਸਕੂਲ ਨਾਲ-ਨਾਲ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।



# ਤਰੁਣ ਜੈਨ (ਕਾਲਾ) ਬਣੇ ਸ੍ਰੀ ਰੂਪ ਚੰਦ ਜੈਨ ਬਰਾਦਰੀ ਦੇ ਪ੍ਰਧਾਨ



**ਜਗਰਾਉਂ (ਅਮਿਤ ਖੰਨਾ)** ਸ੍ਰੀ ਰੂਪ ਚੰਦ ਜੈਨ ਬਰਾਦਰੀ ਰਜਿ: ਦੇ ਨਵੇਂ ਪ੍ਰਧਾਨ ਦੀ ਚੋਣ ਤੇ ਕਾਗਜ਼ ਤਰੁਣ ਜੈਨ ਕਾਲਾ ਵੱਲੋਂ ਦਾਖ਼ਲ ਕੀਤੇ ਗਏ। ਉਨ੍ਹਾਂ ਦੇ ਮੁਕਾਬਲੇ ਵਿਚ ਕਿਸੇ ਵੀ ਮੈਂਬਰ ਨੇ ਆਪਣੇ ਕਾਗਜ਼ ਦਾਖਲ ਨਹੀਂ ਕੀਤੇ ਤੇ ਤਰੁਨ ਜੈਨ (ਕਾਲਾ) ਨੂੰ ਸਰਬਸੰਮਤੀ ਦੇ ਨਾਲ 2 ਸਾਲ ਲਈ ਜੈਨ ਬਰਾਦਰੀ ਦਾ ਪ੍ਰਧਾਨ ਚੁਣ ਲਿਆ ਗਿਆ। ਉਹ ਲਗਾਤਾਰ 2 ਸਾਲ ਤੋਂ ਬਰਾਦਰੀ ਦੇ ਪ੍ਰਧਾਨ ਬਣਦੇ ਆ ਰਹੇ ਹਨ। ਇਹ ਚੋਣ ਸ੍ਰੀ ਮਹਿੰਦਰਪਾਲ ਜੈਨ ਐਸ ਐਸ ਜੈਨ ਮਹਾਸਭਾ ਉੱਤਰੀ ਇਲੈਕਸ਼ਨ ਕਮਿਸ਼ਨਰ ਚੀਫ ਅਤੇ ਸਹਿਯੋਗੀ ਸ੍ਰੀ ਸੁਭਾਸ਼ ਜੈਨ ਸੀ ਏ ਦੀ ਦੇਖ ਰੇਖ ਵਿੱਚ ਕਰਾਈ ਗਈ। ਪ੍ਰਧਾਨ ਤਰੁਨ ਜੈਨ ਕਾਲਾ ਨੇ ਰੂਪ ਚੰਦ ਜੈਨ ਬਰਾਦਰੀ ਦੇ ਮੈਂਬਰਾਂ ਦੇ ਨਾਲ ਸ੍ਰੀ ਰੂਪ ਚੰਦ ਜੀ ਮਹਾਰਾਜ ਜੀ ਦੀ ਸਮਾਧ 'ਤੇ ਮੱਥਾ ਟੇਕਿਆ।

# ਪੀ ਜੀ ਆਈ ਦੇ ਤਿੰਨ ਪ੍ਰੋਫ਼ੈਸਰਾਂ ਨੂੰ ਮਿਲਿਆ ਅਕਾਦਮਿਕ ਐਵਾਰਡ

**ਸਮਰਾਲਾ, (ਸੁਰਜੀਤ ਸਿੰਘ)** ਰਾਸ਼ਟਰੀ ਮੈਡੀਕਲ ਵਿਗਿਆਨ ਅਕਾਦਮੀ ਵੱਲੋਂ ਆਪਣੇ 60ਵੇਂ ਸਥਾਪਨਾ ਦਿਵਸ ਮੌਕੇ ਪੀਜੀਆਈ ਚੰਡੀਗੜ੍ਹ ਦੇ ਤਿੰਨ ਪ੍ਰੋਫ਼ੈਸਰਾਂ ਨੂੰ ਅਕਾਦਮਿਕ ਉਤਕ੍ਰਿਸ਼ਟਤਾ ਐਵਾਰਡ ਸਨਮਾਨਤ ਕੀਤਾ ਗਿਆ ਹੈ। ਐਵਾਰਡ ਸਮਾਰੋਹ ਦੌਰਾਨ ਪੀਜੀਆਈ ਦੇ ਪ੍ਰੋਫ਼ੈਸਰਾਂ ਨੂੰ ਨੌਂ ਵਿਚੋਂ ਤਿੰਨ 'ਰਿਕਗਨੀਸ਼ਨ ਆਫ ਅਕਾਦਮਿਕ ਐਕਸਲੈਂਸ' ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਤਿੰਨਾਂ ਨੇ ਉਸੇ ਦਿਨ ਆਯੋਜਤ ਆਪਣੇ ਕੰਮ ਦੀ ਪੇਸ਼ਕਾਰੀ ਵੀ ਕੀਤੀ।ਡਾ. ਅਮਨ ਸ਼ਰਮਾ, ਵਿਭਾਗ ਅੰਦਰੂਨੀ ਦਵਾਈ ਨੂੰ ਗੈਰ-ਸੰਕਰਾਮਕ ਬਿਮਾਰੀਆਂ ਦੇ ਅਧਿਐਨ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਪ੍ਰਤਿਸ਼ਠਿਤ ਆਰਏਈ ਜਨਰਲ ਅਮੀਰ ਚੰਦ ਐਵਾਰਡ ਨਾਲ ਨਿਵਾਜ਼ਿਆ ਗਿਆ।ਇਹ ਐਵਾਰਡ ਉਨ੍ਹਾਂ ਦੇ ਸਿਸਟਮਿਕ ਵੈਸਕੁਲਾਈਟਿਸ (ਰਕਤ ਨਾਲੀਆਂ ਦੀ ਸੁੱਜਣ ਨਾਲ ਸੰਬੰਧਤ ਵਿਰਲੇ ਰੋਗ) ਖੇਤਰ ਵਿੱਚ ਕੀਤੇ ਵਿਸਤ੍ਰਿਤ ਕੰਮ ਦੀ ਪ੍ਰਸ਼ੰਸਾ ਕਰਦਾ ਹੈ, ਜੋ ਸਮੇਂ ਸਿਰ ਇਲਾਜ ਨਾ ਹੋਣ 'ਤੇ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਡਾ. ਸ਼ਰਮਾ ਦੀ ਖੋਜ ਨੇ ਦਰਸਾਇਆ ਹੈ ਕਿ ਇਹ ਜਟਿਲ ਬਿਮਾਰੀਆਂ ਭਾਰਤੀ ਮਰੀਜ਼ਾਂ ਵਿੱਚ ਕਿਵੇਂ ਵੱਖਰੇ ਢੰਗ ਨਾਲ ਪ੍ਰਗਟ ਹੁੰਦੀਆਂ ਹਨ।ਉਨ੍ਹਾਂ ਦੀ ਟੀਮ ਵੱਲੋਂ ਇੱਕ ਵਿਰਲੀ ਜੈਨੇਟਿਕ ਸੁੱਜਣ ਵਾਲੀ ਬਿਮਾਰੀ 'ਤੇ ਕੀਤਾ ਗਿਆ ਕੰਮ ਦੁਨੀਆ ਵਿੱਚ ਆਪਣੀ ਕਿਸਮ ਦਾ ਸਭ ਤੋਂ ਵੱਡਾ ਕਲੀਨੀਕਲ ਅਨੁਭਵ ਮੰਨਿਆ ਜਾਂਦਾ ਹੈ। ਲੈਬੋਰਟਰੀ ਤੋਂ ਇਲਾਵਾ, ਡਾ. ਸ਼ਰਮਾ ਨੇ ਭਾਰਤੀ ਸਿਹਤ ਪ੍ਰਣਾਲੀ ਲਈ ਵਿਆਹਾਰਿਕ ਹੱਲਾਂ 'ਤੇ ਵੀ ਧਿਆਨ ਦਿੱਤਾ।ਉਨ੍ਹਾਂ ਨੇ ਵੈਸਕੁਲਾਈਟਿਸ ਲਈ ਡਾਟਾ ਅਧਾਰਤ ਭਾਰਤੀ ਗਾਈਡਲਾਈਨ ਤਿਆਰ ਕਰਨ ਦੀ ਪਹਿਲ ਸਫ਼ਲਤਾਪੂਰਵਕ ਕੀਤੀ, ਜਿਸ ਵਿੱਚ ਆਰਥਿਕ ਹਾਲਾਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ, ਤਾਂ ਜੁ ਜ਼ਿੰਦਗੀ ਬਚਾਉਣ ਵਾਲਾ ਇਲਾਜ ਹੋਰ ਮਰੀਜ਼ਾਂ ਲਈ ਉਪਲਬਧ ਰਹੇ। ਸਾਡਾ ਉਦੇਸ਼ ਹਮੇਸ਼ਾਂ ਉੱਚ-ਪੱਧਰੀ ਖੋਜ ਤੇ ਮਰੀਜ਼ਾਂ ਦੀਆਂ ਅਸਲ ਜ਼ਰੂਰਤਾਂ ਵਿਚਕਾਰ ਦੀ ਖਾਈ ਨੂੰ ਘਟਾਉਣਾ ਰਿਹਾ ਹੈ, ਡਾ. ਸ਼ਰਮਾ ਨੇ ਕਿਹਾ। ਇਮੇਜਿੰਗ ਤਕਨੀਕਾਂ ਨੂੰ ਸੁਧਾਰ ਕੇ ਅਸੀਂ ਇਹ ਬਿਮਾਰੀਆਂ ਨੂੰ ਟਿਊਬਰਕੁਲੋਸਿਸ ਵਰਗੀਆਂ ਆਮ ਬਿਮਾਰੀਆਂ ਤੋਂ ਵੱਖਰਾ ਪਛਾਣ ਸਕਦੇ ਹਾਂ ਤੇ ਤੇਜ਼ ਅਤੇ ਸਹੀ ਇਲਾਜ ਮੁਹੱਈਆ ਕਰ ਸਕਦੇ ਹਾਂ। ਉਨ੍ਹਾਂ ਦੇ ਕੰਮ ਦਾ ਪ੍ਰਭਾਵ ਵਿਸ਼ਵ ਪੱਧਰ 'ਤੇ ਵੀ ਵੇਖਣ ਨੂੰ ਮਿਲ ਰਿਹਾ ਹੈ।ਰੀਲੈਪਸਿੰਗ ਪੋਲੀਕੋਂਡ੍ਰਾਈਟਿਸ (ਕਾਰਟਿਲੇਜ ਦੀ ਵਿਰਲੀ ਸੁੱਜਣ) ਦੀ ਜਾਂਚ ਲਈ 'ਪੈਟ' ਸਕੈਨ ਦੇ ਉਪਯੋਗ ਬਾਰੇ ਉਨ੍ਹਾਂ ਦੀ ਟੀਮ ਦੀਆਂ ਖੋਜਾਂ ਨੂੰ ਦੁਨੀਆ ਦੇ ਪ੍ਰਮੁੱਖ ਮੈਡੀਕਲ ਸਰੋਤਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਡਾ. ਨਵੀਨ ਕਲਰਾ, ਵਿਭਾਗ ਰੇਡੀਓਡਾਇਗਨੋਸਿਸ, ਨੂੰ ਇੰਟਰਵੇਂਸ਼ਨਲ ਰੇਡੀਓਲੋਜੀ ਲਈ 'ਆਰਏਈ' ਡਾ. ਖੰਡੇਲਵਾਲ ਅਵਾਰਡ ਮਿਲਿਆ।ਉਨ੍ਹਾਂ ਨੇ ਜਿਗਰ ਦੇ ਕੈਂਸਰ ਦੇ ਲੋਕੋਰੀਜਨਲ ਇਲਾਜ ਖੇਤਰ 'ਚ ਕੀਤੇ ਵਿਸਤ੍ਰਿਤ ਕੰਮ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਪੀਜੀਆਈ ਵਿੱਚ ਪਹਿਲੀ ਵਾਰ ਕੀਤੀਆਂ ਗਈਆਂ ਨਵੀਂ ਤਕਨੀਕਾਂ ਜਿਵੇਂ ਕਿ ਕ੍ਰਾਇਓਅਬਲੇਸ਼ਨ ਤੇ ਇਰੀਵਰਸਿਬਲ ਇਲੈਕਟ੍ਰੋਪੋਰੇਸ਼ਨ ਬਾਰੇ ਵੀ ਦੱਸਿਆ।ਜਿਗਰ ਦੇ ਕੈਂਸਰ ਦੇ ਇਲਾਜ ਵਿੱਚ ਹਾਈਬ੍ਰਿਡ ਐਂਜਿਓ-ਸੀਟੀ ਦੇ ਉਪਯੋਗ 'ਤੇ ਵੀ ਚਰਚਾ ਕੀਤੀ ਗਈ।




# ਪੰਜਾਬ ਸਰਕਾਰ ਸੂਬੇ ਦੀ ਖ਼ੁਸ਼ਹਾਲੀ ਤੇ ਸਰਬਪੱਖੀ ਵਿਕਾਸ ਲਈ ਸਿਰਤੋੜ ਯਤਨ ਕਰ ਰਹੀ : ਸਵਨਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਖੁਸ਼ਹਾਲੀ ਤੇ ਸਰਵਪੱਖੀ ਵਿਕਾਸ ਲਈ ਸਿਰਤੋੜ ਯਤਨ ਕਰ ਰਹੀ ਹੈ। ਇਸੇ ਤਹਿਤ ਹੀ ਪੰਜਾਬ ਸਰਕਾਰ ਵੱਲੋਂ ਲਗਭਗ ਪਿਛਲੇ ਚਾਰ ਸਾਲਾਂ ਵਿੱਚ ਹਲਕਾ ਫਾਜ਼ਿਲਕਾ ਵਿਖੇ ਨਵੇਂ ਖਾਲਿਆਂ ਦੀ ਉਸਾਰੀ ਤੇ 50 ਕਰੋੜ ਰੁਪਏ ਖਰਚੇ ਗਏ ਹਨ। ਲਗਭਗ 15 ਕਰੋੜ ਦੀ ਲਾਗਤ ਨਾਲ ਹੁਣ ਹੋਰ ਨਵੇਂ ਖਾਲੇ ਬਣਾਏ ਜਾ ਰਹੇ ਹਨ, ਜੋ ਕਿ ਕਾਫੀ ਖਰਾਬ ਹੋ ਗਏ ਸਨ। ਉਨ੍ਹਾਂ ਕਿਹਾ ਕਿ ਜਿਹੜੇ ਖਾਲੇ ਜ਼ਮੀਨਾਂ ਵਿਚੋਂ ਗਾਇਬ ਹੋ ਗਏ ਸਨ ਉਨ੍ਹਾਂ ਖਾਲਿਆਂ ਦੀ ਉਸਾਰੀ ਲਈ ਵੀ ਖੇਤਾਂ ਵਿੱਚ ਨਿਸ਼ਾਨਦੇਹੀਆਂ ਕਰਕੇ ਨਵੇਂ ਖਾਲੇ ਬਣਾਏ ਜਾ ਰਹੇ ਹਨ।ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਦੱਸਿਆ ਕਿ ਸਾਡੇ ਹਲਕੇ ਦੇ ਟੇਲਾਂ 'ਤੇ ਪੈਂਦੇ ਪਿੰਡ ਜੋ ਰਾਜਸਥਾਨ ਤੇ ਪਾਕਿਸਤਾਨ ਦੇ ਨਾਲ ਲੱਗਦੇ ਹਨ ਉੱਥੇ ਨਵੇਂ ਖਾਲੇ ਬਣ ਰਹੇ ਹਨ। ਹੁਣ ਟੇਲਾਂ ਤੇ ਪਾਣੀ ਪਹੁੰਚ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹੱਕਾਂ ਦੀ ਰਾਖੀ ਕਰਨ ਵਿੱਚ ਲੱਗੀ ਹੋਈ ਤੇ ਇਸੇ ਤਹਿਤ ਪੂਰਾ ਨਹਿਰੀ ਪਾਣੀ ਟੇਲਾਂ ਤੇ ਪਹੁੰਚਾਇਆ ਜਾ ਰਿਹਾ ਹੈ।ਇਸ ਮੌਕੇ ਬਕੈਨ ਵਾਲਾ ਵਿਖੇ ਪੰਜਾਵਾ ਮਾਇਨਰ ਮੋਘੇ ਤੇ ਚੱਲ ਰਹੇ ਨਵੇਂ ਖਾਲੇ ਬਣਨ ਦੀ ਪ੍ਰਕਿਰਆ ਬਾਰੇ ਬੋਲਦਿਆਂ ਕਿਸਾਨਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਦੇ ਧੰਨਵਾਦੀ ਹਨ ਜਿਨ੍ਹਾਂ ਦੇ ਯਤਨਾ ਸਦਕਾ ਸਾਡੇ ਖੇਤਾਂ ਨੂੰ ਨਹਿਰੀ ਪਾਣੀ ਮਿਲਿਆ ਹੈ ਤੇ ਸਾਡੇ ਇੱਥੇ ਖਾਲੇ ਬਣਨ ਦਾ ਕੰਮ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਡਾ ਏਰੀਆ ਬਾਗਾਂ ਦਾ ਹੈ ਤੇ ਬਾਗਾਂ ਲਈ ਨਹਿਰੀ ਪਾਣੀ ਦੀ ਬਹੁਤ ਲੋੜ ਹੁੰਦੀ ਹੈ ਤੇ ਸਾਡੇ ਲਈ ਮਾਣ ਵਾਲੀ ਗੱਲ ਹੈ।

# ਵਿਧਾਇਕ ਕੋਹਲੀ ਵੱਲੋਂ ਚਾਰ ਕਲਾਸਰੂਮ ਦਾ ਉਦਘਾਟਨ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਸਰਕਾਰ ਵੱਲੋਂ ਸਕੂਲੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਕੂਲਾਂ 'ਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ, ਜਿਸ ਦੇ ਤਹਿਤ ਹੀ ਬਲਾਕ ਪਟਿਆਲਾ-2 ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦਾਰੂ ਕੁਟੀਆ ਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅਰਾਈ ਮਾਜਰਾ ਵਿਖੇ ਬਣਾਏ ਗਏ ਚਾਰ ਨਵੇਂ ਕਲਾਸ ਰੂਮ ਦਾ ਉਦਘਾਟਨ ਕਰਨ ਲਈ ਸਮਾਰੋਹ ਕਰਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਪਟਿਆਲਾ (ਸ਼ਹਿਰੀ) ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸ਼ਿਰਕਤ ਕੀਤੀ। ਵਿਧਾਇਕ ਕੋਹਲੀ ਦੇ ਸਕੂਲ ਵਿੱਚ ਪਹੁੰਚਣ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀ. ਸਿੰ.) ਸ਼ਾਲੂ ਮਹਿਰਾ ਤੇ ਬੀਪੀਈਓ ਪ੍ਰਿਥੀ ਸਿੰਘ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਜੀ ਆਇਆਂ ਨੂੰ ਆਖਿਆ ਗਿਆ। ਉਦਘਾਟਨੀ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਕੋਹਲੀ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦਾ ਨਾਰਾ ਦੇ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਸਰਕਾਰੀ ਸਕੂਲਾਂ ਦੀ ਦਸ਼ਾ ਨੂੰ ਸੁਧਾਰਨ ਵਿੱਚ ਲਗਾਤਾਰ ਲੱਗੀ ਹੋਈ ਹੈ।ਉਨ੍ਹਾਂ ਕਿਹਾ ਕਿ ਅੱਜ ਸੂਬੇ ਦੇ ਲੋਕ ਸਰਕਾਰੀ ਸਕੂਲਾਂ ਉਪਰ ਵਿਸ਼ਵਾਸ ਕਰਕੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲ ਕਰਵਾ ਰਹੇ ਹਨ।ਵਿਧਾਇਕ ਕੋਹਲੀ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਲੋਕਾਂ ਦਾ ਸਰਕਾਰੀ ਸਕੂਲਾਂ ਤੋਂ ਭਰੋਸਾ ਬਿਲਕੁਲ ਹੀ ਖਤਮ ਹੋ ਚੁੱਕਿਆ ਸੀ, ਜਿਸ ਨੂੰ ਦੁਬਾਰਾ ਬਣਾਉਣ ਵਿੱਚ ਪੰਜਾਬ ਸਰਕਾਰ ਕਾਮਯਾਬ ਹੋਈ ਹੈ। ਬੀਪੀਈਓ ਪ੍ਰਿਥੀ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲ ਕਿਸੇ ਵੀ ਪੱਖ ਤੋਂ ਪੜ੍ਹਾਈ ਵਿਚ ਪਿੱਛੇ ਨਹੀਂ ਹਨ।ਸਰਕਾਰੀ ਸਕੂਲਾਂ ਦੇ ਪੜ੍ਹੇ ਹੋਏ ਵਿਦਿਆਰਥੀ ਆਈਏਐਸ, ਪੀਸੀਐਸ, ਇੰਜੀਨੀਅਰ, ਡਾਕਟਰ, ਪ੍ਰੋਫੈਸਰ, ਅਧਿਆਪਕ ਵਰਗੇ ਅਹਿਮ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ।



# ਬਰਸਟ ਨੇ 'ਆਪ' ਦੀਆਂ ਨੀਤੀਆਂ ਘਰ-ਘਰ ਪੁਚਾਉਣ ਲਈ ਵਲੰਟੀਅਰਾਂ ਨੂੰ ਕੀਤਾ ਲਾਮਬੰਦ

**ਸਮਾਣਾ, (ਗੁਰਪਿਆਰ ਸਿੰਘ ਬੱਲ)** ਹਲਕਾ ਸਮਾਣਾ ਦੀ ਗ੍ਰੀਨ ਸਿਟੀ ਕਲੋਨੀ ਵਿਖੇ ਕੁਲਦੀਪ ਸਿੰਘ ਵਿਰਕ ਹਲਕਾ ਸਮਾਣਾ ਪ੍ਰਧਾਨ ਯੁੱਧ ਨਸ਼ਿਆ ਵਿਰੁੱਧ ਤੇ ਹਰਸ਼ਵੀਰ ਸਿੰਘ ਵਿਰਕ ਬਲਾਕ ਪ੍ਰਧਾਨ ਵੱਲੋਂ ਆਯੋਜਤ ਵੱਖ-ਵੱਖ ਮੀਟਿੰਗਾਂ ਵਿੱਚ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਮੀਟਿੰਗ ਵਿੱਚ ਹਲਕੇ ਦੇ ਵੱਡੀ ਗਿਣਤੀ 'ਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਹਾਜ਼ਰ ਰਹੇ, ਜਿਨ੍ਹਾਂ ਨਾਲ ਬਰਸਟ ਨੇ ਪਾਰਟੀ ਦੀਆਂ ਗਤੀਵਿਧੀਆਂ ਤੇ ਆਉਣ ਵਾਲੀਆਂ ਯੋਜਨਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਬਰਸਟ ਨੇ ਪਾਰਟੀ ਵਲੰਟੀਅਰਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ।ਉਨ੍ਹਾਂ ਵਰਕਰਾਂ ਦੀ ਮਿਹਨਤ ਅਤੇ ਪਾਰਟੀ ਪ੍ਰਤੀ ਨਿਸ਼ਠਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਤਾਕਤ ਉਸਦੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਲੰਟੀਅਰ ਹਨ।ਪਾਰਟੀ ਦੀਆਂ ਨੀਤੀਆਂ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਏ ਜਾ ਰਹੇ ਲੋਕ-ਹਿਤੈਸ਼ੀ ਫੈਸਲੇ ਲੋਕਾਂ ਤੱਕ ਪੁਚਾਉਣ ਵਿੱਚ ਵਲੰਟੀਅਰਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ।ਉਨ੍ਹਾਂ ਅਪੀਲ ਕੀਤੀ ਕਿ ਉਹ ਸਾਰੇ ਪਾਰਟੀ ਦੇ ਹੱਕ ਵਿੱਚ ਲਾਮਬੰਦ ਹੋਣ ਤੇ ਹਲਕੇ ਵਿੱਚ ਪਾਰਟੀ ਦੀ ਪਹੁੰਚ ਨੂੰ ਹੋਰ ਮਜ਼ਬੂਤ ਬਣਾਉਣ ਲਈ ਮਿਹਨਤ ਕਰਨ। ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਬਹੁਤ ਹੀ ਅਹਿਮ ਕਦਮ ਚੁੱਕੇ ਜਾ ਰਹੇ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚਾਰ ਸਾਲਾਂ ਦੌਰਾਨ ਮਿਸਾਲੀ ਕਾਰਜ ਕਰਦਿਆਂ ਹੋਇਆ ਸਾਰਿਆਂ ਗਰੰਟੀਆਂ ਪੂਰੀਆਂ ਕੀਤੀਆਂ ਹਨ।ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਤੋਂ ਲੋਕ ਬਹੁਤ ਖੁਸ਼ ਹਨ।



# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਦੀਆਂ 2 ਗ਼ੈਰ-ਕਾਨੂੰਨੀ ਉਸਾਰੀਆਂ ਢਹਿ-ਢੇਰੀ

**ਮਾਲੇਰਕੋਟਲਾ (ਅਸਗਰ ਪਰਿਹਾਰ)** ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤਹਿਤ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ।ਇਸੇ ਲੜੀ ਤਹਿਤ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਡੀ.ਐਸ.ਪੀ. ਮਾਨਵਜੀਤ ਸਿੰਘ ਦੀ ਅਗਵਾਈ ਹੇਠ ਐਸ.ਐਚ.ਓ. ਦਰਸ਼ਨ ਸਿੰਘ ਅਤੇ ਭਾਰੀ ਪੁਲਿਸ ਫੋਰਸ ਵੱਲੋਂ 2 ਨਸ਼ਾ ਤਸਕਰਾਂ ਦੇ ਨਜਾਇਜ਼ ਕਬਜ਼ਿਆਂ ਨੂੰ ਢਹਿ ਢੇਰੀ ਕੀਤਾ ਗਿਆ। ਡੀ.ਐਸ.ਪੀ. ਮਾਨਵਜੀਤ ਸਿੰਘ ਨੇ ਦੱਸਿਆ ਕਿ ਨਗਰ ਕੌਂਸਲ ਦੇ ਸਹਿਯੋਗ ਨਾਲ ਥਾਣਾ ਸਿਟੀ 1 ਤੇ ਥਾਣਾ ਸਿਟੀ 2 ਮਾਲੇਰਕੋਟਲਾ ਦੇ ਦੋ ਗੈਰ-ਕਾਨੂੰਨੀ ਜਾਇਦਾਦ 'ਤੇ ਕਾਰਵਾਈ ਕੀਤੀ ਗਈ।ਨਸ਼ਾ ਤਸਕਰੀ ਨਾਲ ਸਬੰਧਤ ਮੁਹੰਮਦ ਸ਼ਮਸ਼ਾਦ ਉਰਫ ਬੰਨਾ ਪੁੱਤਰ ਮੁਹੰਮਦ ਯਾਕੂਬ ਵਾਸੀ ਕਿਲ੍ਹਾ ਰਹਿਮਤਗੜ੍ਹ ਤੇ ਮੁਹੰਮਦ ਯਾਕੂਬ ਪੁੱਤਰ ਮੁਹੰਮਦ ਰਫੀਕ ਵਾਸੀ ਕੁਟੀ ਰੋਡ ਦੇੜਾਖੂਹ ਵੱਲੋਂ ਸਰਕਾਰੀ ਥਾਵਾਂ ਤੇ ਗੈਰ-ਕਾਨੂੰਨੀ ਕਬਜ਼ਾ ਕੀਤਾ ਹੋਇਆ ਸੀ।ਇਸ ਲਈ ਸਿਵਲ ਪ੍ਰਸ਼ਾਸਨ ਨੇ ਪੁਲਸ ਵਿਭਾਗ ਨਾਲ ਮਿਲਕੇ ਇਨਾਂ ਅਣਅਧਿਕਾਰਤ ਕੀਤੀ ਉਸਾਰੀ ਨੂੰ ਢਹਿ-ਢੇਰੀ ਕੀਤਾ ਗਿਆ। ਡੀ.ਐਸ.ਪੀ. ਮਾਲੇਰਕੋਟਲਾ ਨੇ ਹੋਰ ਦੱਸਿਆ ਕਿ ਕਾਨੂੰਨੀ ਰਿਕਾਰਡ ਮੁਤਾਬਕ ਇਨ੍ਹਾਂ ਵਿਅਕਤੀਆਂ ਤੇ ਨਸ਼ਾ ਤਸਕਰੀ ਦੇ ਮਾਮਲੇ ਵੀ ਦਰਜ ਹਨ, ਜਿਨ੍ਹਾਂ ਵਿੱਚ ਮੁਹੰਮਦ ਯਾਕੂਬ ਪੁੱਤਰ ਮੁਹੰਮਦ ਰਫੀਕ 'ਤੇ 5 ਮਾਮਲੇ ਦਰਜ ਹਨ, ਜਦਕਿ ਮੁਹੰਮਦ ਸ਼ਮਸ਼ਾਦ ਉਰਫ ਬੰਨਾ ਪੁੱਤਰ ਮੁਹੰਮਦ ਯਾਕੂਬ ਖ਼ਿਲਾਫ਼ 2 ਮਾਮਲੇ ਦਰਜ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ ਤੇ ਨਸ਼ਿਆਂ ਦੇ ਜਾਲ ਨੂੰ ਪੂਰਨ ਤੌਰ ਤੇ ਖ਼ਤਮ ਕਰਨ ਲਈ ਪੰਜਾਬ ਸਰਕਾਰ ਤੇ ਮਾਨਯੋਗ ਡੀ.ਜੀ.ਪੀ ਪੰਜਾਬ ਸ਼੍ਰੀ ਗੌਰਵ ਯਾਦਵ ਦੀਆਂ ਹਦਾਇਤਾਂ ਅਨੁਸਾਰ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਇਸ ਗੈਰ-ਕਾਨੂੰਨੀ ਧੰਦੇ ਨੂੰ ਤੁਰੰਤ ਛੱਡ ਦੇਣ, ਨਹੀਂ ਤਾਂ ਭਵਿੱਖ ਵਿੱਚ ਉਨ੍ਹਾ ਖ਼ਿਲਾਫ਼ ਕਾਨੂੰਨ ਅਨੁਸਾਰ ਇਸੇ ਤਰ੍ਹਾਂ ਦੀ ਕੜੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।



## ...ਸ.ਫਾ 1 ਦੇ ਬਾਕੀ

### ਈਰਾਨ ਵੱਲੋਂ ਭਾਰਤ ਆ ਰਹੇ...

ਦੀਆਂ ਬੰਦਰਗਾਹਾਂ ਦੀ ਆਰਥਿਕ ਘੇਰਾਬੰਦੀ ਬਰਕਰਾਰ ਰਹੇਗੀ। ਵੈਂਸ ਅਤੇ ਅਮਰੀਕੀ ਵਿਸ਼ੇਸ਼ ਦੂਤ ਸਟੀਵ ਵਿਟਕੌਫ ਅਤੇ ਜੇਰੇਡ ਕੁਸ਼ਨਰ ਮੰਗਲਵਾਰ ਨੂੰ ਪਾਕਿਸਤਾਨ ਦੇ ਦੌਰੇ ਉੱਤੇ ਜਾਣ ਵਾਲੇ ਸਨ, ਪਰ ਵ੍ਹਾਈਟ ਹਾਊਸ ਨੇ ਕਿਹਾ ਕਿ ਵਫ਼ਦ ਦੀ ਪਾਕਿਸਤਾਨ ਯਾਤਰਾ ਅਜੇ ਨਹੀਂ ਹੋ ਰਹੀ ਹੈ।

ਟਰੰਪ ਨੇ ਮੰਗਲਵਾਰ ਨੂੰ ਇੱਕ ਬਿਆਨ ਜਾਰੀ ਕਰਦਿਆਂ ਕਿਹਾ, ਈਰਾਨ ਦੀ ਸਰਕਾਰ ਬੁਰੀ ਤਰ੍ਹਾਂ ਖਿੰਡੀ ਹੋਈ ਹੈ, ਜਿਸ ਦੀ ਪਹਿਲਾਂ ਹੀ ਉਮੀਦ ਸੀ। ਹੁਣ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਬੇਨਤੀ 'ਤੇ ਸਾਨੂੰ ਈਰਾਨ 'ਤੇ ਹੋਣ ਵਾਲਾ ਹਮਲਾ ਉਦੋਂ ਤੱਕ ਰੋਕਣ ਲਈ ਕਿਹਾ ਗਿਆ ਹੈ, ਜਦੋਂ ਤੱਕ ਉਨ੍ਹਾਂ ਦੇ ਆਗੂ ਅਤੇ ਪ੍ਰਤੀਨਿਧੀ ਕੋਈ ਸਾਂਝਾ ਪ੍ਰਸਤਾਵ ਪੇਸ਼ ਨਹੀਂ ਕਰਦੇ। ਅਮਰੀਕੀ ਰਾਸ਼ਟਰਪਤੀ ਨੇ ਕਿਹਾ 'ਇਸ ਲਈ ਫੌਜ ਨੂੰ ਘੇਰਾਬੰਦੀ ਜਾਰੀ ਰੱਖਣ ਅਤੇ ਹੋਰ ਸਾਰੇ ਮਾਮਲਿਆਂ ਵਿੱਚ ਤਿਆਰ ਤੇ ਸਮਰੱਥ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਜੰਗਬੰਦੀ ਨੂੰ ਉਦੋਂ ਤੱਕ ਵਧਾਵਾਂਗੇ, ਜਦੋਂ ਤੱਕ ਇਰਾਨ ਵੱਲੋਂ ਪ੍ਰਸਤਾਵ ਪੇਸ਼ ਨਹੀਂ ਕੀਤਾ ਜਾਂਦਾ ਅਤੇ ਗੱਲਬਾਤ ਕਿਸੇ ਅੰਤਿਮ ਨਤੀਜੇ 'ਤੇ ਨਹੀਂ ਪਹੁੰਚ ਜਾਂਦੀ।" ਦੂਜੇ ਪਾਸੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਈਰਾਨ ਨਾਲ ਜੰਗਬੰਦੀ ਵਧਾਉਣ ਲਈ ਟਰੰਪ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਉਮੀਦ ਜਤਾਈ ਕਿ ਦੋਵੇਂ ਪੱਖ ਇਸ ਜੰਗ ਨੂੰ ਖ਼ਤਮ ਕਰਨ ਲਈ ਇੱਕ ਵੱਡਾ ਅਤੇ ਮੁਕੰਮਲ ਸ਼ਾਂਤੀ ਸਮਝੌਤਾ ਕਰਨ ਵਿੱਚ ਕਾਮਯਾਬ ਹੋਣਗੇ।

### ਲੈਨਿਨ ਦੇ ਜਨਮ ਦਿਨ ਮੌਕੇ ...

ਆਪਣੇ-ਆਪਣੇ ਪਿੰਡਾਂ ਵਿੱਚ, ਬਲਾਕਾਂ ਵਿੱਚ ਇਨ੍ਹਾਂ ਸਿਧਾਂਤਕ ਸਕੂਲਾਂ ਦੀ ਸ਼ੁਰੂਆਤ ਕਰੀਏ।ਵਿਚਾਰ-ਚਰਚਾ ਦੀ ਸ਼ੁਰੂਆਤ ਕਰਦਿਆਂ ਡਾਕਟਰ ਇੰਦਰਵੀਰ ਗਿੱਲ ਜ਼ਿਲ੍ਹਾ ਮੀਤ ਸਕੱਤਰ ਨੇ ਲੈਨਿਨ ਦੀ ਜੀਵਨੀ 'ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਅੱਜ ਸੰਸਾਰ ਪ੍ਰਸਿੱਧ ਮਾਰਕਸਵਾਦੀ ਦਾਰਸ਼ਨਿਕ ਅਤੇ ਸਮਾਜਵਾਦੀ ਅਕਤੂਬਰ ਇਨਕਲਾਬ ਦੇ ਮਹਾਨ ਆਗੂ ਵਲਾਦੀਮੀਰ ਇਲੀਇਚ ਲੈਨਿਨ ਦਾ 156ਵਾਂ ਜਨਮ ਦਿਨ ਹੈ।ਸੰਸਾਰ ਭਰ ਵਿੱਚ ਸਮੁੱਚਾ ਮਜ਼ਦੂਰ ਵਰਗ ਹਰ ਵਰ੍ਹੇ ਉਸ ਨੂੰ ਯਾਦ ਕਰਦਾ ਹੈ। ਆਗੂ, ਜਿਸ ਨੇ ਜ਼ੁਲਮ ਅਤੇ ਸ਼ੋਸ਼ਣ ਦੇ ਖ਼ਿਲਾਫ਼ ਲੜਾਈ ਨੂੰ ਨਵੀਂ ਦਿਸ਼ਾ ਦਿੱਤੀ।ਉਸ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਅਮਲ ਵਿੱਚ ਲਿਆਉਂਦੇ ਹੋਏ ਮਜ਼ਦੂਰਾਂ ਤੇ ਗਰੀਬਾਂ ਦੇ ਹੱਕਾਂ ਲਈ ਨਾ ਸਿਰਫ਼ ਸੰਘਰਸ਼ ਕੀਤਾ, ਸਗੋਂ ਸੰਘਰਸ਼ ਨੂੰ ਅੰਤਮ ਮੁਕਾਮ 'ਤੇ ਪੁਚਾ ਕੇ ਰੂਸ ਵਿੱਚ ਮਜ਼ਦੂਰ ਜਮਾਤ ਅਤੇ ਕਿਸਾਨਾਂ ਦਾ ਰਾਜ ਸਥਾਪਤ ਕੀਤਾ। ਉਨ੍ਹਾ ਕਿਹਾ ਕਿ ਅਕਤੂਬਰ ਸਮਾਜਵਾਦੀ ਇਨਕਲਾਬ ਨੇ ਮਨੁੱਖੀ ਇਤਿਹਾਸ ਵਿੱਚ ਨਾ ਸਿਰਫ਼ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ, ਸਗੋਂ ਦੁਨੀਆ ਭਰ ਵਿੱਚ ਮਜ਼ਦੂਰ ਜਮਾਤ ਨੂੰ ਆਪਣੇ ਹਿੱਤਾਂ ਅਤੇ ਹੱਕਾਂ ਵਾਸਤੇ ਸੰਘਰਸ਼ ਦੇ ਨਾਲ ਨਾਲ ਕੌਮੀ ਆਜ਼ਾਦੀ ਘੋਲਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਤਾਕਤ ਦਿੱਤੀ।ਇਸ ਸਿਧਾਂਤਕ ਵਿਚਾਰ-ਚਰਚਾ ਵਿੱਚ ਸੁਖਜਿੰਦਰ ਮਹੇਸਰੀ, ਸਵਰਨ ਸਿੰਘ ਖੋਸਾ, ਗੁਰਮੇਲ ਨਾਹਰ, ਦਰਸ਼ਨ ਲਾਲ, ਬੂਟਾ ਸਿੰਘ ਭੱਟੀ, ਮਾਸਟਰ ਭੁਪਿੰਦਰ ਸਿੰਘ ਸੇਖੋਂ, ਹਰਪ੍ਰੀਤ ਬਾਵਾ, ਕਰਮਵੀਰ ਬੱਧਨੀ, ਜਗਸੀਰ ਖੋਸਾ, ਜਸਪ੍ਰੀਤ ਬੱਧਨੀ, ਹਰਬੰਸ ਸਾਗਰ, ਪੁਖਰਾਜ, ਜਿੰਦਰ ਚੜਿੱਕ, ਰਾਜਵੀਰ ਕੌਰ ਤੇ ਹਰਮਨ ਤਖਾਣਵੱਧ ਨੇ ਹਿੱਸਾ ਲਿਆ।

### ਪੰਜਾਬ 'ਚ ਕਾਇਮ ਹੋਵੇਗਾ ਬਾਸਮਤੀ ...

ਸਭ ਤੋਂ ਵੱਡਾ ਫੁੱਲ ਅਤੇ ਪੌਦਾ ਬਾਜ਼ਾਰ ਹੈ, ਜਿੱਥੇ ਉਨ੍ਹਾਂ ਜਾਣਿਆ ਕਿ ਡੱਚ ਨਿਲਾਮੀ ਪ੍ਰਣਾਲੀ ਉਤਪਾਦਨ, ਲੌਜਿਸਟਿਕਸ ਅਤੇ ਵਿਸ਼ਵਵਿਆਪੀ ਵੰਡ ਦੀ ਉਚ ਏਕੀਕ੍ਰਿਤ ਪ੍ਰਣਾਲੀ ਦਾ ਹੈ। ਮਾਨ ਨੇ ਖੇਤੀਬਾੜੀ-ਮੁੱਲ ਲੜੀ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਇਸੇ ਤਰ੍ਹਾਂ ਦੇ ਮਾਡਲ ਅਪਨਾਉਣ ਦੇ ਪੰਜਾਬ ਦੇ ਇਰਾਦੇ ਦਾ ਜ਼ਿਕਰ ਕੀਤਾ, ਜਿਸ ਨਾਲ ਸੂਬੇ ਦੇ ਕਿਸਾਨਾਂ ਨੂੰ ਬਹੁਤ ਲਾਭ ਹੋਵੇਗਾ।ਮੁੱਖ ਮੰਤਰੀ ਨੇ ਖੇਤੀਬਾੜੀ ਡਾਇਰੈਕਟਰ-ਜਨਰਲ ਸਮੇਤ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਵਿੱਚ ਨੀਦਰਲੈਂਡ ਸਰਕਾਰ ਦੇ ਖੇਤੀਬਾੜੀ, ਮੱਛੀ ਪਾਲਣ, ਖੁਰਾਕ ਸੁਰੱਖਿਆ ਅਤੇ ਕੁਦਰਤ ਬਾਰੇ ਮੰਤਰਾਲੇ ਨਾਲ ਵਿਸਤ੍ਰਿਤ ਮੀਟਿੰਗ ਵੀ ਕੀਤੀ। ਮਾਨ ਨੇ ਇਹ ਵੀ ਕਿਹਾ ਕਿ ਪੰਜਾਬ ਨੀਦਰਲੈਂਡ ਦੀਆਂ ਉਨਤ ਖੇਤੀਬਾੜੀ ਪ੍ਰਣਾਲੀਆਂ ਨੂੰ ਅਪਣਾਉਣ ਲਈ ਉਤਸੁਕ ਹੈ, ਜਿਸ ਵਿੱਚ ਆਟੋਮੇਸ਼ਨ, ਏ ਆਈ, ਡਰੋਨ ਅਤੇ ਅੰਕੜਾ-ਅਧਾਰਤ ਫਸਲ ਪ੍ਰਬੰਧਨ ਦੀ ਵਰਤੋਂ ਦੇ ਨਾਲ-ਨਾਲ ਗ੍ਰੀਨਹਾਊਸ ਖੇਤੀ ਵਿੱਚ ਨਵੀਨਤਾਵਾਂ ਸ਼ਾਮਲ ਹਨ।ਉਨ੍ਹਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਅਤੇ ਵੈਗਨਿੰਗਨ ਯੂਨੀਵਰਸਿਟੀ ਐਂਡ ਰਿਸਰਚ (ਡਬਲਯੂ ਯੂ ਆਰ) ਵਰਗੀਆਂ ਪ੍ਰਮੁੱਖ ਡੱਚ ਸੰਸਥਾਵਾਂ ਦਰਮਿਆਨ ਖਾਸ ਕਰਕੇ ਲਾਗੂ ਖੋਜ, ਨਵੀਨਤਾ ਅਤੇ ਗਿਆਨ ਦੇ ਆਦਾਨ-ਪ੍ਰਦਾਨ ਵਿੱਚ ਸੰਭਾਵੀ ਸਾਂਝੇਦਾਰੀ ਦਾ ਪ੍ਰਸਤਾਵ ਰੱਖਿਆ। ਵੀ ਐੱਨ ਓ-ਐੱਨ ਸੀ ਡਬਲਯੂ (ਕਨਫੈਡਰੇਸ਼ਨ ਆਫ ਨੀਦਰਲੈਂਡਜ਼ ਇੰਡਸਟਰੀ ਐਂਡ ਇੰਪਲਾਇਰਜ਼) ਦੀ ਲੀਡਰਸ਼ਿਪ ਨਾਲ ਮੁਲਾਕਾਤ ਦੌਰਾਨ ਉਨ੍ਹਾ ਡੱਚ ਕੰਪਨੀਆਂ ਅਤੇ ਪੰਜਾਬ ਦਰਮਿਆਨ ਨਿਰੰਤਰ ਸ਼ਮੂਲੀਅਤ ਨੂੰ ਸੁਵਿਧਾਜਨਕ ਬਣਾਉਣ ਲਈ ਢਾਂਚਾਗਤ ਸਾਂਝੇਦਾਰੀ ਕਾਇਮ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

# ਵਿਧਾਇਕ ਦੇਵ ਮਾਨ ਨੇ ਨਵੀਂ ਉਸਾਰੀ ਤੇ ਪੰਜ ਸਾਲ ਦੇ ਰੱਖ-ਰਖਾਵ ਦੇ ਕੰਮ ਦਾ ਰੱਖਿਆ ਨੀਂਹ ਪੱਥਰ

**ਨਾਭਾ (ਵਰਿੰਦਰ ਵਰਮਾ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪਟਿਆਲਾ ਨਾਭਾ ਰੋਡ ਤੋਂ ਨਾਭਾ ਭੋਜੋਮਾਜਰੀ ਰੋਡ ਐਮ.ਸੀ. ਨਾਭਾ ਲੰਬਾਈ 1.75 ਕਿ.ਮੀ. ਦੀ ਨਵੀਂ ਉਸਾਰੀ ਅਤੇ ਪੰਜ ਸਾਲ ਦੇ ਰੱਖ-ਰਖਾਵ ਦੇ ਕੰਮ ਦਾ ਨੀਂਹ ਪੱਥਰ ਹਲਕਾ ਵਿਧਾਨ ਸਭਾ ਨਾਭਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਰੱਖਿਆ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਨਾਭਾ ਦੀ ਕਾਇਆਕਲਪ ਲਈ ਕਰੋੜਾਂ ਰੁਪਏ ਖ਼ਰਚੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਹਲਕੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਪਿੱਛੇ ਨਹੀਂ ਰਹੇਗਾ ਤੇ ਹਲਕੇ ਦੀ ਹਰ ਸੜਕ ਨੂੰ ਪੱਕਾ ਤੇ ਰਿਪੇਅਰ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਵਿੱਚ ਗਲੀਆਂ, ਨਾਲੀਆਂ, ਪੱਕੇ ਛੱਪੜ, ਸੀਵਰੇਜ ਅਤੇ ਸਟੇਡੀਅਮ ਆਦਿ ਕਾਰਜ ਕੀਤੇ ਜਾ ਰਹੇ ਹਨ ਤੇ ਉਹ ਆਪਣੀ ਨਾਭਾ ਭੂਮੀ ਨੂੰ ਕਰਮਭੂਮੀ ਬਣਾ ਕੇ ਹੀ ਰਹਿਣਗੇ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਕਿਹਾ ਕਿ ਜੇਕਰ ਪਿੰਡ ਅਤੇ ਸ਼ਹਿਰ ਦੇ ਕਿਸੇ ਵੀ ਵਿਕਾਸ ਲਈ ਫੰਡ ਦੀ ਲੋੜ ਹੈ ਤਾਂ ਬੇਝਿਜਕ ਹੋ ਕੇ ਉਨ੍ਹਾਂ ਨੂੰ ਦੱਸਣ, ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ । ਹਰ ਵਿਕਾਸ ਦੇ ਕੰਮ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਨੇਪਰੇ ਚਾੜ੍ਹੇ ਜਾਣਗੇ। ਇਸ ਮੌਕੇ ਸਤੀਸ਼ ਬਾਤਿਸ਼ ਐਸ ਡੀ ਓ, ਰਾਜੀ ਪਾਠਕ ਸਰਪੰਚ, ਬਲਾਕ ਸੰਮਤੀ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਕੱਲਰਮਾਜਰੀ, ਵਾਰਡ ਨੰਬਰ 18 ਮੁੱਖ ਸੇਵਾਦਾਰ ਉੱਧਮ ਦੀਪ ਸਿੰਘ, ਸਿਮਰਨ ਅੜਕ ਚੌਹਾਨ, ਹਰਮੀਕ ਵਿੱਚ ਮੈਹਸ, ਜਸਵੀਰ ਸਿੰਘ ਵਜੀਦਪੁਰ, ਅਰਮਾਨ ਨਾਭਾ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਦਾ ਦੌਰਾ

**ਪਠਾਨਕੋਟ, (ਦਵਿੰਦਰ ਸਿੰਘ)**
ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਜ਼ਿਲ੍ਹਾ ਪਠਾਨਕੋਟ ਦੀਆਂ ਵੱਖ-ਵੱਖ ਅਨਾਜ ਮੰਡੀਆਂ ਨੌਂਰੰਗਪੁਰ, ਫਿਰੋਜ਼ਪੁਰ ਕਲਾਂ, ਘੋਹ ਅਤੇ ਬਮਿਆਲ ਦਾ ਦੌਰਾ ਕਰਕੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਅਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ, ਪਵਨ ਕੁਮਾਰ ਫੌਜੀ ਚੇਅਰਮੈਨ ਬਲਾਕ ਸੰਮਤੀ ਘਰੋਟਾ, ਸਾਹਿਬ ਸਿੰਘ ਸਾਬਾ ਜ਼ਿਲ੍ਹਾ ਪ੍ਰਸ਼ੀਦ ਮੈਂਬਰ, ਭੁਪਿੰਦਰ ਸਿੰਘ ਮੁੰਨਾ ਮੈਂਬਰ ਜ਼ਿਲ੍ਹਾ ਪਰਿਸ਼ਦ, ਨਿਤਿਨ ਠਾਕੁਰ ਮੈਂਬਰ ਜ਼ਿਲ੍ਹਾ ਪਰਿਸ਼ਦ, ਡਾਕਟਰ ਸੁਰਿੰਦਰ ਮੋਹਨ ਮਿੰਟਾਂ, ਸਰਪੰਚ ਕਰਨਵੀਰ ਸਿੰਘ, ਹਰਜੀਤ ਕੁਮਾਰ ਸੰਗਠਨ ਇੰਚਾਰਜ ਸੁਜਾਨਪੁਰ,ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰਾਜ ਰਿਸ਼ੀ ਮਹਿਰਾ ਅਤੇ ਵੱਖ-ਵੱਖ ਖਰੀਦ ਏਜੰਸੀਆਂ ਦੇ ਡੀ. ਐੱਮ. ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਹੋਰ ਕਾਰਜਕਰਤਾ ਅਤੇ ਅਹੁਦੇਦਾਰ ਵੀ ਹਾਜ਼ਰ ਸਨ।ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਨੂੰ ਕੇਂਦਰੀ ਪੂਲ ਦੇ ਅੰਦਰ 122 ਲੱਖ ਮੈਟ੍ਰਿਕ ਟਨ ਦਾ ਟੀਚਾ ਮਿਲਿਆ ਹੈ ਅਤੇ ਲਗਾਤਾਰ ਅਸੀਂ ਉਸ ਪਾਸੇ ਵੱਧ ਰਹੇ ਹਾਂ ਤੇ ਹੁਣ ਤੱਕ ਪੰਜਾਬ ਦੀ ਮੰਡੀਆਂ ਦੇ ਵਿੱਚ 50 ਲੱਖ ਮੈਟ੍ਰਿਕ ਟਨ ਕਣਕ ਪਹੁੰਚ ਚੁੱਕੀ ਹੈ, ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 46 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਐੱਮਐੱਸਪੀ 2585 ਰੁਪਏ ਦੇ ਆਧਾਰ 'ਤੇ 472 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਪਾਇਆ ਜਾ ਚੁੱਕਾ ਹੈ।ਦੌਰੇ ਦੌਰਾਨ ਕਟਾਰੂਚੱਕ ਨੇ ਮੰਡੀਆਂ ਵਿੱਚ ਬਾਰਦਾਨੇ ਦੀ ਉਪਲਬੱਧਤਾ, ਲਿਫਟਿੰਗ, ਸਾਫ਼-ਸਫਾਈ ਅਤੇ ਕਿਸਾਨਾਂ ਲਈ ਪੀਣ ਵਾਲੇ ਪਾਣੀ, ਛਾਂ ਅਤੇ ਪਖਾਨਿਆਂ ਦੇ ਪ੍ਰਬੰਧਾਂ ਦਾ ਵੀ ਨਿਰੀਖਣ ਕੀਤਾ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ। ਇਸ ਮੌਕੇ ਮੰਤਰੀ ਨੇ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ।



# ਇੰਜੀ: ਮਨਜੀਤ ਸਿੰਘ ਸੰਧੂ ਦੀ ਸੇਵਾ-ਮੁਕਤੀ 'ਤੇ ਵਿਦਾਇਗੀ ਸਮਾਰੋਹ

**ਬਿਆਸ (ਪਰਮਜੀਤ ਸਿੰਘ ਰੱਖੜਾ)**
ਇੰਜੀ: ਮਨਜੀਤ ਸਿੰਘ ਸੰਧੂ ਜੇ.ਈ. ਬਾਬਾ ਬਕਾਲਾ ਸਾਹਿਬ ਜੋ ਕਿ ਪੰਜਾਬ ਸਟੇਟ ਪਾਵਰ ਕਾਰਪੋ: ਲਿਮ: ਰਈਆ ਮੰਡਲ ਬਿਆਸ ਤੋਂ ਬਤੌਰ ਜੇ.ਈ. ਹੈੱਡ ਡਰਾਫਟਸਮੈਨ ਰਿਟਾਇਰ ਹੋਏ ਹਨ, ਦੀ ਸੇਵਾ ਮੁਕਤੀ 'ਤੇ ਵਿਦਾਇਗੀ ਸਮਾਰੋਹ ਹੋਇਆ।ਇਸ ਮੌਕੇ ਰਈਆ ਮੰਡਲ ਬਿਆਸ ਦੇ ਸਮੂਹ ਸਟਾਫ ਰਾਜੀਵ ਕੁਮਾਰ ਸੁਪਰਡੈਂਟ, ਗੋਲਡੀ ਅਕਾਊਂਟੈਂਟ, ਮਨਜੀਤ ਸਿੰਘ ਯੂਡੀਸੀ, ਅਰਸ਼ਦੀਪ ਸਿੰਘ ਯੂਡੀਸੀ, ਪ੍ਰਭਜੋਤ ਸਿੰਘ ਯੂਡੀਸੀ, ਇੰਦਰ ਇਕਬਾਲ ਸਿੰਘ ਯੂਡੀਸੀ, ਰਣਜੀਤ ਸਿੰਘ ਐੱਲਡੀਸੀ, ਸੁਖਚੈਨ ਸਿੰਘ ਐੱਲਡੀਸੀ, ਸਤਿੰਦਰਜੀਤ ਕੌਰ ਐੱਲਡੀਸੀ, ਬਲਜਿੰਦਰ ਕੌਰ ਐੱਲਡੀਸੀ, ਕੰਵਲਜੀਤ ਕੌਰ, ਗੁਰਜੰਟ ਸਿੰਘ ਅਤੇ ਗੁਰਜੀਤ ਸਿੰਘ ਅਤੇ 66 ਕੇਵੀ ਸ/ਸ ਬਿਆਸ ਤੋਂ ਇੰਜ. ਸੰਦੀਪ ਸਿੰਘ ਜੇਈ, ਗੁਰਇਕਬਾਲ ਸਿੰਘ ਲਾਲੀ ਐੱਸ ਐੱਸ ਏ, ਗੁਰਦੇਵ ਸਿੰਘ ਐੱਸ ਐੱਸ ਏ, ਅਮਰਜੀਤ ਸਿੰਘ ਐੱਸ ਐੱਸ ਏ, ਮਲਕੀਤ ਸਿੰਘ ਐੱਸ ਐੱਸ ਏ, ਸੰਦੀਪ ਕੁਮਾਰ ਐੱਸ ਐੱਸ ਏ ਵੱਲੋਂ ਇੰਜੀ. ਮਨਜੀਤ ਸਿੰਘ ਸੰਧੂ ਜੇਈ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਵਿਧਾਇਕ ਦਲਬੀਰ ਸਿੰਘ ਟੌਂਗ, ਸਾਬਕਾ ਐਮਐਲਏ ਜਥੇਦਾਰ ਬਲਜੀਤ ਸਿੰਘ ਜਲਾਲ ਉਸਮਾ, ਗੁਰਪ੍ਰਤਾਪ ਸਿੰਘ ਸੰਧੂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸੁਰਜੀਤ ਸਿੰਘ ਕੰਗ ਪ੍ਰਧਾਨ ਨਗਰ ਪੰਚਾਇਤ ਬਾਬਾ ਬਕਾਲਾ, ਚੇਅਰਮੈਨ ਹਰਿੰਦਰ ਸਿੰਘ ਬੱਬੂ, ਮੋਹਨ ਸਿੰਘ ਕੰਗ ਪ੍ਰਧਾਨ ਸ਼ਹਿਰੀ, ਬਾਬਾ ਜਗਤਾਰ ਸਿੰਘ ਨਾਥ ਦੀ ਖੂਹੀ ਤੋਂ ਇਲਾਵਾ ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਪੰਜਾਬ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਚਾਹਲ, ਸੀਨੀ: ਮੀਤ ਪ੍ਰਧਾਨ ਹਰਪਿੰਦਰ ਸਿੰਘ ਚਾਹਲ, ਸਰਪੰਚ ਇਕਬਾਲ ਸਿੰਘ ਬੱਲ ਸਾਬਕਾ ਸਰਕਲ ਸੁਪਰਡੈਂਟ, ਤੇਜਿੰਦਰ ਸਿੰਘ ਸੇਖੋਂ ਜੁਆਇੰਟ ਫੋਰਮ ਮੈਂਬਰ, ਗੁਰਬਚਨ ਸਿੰਘ ਬਾਠ ਜੇਈ, ਸ਼ਲਿੰਦਰਜੀਤ ਸਿੰਘ ਰਾਜਨ, ਪਰਮਜੀਤ ਸਿੰਘ ਰੱਖੜਾ, ਗੁਰਪ੍ਰੀਤ ਸਿੰਘ ਧੰਜਲ, ਕੌਂਸਲਰ ਗੁਰਮੀਤ ਸਿੰਘ ਪਨੇਸਰ ਆਦਿ ਬੁਲਾਰਿਆਂ ਨੇ ਅਤੇ ਸਾਰੇ ਉਪ ਮੰਡਲਾਂ ਦੇ ਐੱਸਡੀਓ ਅਤੇ ਜੇਈ ਅਤੇ ਮੁਲਾਜ਼ਮ ਸਾਥੀਆਂ ਨੇ ਇੰਜੀ: ਮਨਜੀਤ ਸਿੰਘ ਸੰਧੂ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ ।ਸੈਕਟਰੀ ਦੀ ਸੇਵਾ ਹਰਪਿੰਦਰ ਸਿੰਘ ਚਾਹਲ ਸੀਨੀਅਰ ਮੀਤ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਵੱਲੋਂ ਬਾਖੂਬੀ ਨਿਭਾਈ ਗਈ ।ਇਸ ਮੌਕੇ ਇੰਜੀ: ਮਨਜੀਤ ਸਿੰਘ ਸੰਧੂ ਵਲੋਂ ਵਿਦਾਇਗੀ ਪਾਰਟੀ ਵਿਚ ਸ਼ਾਮਲ ਹੋਏ ਸਾਰੇ ਹੀ ਮੈਂਬਰ ਸਹਿਬਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।



# ਕਰਮਚਾਰੀ ਘੱਟ ਹੋਣ ਕਾਰਨ ਸ਼ਾਹਪੁਰ ਕੰਢੀ/ਥੜਾ ਫਾਇਰ ਬ੍ਰਿਗੇਡਾਂ ਨੂੰ ਅੱਗ ਬੁਝਾਉਣ 'ਚ ਆ ਰਹੀਆਂ ਮੁਸ਼ਕਲਾਂ

**ਪਠਾਨਕੋਟ (ਦਵਿੰਦਰ ਸਿੰਘ)**-ਰਣਜੀਤ ਸਾਗਰ ਡੈਮ ਪ੍ਰੋਜੈਕਟ ਉਤੇ ਦੋ ਫਾਇਰ ਬ੍ਰਿਗੇਡ ਹਨ, ਜਿਨ੍ਹਾਂ ਵਿੱਚੋਂ ਇੱਕ ਸ਼ਾਹਪੁਰ ਕੰਢੀ ਅਤੇ ਦੂਜਾ ਥੜਾ ਉਪਰਲਾ ਵਿਖੇ ਸਥਿਤ ਹੈ।ਇੱਥੇ ਡਰਾਈਵਰ-ਕਮ-ਓਪਰੇਟਰ ਅਤੇ ਹੋਰ ਸਟਾਫ ਦੀ ਘਾਟ ਹੋਣ ਕਰਕੇ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਡੈਮ ਪ੍ਰਸ਼ਾਸਨ ਵੱਲੋਂ ਸਟਾਫ ਦੀ ਘਾਟ ਪੂਰੀ ਕਰਨ ਲਈ ਕੋਈ ਢੰਗ ਦੇ ਕਦਮ ਨਹੀਂ ਚੁੱਕੇ ਜਾ ਰਹੇ।ਦੋਵੇਂ ਫਾਇਰ ਸਟੇਸ਼ਨ ਡੈਮ ਪ੍ਰਸ਼ਾਸਨ ਟਾਊਨਸ਼ਿਪ ਮੰਡਲ ਦੇ ਅਧੀਨ ਆਉਂਦੇ ਹਨ, ਪਰ ਇਨ੍ਹਾਂ ਦੋਵਾਂ ਕੇਂਦਰਾਂ 'ਤੇ ਸਟਾਫ ਦੀ ਭਾਰੀ ਘਾਟ ਕਾਰਨ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਅੱਗ ਬੁਝਾਉਣ ਲਈ 21 ਫਾਇਰਮੈਨਾਂ ਦੀ ਲੋੜ ਹੈ, ਪਰ ਦੋਵੇਂ ਕੇਂਦਰਾਂ 'ਤੇ ਕੇਵਲ ਪੰਜ ਕਰਮਚਾਰੀ ਹੀ ਹਨ।ਇਸ ਤੋਂ ਇਲਾਵਾ ਇੰਨੇ ਵੱਡੇ ਖੇਤਰ ਵਿੱਚ ਅੱਗ 'ਤੇ ਕਾਬੂ ਪਾਉਣ ਲਈ ਅੱਠ ਲੀਡਿੰਗ ਫਾਇਰਮੈਨਾਂ ਦੀ ਲੋੜ ਹੈ, ਪਰ ਇੱਥੇ ਕੇਵਲ ਤਿੰਨ ਹੀ ਹਨ।ਡਰਾਈਵਰ-ਕਮ-ਓਪਰੇਟਰਾਂ ਲਈ ਦਸ ਤੋਂ ਵੱਧ ਹੈਲਪਰਾਂ ਦੀ ਲੋੜ ਹੈ, ਪਰ ਇਸ ਵੇਲੇ ਡੈਮ ਪ੍ਰਸ਼ਾਸਨ ਕੋਲ ਕੋਈ ਵੀ ਹੈਲਪਰ ਮੌਜੂਦ ਨਹੀਂ।ਇੱਥੇ ਕੰਮ ਕਰ ਰਹੇ ਕਰਮਚਾਰੀਆਂ ਨੇ ਡੈਮ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਕੋਲ ਮੰਗ ਕੀਤੀ ਹੈ ਕਿ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਸਟਾਫ ਦੀ ਘਾਟ ਨੂੰ ਜਲਦੀ ਪੂਰਾ ਕੀਤਾ ਜਾਵੇ।ਇਸ ਸਬੰਧੀ ਆਰਐੱਸਡੀ ਡੈਮ ਪ੍ਰਸ਼ਾਸਨ ਦੇ ਚੀਫ ਇੰਜੀਨੀਅਰ ਵਿਜੈ ਗਰਗ ਨੇ ਕਿਹਾ ਕਿ ਜਲਦੀ ਹੀ ਇਸ ਮਾਮਲੇ ਨੂੰ ਜਲ ਸਰੋਤ ਵਿਭਾਗ ਦੇ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

# ਬੀਐੱਲਏ ਦੀ ਸੂਚੀ ਕਾਂਗਰਸ ਭਵਨ 'ਚ ਜਮ੍ਹਾ ਕਰਵਾਈ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਭਗਵੰਤ ਪਾਲ ਸਿੰਘ ਸੱਚਰ ਇੰਚਾਰਜ ਇੰਡੀਅਨ ਨੈਸ਼ਨਲ ਕਾਂਗਰਸ ਹਲਕਾ ਮਜੀਠਾ ਦੇ ਨਰਦੇਸ਼ਾਂ ਅਨੁਸਾਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਹਾਈਕਮਾਂਡ ਦੀਆਂ ਹਦਾਇਤਾਂ ਅਨੁਸਾਰ ਹਰ ਬੂਥ 'ਤੇ ਬੂਥ ਇੰਚਾਰਜ ਬੀਐੱਲਏ-2 ਲਗਾਏ ਗਏ ਹਨ ਜਿਸ ਦੀ ਸੂਚੀ ਗੁਰਮੀਤ ਸਿੰਘ ਭੀਲੋਵਾਲ ਬੀਐੱਲਏ-1 ਅਤੇ ਮੀਡੀਆ ਇੰਚਾਰਜ ਸੁਰਜੀਤ ਸਿੰਘ ਭੀਲੋਵਾਲ ਇੰਡੀਅਨ ਨੈਸ਼ਨਲ ਕਾਂਗਰਸ ਹਲਕਾ ਮਜੀਠਾ ਬਲਾਕ-2 ਕਾਂਗਰਸ ਭਵਨ ਚੰਡੀਗੜ੍ਹ ਵਿਖੇ ਜਮ੍ਹਾ ਕਰਵਾਈ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਮੀਤ ਸਿੰਘ ਰਾਜੂ ਭੀਲੋਵਾਲ ਅਤੇ ਸੁਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਕਾਂਗਰਸ ਹਾਈ ਕਮਾਂਡ ਅਤੇ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਵੱਲੋਂ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਹ ਤਨਦੇਹੀ ਨਾਲ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।



# ਮੁੱਖ ਮੰਤਰੀ ਤੀਰਥ ਯਾਤਰਾ ਦੀ ਵਾਪਸੀ 'ਤੇ ਯਾਤਰੂਆਂ ਦਾ ਗਰਮਜੋਸ਼ੀ ਨਾਲ ਸਵਾਗਤ



**ਗੁਰਦਾਸਪੁਰ, (ਦਿਨੇਸ਼ ਕੁਮਾਰ)**
ਹਲਕਾ ਇੰਚਾਰਜ ਰਮਨ ਬਹਿਲ ਵੱਲੋਂ ਗਾਂਧਲੀ ਗੇਟ ਨੇੜੇ ਰਾਮ ਲੀਲ੍ਹਾ ਗਰਾਊਂਡ ਵਿਖੇ ਮੁੱਖ ਮੰਤਰੀ ਤੀਰਥ ਯਾਤਰਾ 'ਤੇ ਗਏ ਯਾਤਰੀਆਂ ਦਾ ਵਾਪਸ ਆਉਣ ਗੁਰਦਾਸਪੁਰ ਪਹੁੰਚਣ 'ਤੇ ਗਰਮਜੋਸ਼ੀ ਨਾਲ ਰਸੀਵ ਕਰਕੇ ਸਵਾਗਤ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਇਲਾਕੇ ਦੇ ਆਗੂ, ਵਰਕਰ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਵੀ ਮੌਜੂਦ ਸਨ।ਇਹ ਯਾਤਰਾ ਸ੍ਰੀ ਆਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਵਿਰਾਸਤ-ਏ-ਖਾਲਸਾ ਅਤੇ ਮਾਤਾ ਨੈਣਾ ਦੇਵੀ ਦੇ ਦਰਸ਼ਨ ਲਈ ਗਈ ਸੀ। ਵਾਪਸੀ 'ਤੇ ਯਾਤਰੀਆਂ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਇਹ ਯਾਤਰਾ ਬਹੁਤ ਸੁਖਦਾਇਕ ਅਤੇ ਆਤਮਿਕ ਸ਼ਾਂਤੀ ਪ੍ਰਦਾਨ ਕਰਨ ਵਾਲੀ ਰਹੀ।ਉਨ੍ਹਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਿਸ ਨੇ ਉਨ੍ਹਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਦਿੱਤਾ।ਇਸ ਮੌਕੇ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਲੋਕਾਂ ਨੂੰ ਧਾਰਮਿਕ ਸਥਾਨਾਂ ਨਾਲ ਜੋੜਨ ਲਈ ਇਕ ਸਰਾਹਣਯੋਗ ਪਹਿਲ ਹੈ।ਉਨ੍ਹਾਂ ਕਿਹਾ ਕਿ ਸਰਕਾਰ ਲੋਕ ਭਲਾਈ ਲਈ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ 'ਚ ਵੀ ਇਸ ਤਰ੍ਹਾਂ ਦੀਆਂ ਹੋਰ ਯੋਜਨਾਵਾਂ ਜਾਰੀ ਰੱਖੀਆਂ ਜਾਣਗੀਆਂ ਤਾਂ ਜੋ ਹਰ ਵਰਗ ਨੂੰ ਫ਼ਾਇਦਾ ਮਿਲ ਸਕੇ।ਇਸ ਮੌਕੇ ਜ਼ਿਲ੍ਹਾਂ ਪ੍ਰੀਸ਼ਦ ਦੇ ਮੈਂਬਰ ਸੁੱਚਾ ਸਿੰਘ ਮੁਲਤਾਨੀ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਹਲਕਾ ਗੁਰਦਾਸਪੁਰ ਦੇ ਕੁਆਰਡੀਨੇਟ ਗਗਨ ਮਹਾਜਨ,ਵਪਾਰ ਮੰਡਲ ਦੇ ਪ੍ਰਧਾਨ ਅਸ਼ਵਨੀ ਮਹਾਜਨ, ਇੰਪਰੂਵਮੈਂਟ ਟਰੱਸਟ ਦੇ ਟਰਸਟੀ ਹਿਤੇਸ਼ ਮਹਾਜਨ ਅਤੇ ਇਲਾਕਾ ਨਿਵਾਸੀ ਵੀ ਹਾਜ਼ਰ ਸਨ।

# ਸੇਂਟ ਜੋਸਫ਼ ਕਾਨਵੈਂਟ ਸਕੂਲ ਡੱਲਾ ਮੋੜ ਵੱਲੋਂ ਯੋਗਾ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸੇਂਟ ਜੋਸਫ਼ ਕਾਨਵੈਂਟ ਸਕੂਲ ਡੱਲਾ ਮੋੜ ਦੇ ਵਿਦਿਆਰਥੀਆਂ ਨੇ ਸੀਆਈਐਸਸੀਈ ਜ਼ੋਨਲ ਲੈਵਲ ਯੋਗਾ ਮੁਕਾਬਲੇ 2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ।ਇਹ ਮੁਕਾਬਲਾ ਕ੍ਰਿਸਚ ਦਾ ਕਿੰਗ ਕੌਨਵੈਂਟ ਸਕੂਲ ਸੁਜਾਨਪੁਰ ਵਿੱਚ ਕਰਵਾਇਆ ਗਿਆ ਜਿਸ ਵਿੱਚ ਅੰਡਰ -14 ਵਰਗ ਵਿੱਚ ਪ੍ਰਣਵ ਠਾਕੁਰ ਅਤੇ ਅਸ਼ਮੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਫਤਹਦੀਪ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਵਿੱਚ ਨਜ਼ਰੀਤ ਕੌਰ, ਮਨਦੀਪ ਕੌਰ ਅਤੇ ਮਨਮੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ-17 ਵਰਗ ਵਿੱਚ ਜੈਜਲਪ੍ਰੀਤ ਕੌਰ ਨੇ ਪਹਿਲਾ ਸਥਾਨ ਅਤੇ ਪਰਨੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ।ਮੁੰਡਿਆਂ ਵਿੱਚ ਵਿਸ਼ਾਲ ਮੱਟੂ ਅਤੇ ਆਕਾਸ਼ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਦਿਲਜੀਤ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ -19 ਵਰਗ ਵਿੱਚ ਨਵਦੀਪ ਕੌਰ ਨੇ ਪਹਿਲਾ ਸਥਾਨ, ਰਮਨੀਤ ਕੌਰ ਨੇ ਦੂਜਾ ਸਥਾਨ ਅਤੇ ਅਸ਼ਨੀ ਨੇ ਤੀਜਾ ਸਥਾਨ ਹਾਸਲ ਕੀਤਾ।ਮੁੰਡਿਆਂ ਵਿੱਚ ਰਿਪਨਜੋਤ ਸਿੰਘ, ਹਰਮਨਪ੍ਰੀਤ ਸਿੰਘ ਅਤੇ ਪਰਮਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।



# ਖਾਲਸਾ ਕਾਲਜ ਵਿਖੇ 'ਦਿ ਰਾਜ ਲਾਹੌਰ ਐਂਡ ਭਾਈ ਰਾਮ ਸਿੰਘ' ਪੁਸਤਕ ਲੋਕ ਅਰਪਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**
ਭਾਈ ਰਾਮ ਸਿੰਘ ਖ਼ੁਦ 'ਚ ਹੀ ਕਲਾ ਦੇ ਉੱਤਮ ਨਮੂਨੇ ਵਜੋਂ ਸਿਰਫ਼ ਪੰਜਾਬ 'ਚ ਹੀ ਨਹੀਂ, ਬਲਕਿ ਪੂਰੇ ਏਸ਼ੀਆ 'ਚ ਜਾਣੇ-ਪਹਿਚਾਣੇ ਜਾਂਦੇ ਹਨ।ਉਨ੍ਹਾਂ ਨੇ ਆਪਣੀ ਕਲਾ-ਕੌਸ਼ਲਤਾ ਨਾਲ ਆਪਣੀ ਸੂਝ-ਬੂਝ ਦਾ ਅਤੇ ਹੁਨਰ ਦਾ ਪ੍ਰਗਟਾਵਾ ਕੀਤਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਮੁੱਖ ਮਹਿਮਾਨ ਵਜੋਂ ਸੰਪ੍ਰਦਾਇ ਕਾਰ ਸੇਵਾ ਭੂਰੀ ਵਾਲੇ ਤੋਂ ਸੰਤ ਬਾਬਾ ਸੁਖਵਿੰਦਰ ਸਿੰਘ ਦੀ ਮੌਜੂਦਗੀ 'ਚ ਪੰਜਾਬੀ ਅਧਿਐਨ ਵਿਭਾਗ ਦੇ ਸਹਿਯੋਗ ਨਾਲ ਸੱਚਲ ਪਬਲੀਕੇਸ਼ਨ ਵੱਲੋਂ ਕਰਵਾਏ ਗਏ ਸੈਮੀਨਾਰ ਮੌਕੇ ਪ੍ਰਵੇਜ਼ ਵੰਡਲ ਅਤੇ ਸਾਜਿਦਾ ਵੰਡਲ ਦੀ ਪੁਸਤਕ 'ਦਿ ਰਾਜ, ਲਾਹੌਰ ਐਂਡ ਭਾਈ ਰਾਮ ਸਿੰਘ' ਨੂੰ ਲੋਕ-ਅਰਪਿਤ ਕਰਨ ਸਮੇਂ ਕੀਤਾ।ਇਸ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਸ: ਛੀਨਾ, ਬਾਬਾ ਸੁਖਵਿੰਦਰ ਸਿੰਘ, ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਕਰਮਜੀਤ ਸਿੰਘ ਚਾਹਲ ਅਤੇ ਹੋਰਨਾਂ ਸ਼ਖ਼ਸੀਅਤਾਂ ਨੂੰ ਪੁਸਤਕਾਂ ਦੇ ਸੈੱਟ ਦੇ ਕੇ ਸਵਾਗਤ ਕੀਤਾ।ਇਸ ਮੌਕੇ ਸ: ਛੀਨਾ ਨੇ ਭਾਈ ਰਾਮ ਸਿੰਘ ਦੇ ਜੀਵਨ ਅਤੇ ਵਿਅਕਤੀਤਵ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕਲਾ ਕਿਰਤ ਦੇ ਮੁਕਾਬਲੇ ਅੱਜ ਦੀ ਤਾਰੀਖ਼ 'ਚ ਕੋਈ ਸਾਨੀ ਨਹੀਂ ਹੈ।ਉਹ ਇਕ ਉੱਚੀ-ਸੁੱਚੀ ਅਤੇ ਕਲਾ ਨੂੰ ਸਮਰਪਿਤ ਰੂਹ ਸਨ, ਜਿਨ੍ਹਾਂ ਨੂੰ ਇਹ ਕਲਾ ਦੀ ਦਾਤ ਪ੍ਰਮਾਤਮਾ ਦੀ ਮੇਹਰ ਦੁਆਰਾ ਪ੍ਰਾਪਤ ਹੋਈ।ਉਨ੍ਹਾਂ ਕਿਹਾ ਕਿ ਲਾਹੌਰ ਦੇ ਮਿਉਂ ਕਾਲਜ ਆਫ਼ ਆਰਟ 'ਚ ਬਤੌਰ ਵਾਈਸ ਪ੍ਰਿੰਸੀਪਲ ਵਜੋਂ ਕੰਮ ਕਰਦਿਆਂ ਉਨ੍ਹਾਂ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਇਸਦੀ ਬਿਹਤਰੀ ਲਈ ਕਲਾ-ਕਿਰਤ ਕਰਦਿਆਂ ਬਿਤਾਇਆ।ਇਸ ਤੋਂ ਇਲਾਵਾ ਲਾਹੌਰ ਸ਼ਹਿਰ ਦੀਆਂ ਇਮਾਰਤਾਂ ਇਮਾਰਤਸਾਜ਼ੀ ਅਤੇ ਇਨ੍ਹਾਂ ਦੀ ਨਿਕਾਸੀ ਉਨ੍ਹਾਂ ਦੀ ਕਲਾ ਦਾ ਉੱਤਮ ਨਮੂਨੇ ਕਹੇ ਜਾ ਸਕਦੇ ਹਨ।

# ਦਿਨੇਸ਼ ਬੱਸੀ ਨੇ ਵਿਧਾਨ ਸਭਾ ਚੋਣਾਂ ਲਈ ਕੱਸੀਆਂ ਤਿਆਰੀਆਂ

**ਅੰਮ੍ਰਿਤਸਰ, (ਮਨੋਜ ਕੁਮਾਰ)** - ਅੰਮ੍ਰਿਤਸਰ ਦੇ ਪੂਰਬੀ ਹਲਕੇ ਵਿਚ ਵੇਰਕਾ ਸਥਿਤ ਵਾਰਡ ਨੰਬਰ 19, ਬੱਗੀ ਵਾਲੀ ਪੱਤੀ ਵਿਚ ਮਹੱਤਵਪੂਰਨ ਮੀਟਿੰਗ ਲੱਖਾ ਪ੍ਰਧਾਨ ਦੇ ਨਿਵਾਸ ਸਥਾਨ 'ਤੇ ਹੋਈ। ਇਸ ਮੀਟਿੰਗ ਵਿਚ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਤੇ ਸੀਨੀਅਰ ਕਾਂਗਰਸੀ ਆਗੂ ਦਿਨੇਸ਼ ਬੱਸੀ ਨੇ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਦਾ ਮੁੱਖ ਉਦੇਸ਼ ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ ਲਈ ਰਣਨੀਤੀ ਤਿਆਰ ਕਰਨਾ ਸੀ। ਇਸ ਮੌਕੇ ਦਿਨੇਸ਼ ਬੱਸੀ ਨੇ ਵਰਕਰਾਂ ਨੂੰ ਇਕਜੁੱਟ ਰਹਿਣ ਤੇ ਜ਼ਮੀਨੀ ਪੱਧਰ ਦੇ ਨਾਲ-ਨਾਲ ਜਥੇਬੰਦਕ ਪੱਧਰ 'ਤੇ ਵੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿੱਤ ਯਕੀਨੀ ਬਣਾਉਣ ਲਈ ਹਰ ਵਰਕਰ ਨੂੰ ਲੋਕਾਂ ਵਿਚ ਜਾ ਕੇ ਪਾਰਟੀ ਦੀਆਂ ਨੀਤੀਆਂ ਤੇ ਉਪਲੱਬਧੀਆਂ ਪਹੁੰਚਾਉਣੀਆਂ ਹੋਣਗੀਆਂ। ਮੀਟਿੰਗ ਦੌਰਾਨ ਇਲਾਕੇ ਦੀਆਂ ਮੁੱਢਲੀਆਂ ਸਮੱਸਿਆਵਾਂ ਜਿਵੇਂ ਸੜਕਾਂ, ਪਾਣੀ ਤੇ ਸਫ਼ਾਈ ਪ੍ਰਬੰਧ 'ਤੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਬੱਸੀ ਨੇ ਭਰੋਸਾ ਦਿਵਾਇਆ ਕਿ ਇਨ੍ਹਾਂ ਸਭ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੌਕੇ 'ਤੇ ਸਥਾਨਕ ਨਿਵਾਸੀਆਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ। ਦਿਨੇਸ਼ ਬੱਸੀ ਨੇ ਲੋਕਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦੀ ਹਰ ਸਮੱਸਿਆ ਦਾ ਜਲਦੀ ਹੱਲ ਕੀਤਾ ਜਾਵੇਗਾ। ਇਸ ਮੌਕੇ ਬਚਿੱਤਰ ਸਿੰਘ ਲਾਡੀ, ਰਾਣਾ ਪਵਨ ਕੁਮਾਰ ਰੱਖੜਾ, ਸੰਦੀਪ ਸ਼ਾਹ, ਕਿਸਾਨ ਸੈਲ ਦੇ ਪ੍ਰਧਾਨ ਜਤਿੰਦਰ ਰਾਣਾ ਤੇ ਯੁਵਰਾਜ ਮਜੀਠੀਆ ਸਮੇਤ ਕਈ ਪ੍ਰਮੁੱਖ ਆਗੂ ਮੌਜੂਦ ਸਨ। ਸਾਰਿਆਂ ਨੇ ਇਕਜੁੱਟ ਹੋ ਕੇ ਖੇਤਰ ਦੇ ਵਿਕਾਸ ਤੇ ਪਾਰਟੀ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ।



# ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬੀਬੀ ਰਮਨਦੀਪ ਕੌਰ ਖਡੂਰ ਸਾਹਿਬ ਵਿਖੇ ਹੋਏ ਨਤਮਸਤਕ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਬੀਬਾ ਰਮਨਦੀਪ ਕੌਰ ਪਤਨੀ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋ ਨੂੰ ਹਲਕੇ ਦੇ ਇੰਚਾਰਜ ਨਿਯੁਕਤ ਕੀਤਾ ਗਿਆ ਸੀ, ਜੋ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕਾਂ ਨਾਲ ਖਡੂਰ ਸਾਹਿਬ ਵਿਖੇ ਗੁਰਦੁਆਰਾ ਮੱਲ ਅਖਾੜਾ ਸਾਹਿਬ ਅਤੇ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਹਲਕੇ ਦੇ ਸਾਰੇ ਅਕਾਲੀ ਵਰਕਰ ਉਨ੍ਹਾਂ ਦਾ ਦਿਲ ਤੋਂ ਸਾਥ ਦੇ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਹਲਕਾ ਖਡੂਰ ਸਾਹਿਬ ਵਿੱਚ ਅਕਾਲੀ ਦਲ ਦਾ ਹੀ ਬੋਲਬਾਲਾ ਹੋਵੇਗਾ।ਇਸ ਮੌਕੇ ਉਨ੍ਹਾਂ ਨਾਲ ਸੁਖਰਾਜਬਹਾਦਰ ਸਿੰਘ ਰਾਜਾ ਭੈਲ ਸਰਪੰਚ, ਰਾਜਪਾਲ ਸਿੰਘ ਸੇਰੋਂ, ਸਿਕੰਦਰ ਸਿੰਘ ਵਰਾਣਾ, ਬਾਬਾ ਇੰਦਰਜੀਤ ਸਿੰਘ ਖੱਖ ਗੋਇੰਦਵਾਲ ਸਾਹਿਬ, ਸਤਨਾਮ ਸਿੰਘ ਸੇਰੋਂ, ਦਿਲਬਾਗ ਸਿੰਘ ਸੇਰੋਂ, ਹਰਜੀਤ ਸਿੰਘ ਸੇਰੋਂ, ਭਗਵਾਨ ਸਿੰਘ, ਗੁਰਦੇਵ ਸਿੰਘ, ਮਲਕੀਤ ਸਿੰਘ, ਹਰਭਜਨ ਸਿੰਘ, ਹੀਰਾ ਸਿੰਘ ਠੇਕੇਦਾਰ ਹਰੀਕੇ, ਹਰਵਿੰਦਰ ਸਿੰਘ ਸੇਰੋਂ, ਬਲਰਾਜ ਸਿੰਘ ਪਿੱਦੀ, ਅੰਮ੍ਰਿਤ ਸਿੰਘ ਬਜੜਾ, ਗੁਰਜੀਤ ਕੌਰ, ਪ੍ਰਭਜੀਤ ਕੌਰ ਆਦਿ ਅਕਾਲੀ ਮੋਹਤਬਰ ਤੇ ਵਰਕਰ ਮੌਜੂਦ ਸਨ।



# ਰਿਸ਼ਤੇ 'ਚ ਭੈਣ ਲੱਗਦੀ ਕੁੜੀ ਨਾਲ ਵਿਆਹ ਕਰਵਾਉਣ 'ਤੇ ਮੁੰਡੇ ਦੇ ਪਰਿਵਾਰ ਦਾ ਕੀਤਾ ਬਾਈਕਾਟ

**ਝਬਾਲ, (ਹਰਜਿੰਦਰ ਸਿੰਘ ਸੋਨੀ)**
ਪਿੰਡ ਪੰਡੋਰੀ ਸਿੱਧਵਾਂ ਦੇ ਸਾਰੇ ਪਿੰਡ ਅਤੇ ਗ੍ਰਾਮ ਪੰਚਾਇਤ ਵੱਲੋਂ ਇੱਕ ਸਾਂਝਾ ਮਤਾ ਪਾਇਆ ਗਿਆ।ਸਾਰੇ ਪਿੰਡ ਦੇ ਇਕੱਠ ਵਿੱਚ ਗ੍ਰਾਮ ਪੰਚਾਇਤ ਨੇ ਇਹ ਫੈਸਲਾ ਕੀਤਾ ਕਿ ਜੋ ਪਿੰਡ ਦੇ ਨੌਜਵਾਨ ਲਵਪ੍ਰੀਤ ਸਿੰਘ ਪੁੱਤਰ ਸਤਨਾਮ ਸਿੰਘ ਵੱਲੋਂ ਬਹੁਤ ਹੀ ਘਟੀਆ ਕਰਤੂਤ ਕੀਤੀ, ਗੁਆਂਢ ਵਿੱਚ ਆਪਣੇ ਹੀ ਪਰਿਵਾਰ ਦੀ ਕੁੜੀ ਜੋ ਰਿਸ਼ਤੇ ਵਿੱਚ ਭੈਣ ਲੱਗਦੀ ਹੈ, ਉਸ ਨੂੰ ਘਰੋਂ ਭਜਾ ਕੇ ਕੋਰਟ ਮੈਰਿਜ ਕਰਵਾਉਣ ਦਾ ਮਾਮਲਾ ਸਾਹਮਣੇ ਆਇਆ।ਸਾਰੇ ਪਿੰਡ ਨੇ ਲਿਖਤੀ ਫੈਸਲਾ ਕੀਤਾ ਕਿ ਪਿੰਡ ਨਾਲ ਇਸ ਪਰਿਵਾਰ ਦੀ ਕੋਈ ਵੀ ਸਾਂਝ ਨਹੀਂ। ਇਸ ਪਰਿਵਾਰ ਦੀ ਇਹ ਦੂਜੀ ਕਰਤੂਤ ਹੈ। ਪਹਿਲਾਂ ਵੀ ਪਿੰਡ ਦੀ ਕੁੜੀ ਨਾਲ ਇਸ ਪਰਿਵਾਰ ਦਾ ਮੁੰਡਾ ਵਿਆਹ ਕਰਵਾ ਕੇ ਪਿੰਡ ਵਿੱਚ ਹੀ ਰਹਿ ਰਿਹਾ ਹੈ। ਮਜਬੂਰਨ ਪਿੰਡ ਦੀ ਇੱਜ਼ਤ ਆਬਰੂ ਨੂੰ ਦੇਖਦੇ ਹੋਏ ਪਿੰਡ ਨੂੰ ਸਾਂਝਾ ਇਕੱਠ ਕਰਕੇ ਇਹ ਫੈਸਲਾ ਲੈਣਾ ਪਿਆ।ਇਸ ਮੌਕੇ ਮੌਜੂਦਾ ਸਰਪੰਚ ਕਿਰਨ ਕਿਰਪਾਲ ਸਿੰਘ, ਸਾਬਕਾ ਸਰਪੰਚ ਸੰਦੀਪ ਕੌਰ, ਸਾਬਕਾ ਸਰਪੰਚ ਸਵਿੰਦਰ ਸਿੰਘ ਭੱਲੂ, ਸਾਬਕਾ ਚੇਅਰਮੈਨ ਸੁਖਬੀਰ ਸਿੰਘ, ਮੈਂਬਰ ਮਨਜੀਤ ਕੌਰ, ਮੈਂਬਰ ਪ੍ਰਭਜੀਤ ਸਿੰਘ, ਮੈਂਬਰ ਸੰਦੀਪ ਸਿੰਘ, ਮੈਂਬਰ ਪਰਮਜੀਤ ਸਿੰਘ, ਸਮਾਜ ਸੇਵੀ ਚਰਨਜੀਤ ਸਿੰਘ ਸਿੱਧੂ, ਕੇਵਲ ਸਿੰਘ ਸਿੱਧੂ, ਸੁਖਵਿੰਦਰ ਸਿੰਘ ਭਾਈਕੇ, ਸੁਖਰਾਜ ਸਿੰਘ ਮੈਂਬਰ, ਸੁਖਜਿੰਦਰ ਸਿੰਘ ਮੈਂਬਰ, ਪ੍ਰਭਜੋਤ ਸਿੰਘ ਸ਼ਾਹ, ਮੋਹਨ ਸਿੰਘ ਮੈਂਬਰ, ਹਰਪਾਲ ਸਿੰਘ ਮੈਂਬਰ, ਦੀਦਾਰ ਸਿੰਘ ਪਹਿਲਵਾਨ, ਕਿਸਾਨ ਆਗੂ ਹਰਪ੍ਰੀਤ ਸਿੰਘ, ਹਰਪਾਲ ਸਿੰਘ, ਬਾਬਾ ਨਿਰਮਲ ਸਿੰਘ, ਮੈਂਬਰ ਰਸ਼ਪਾਲ, ਮੈਂਬਰ ਰਾਜ ਕੌਰ ਸਮੇਤ ਸਮੁੱਚੇ ਪਿੰਡ ਦੇ ਇਕੱਠ ਵਿੱਚ ਮਤਾ ਪਾਇਆ ਗਿਆ।



# ਗੁਰਦਾਸਪੁਰ ਕਰਾਟੇ ਟ੍ਰੇਨਿੰਗ ਸੈਂਟਰ ਦੇ ਨਾਂਅ ਰਹੀ ਓਵਰਆਲ ਚੈਂਪੀਅਨ ਟਰਾਫੀ

**ਧਾਰੀਵਾਲ, (ਮਨਦੀਪ ਵਿੱਕੀ)**
ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿੱਚ ਕਰਵਾਈ ਗਈ ਜ਼ਿਲ੍ਹਾ ਪੱਧਰੀ ਕਰਾਟੇ ਚੈਂਪੀਅਨਸ਼ਿਪ ਨੇ ਨੌਜਵਾਨਾਂ ਵਿੱਚ ਅਨੁਸ਼ਾਸਨ, ਤਾਕਤ ਅਤੇ ਸਵੈ-ਰੱਖਿਆ ਪ੍ਰਤੀ ਜਾਗਰੂਕਤਾ ਨੂੰ ਨਵਾਂ ਉਤਸ਼ਾਹ ਦਿੱਤਾ।ਇਹ ਮਹੱਤਵਪੂਰਨ ਖੇਡ ਸਮਾਗਮ ਕਰਾਟੇ-ਡੋ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਬਾਲ ਭਲਾਈ ਕੌਂਸਲ ਗੁਰਦਾਸਪੁਰ ਦੇ ਸਹਿਯੋਗ ਨਾਲ ਕਰਵਾਇਆ ਗਿਆ।ਚੈਂਪੀਅਨਸ਼ਿਪ ਦਾ ਸੁਚੱਜਾ ਪ੍ਰਬੰਧ ਨੈਸ਼ਨਲ ਕੋਚ ਗੁਰਜੰਤ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦੀ ਤਜਰਬੇਕਾਰ ਟੀਮ ਵੱਲੋਂ ਕੀਤਾ ਗਿਆ।ਇਸ ਚੈਂਪੀਅਨਸ਼ਿਪ ਵਿੱਚ ਜ਼ਿਲ੍ਹੇ ਭਰ ਤੋਂ ਲਗਭਗ 300 ਖਿਡਾਰੀਆਂ ਨੇ ਵੱਖ-ਵੱਖ ਸਕੂਲਾਂ ਅਤੇ ਅਕੈਡਮੀਆਂ ਦੀ ਨੁਮਾਇੰਦਗੀ ਕਰਦੇ ਹੋਏ ਭਾਗ ਲਿਆ।ਗੁਰਦਾਸਪੁਰ ਕਰਾਟੇ ਟ੍ਰੇਨਿੰਗ ਸੈਂਟਰ ਨੇ 30 ਸੋਨੇ ਅਤੇ 15 ਚਾਂਦੀ ਦੇ ਤਗਮੇ ਜਿੱਤ ਕੇ ਓਵਰਆਲ ਚੈਂਪੀਅਨ ਟਰਾਫੀ ਆਪਣੇ ਨਾਮ ਕੀਤੀ।ਸ਼ੋਤੋਕਾਨ ਕਰਾਟੇ ਕਲੱਬ ਧਾਰੀਵਾਲ ਦੂਜੇ ਸਥਾਨ ਜਦਕਿ ਐੱਚ. ਆਰ. ਏ. ਲੋਟਸ ਸਕੂਲ ਤੀਜੇ ਸਥਾਨ ਤੇ ਰਿਹਾ।ਟੂਰਨਾਮੈਂਟ ਦੀ ਉਦਘਾਟਨ ਨੈਸ਼ਨਲ ਐਵਾਰਡੀ ਰੋਮੇਸ਼ ਮਹਾਜਨ ਵੱਲੋਂ ਕੀਤਾ ਗਿਆ।ਮੈਡਲ ਵੰਡ ਸਮਾਰੋਹ ਗਗਨ ਮਹਾਜਨ ਵੱਲੋਂ ਕੀਤਾ ਗਿਆ, ਜਦਕਿ ਸਮਾਪਤੀ ਸਮਾਰੋਹ ਸਚਿਨ ਸ਼ਰਮਾ ਵੱਲੋਂ ਕਰਵਾਇਆ ਗਿਆ।ਜੇਤੂ ਖਿਡਾਰੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ 31 ਮਈ ਨੂੰ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਹੋਣ ਵਾਲੀ ਸਟੇਟ ਕਰਾਟੇ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਲਈ ਚੁਣਿਆ ਗਿਆ।ਟੂਰਨਾਮੈਂਟ ਵਿੱਚ ਚੀਫ਼ ਰੈਫ਼ਰੀ ਸੈਂਸੇਈ ਅਰਜੁਨ ਮਾਰਸ਼ਲ ਦੇ ਨਾਲ ਲਵਲੀ ਸੈਣੀ, ਸੰਨੀ ਮਲਹੋਤਰਾ, ਬਲਜਿੰਦਰ ਸਿੰਘ, ਸਚਿਨ ਅਤੇ ਮੁਸਕਾਨ ਬਲਪ੍ਰੀਤ ਕੌਰ ਨੇ ਅਹਿਮ ਭੂਮਿਕਾ ਨਿਭਾਈ।ਕੋਚਿੰਗ ਟੀਮ ਵਿੱਚ ਬਲਜੀਤ, ਜੀਓਲਾਲ ਬੱਗਾ, ਯੋਗੇਸ਼ ਕੁਮਾਰ, ਰਾਹੁਲ, ਰਮਨ ਕੁਮਾਰ, ਅਜੈ, ਦੀਪਾਂਸ਼ੂ, ਮਮਤਾ, ਦਵਿੰਦਰ ਸਿੰਘ, ਨਾਨਕ ਪਾਂਡੇ, ਰੂਬੀ ਅਤੇ ਵਿਵੇਕ ਬੱਗਾ ਸ਼ਾਮਲ ਸਨ।




# ਸੱਤਿਆ ਭਾਰਤੀ ਸਕੂਲ ਚਵਿੰਡਾ ਦੇਵੀ 'ਚ ਧਰਤੀ ਦਿਵਸ ਮਨਾਇਆ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**-ਪਿੰਡ ਚਵਿੰਡਾ ਦੇਵੀ ਵਿਖੇ ਸੱਤਿਆ ਭਾਰਤੀ ਸਕੂਲ ਵਿੱਚ ਅਰਥ ਡੇ ਬੜੀ ਉਤਸ਼ਾਹ ਅਤੇ ਜਾਗਰੂਕਤਾ ਨਾਲ ਮਨਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਰਿਟਾਇਰਡ ਪ੍ਰਿੰਸੀਪਲ ਗੰਗਾ ਸਿੰਘ ਅਤੇ ਸੀਨੀਅਰ ਪੱਤਰਕਾਰ ਮੁਖਤਾਰ ਸਿੰਘ ਰਹੇ।ਮੁੱਖ ਮਹਿਮਾਨਾਂ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਪ੍ਰੇਰਿਤ ਕੀਤਾ ਅਤੇ ਰੁੱਖ ਲਗਾਉਣ ਅਤੇ ਸਫ਼ਾਈ ਬਣਾਈ ਰੱਖਣ ਦੀ ਅਪੀਲ ਕੀਤੀ।ਵਿਦਿਆਰਥੀਆਂ ਵੱਲੋਂ ਵਾਤਾਵਰਣ ਸੰਭਾਲ ਨਾਲ ਸੰਬੰਧਿਤ ਕਈ ਗਤੀਵਿਧੀਆਂ ਕਰਵਾਈਆਂ ਗਈਆਂ। ਬੱਚਿਆਂ ਨੇ ਬੇਕਾਰ ਸਮੱਗਰੀ ਤੋਂ ਗਮਲੇ ਤਿਆਰ ਕਰਕੇ ਰੀਸਾਈਕਲਿੰਗ ਕਰਨ ਦਾ ਸੰਦੇਸ਼ ਦਿੱਤਾ।ਇਸ ਤੋਂ ਇਲਾਵਾ ਵਾਤਾਵਰਣ ਬਚਾਉਣ ਬਾਰੇ ਜਾਗਰੂਕ ਕੀਤਾ।ਸਮਾਰੋਹ ਵਿੱਚ ਸਕੂਲ ਦੇ ਸਟਾਫ਼, ਵਿਜੈ ਲਕਸ਼ਮੀ, ਮਨਦੀਪ ਕੌਰ, ਅਨੀਤਾ ਕੁਮਾਰੀ, ਸੁਖਵਿੰਦਰ ਕੌਰ, ਕਿਰਨਦੀਪ ਕੌਰ ਅਤੇ ਸ਼ਰਨਪ੍ਰੀਤ ਕੌਰ ਨੇ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।ਸਕੂਲ ਦੀ ਪ੍ਰਿੰਸੀਪਲ ਸੁਖਬੀਰ ਕੌਰ ਰੰਧਾਵਾ ਵੱਲੋਂ ਮਹਿਮਾਨਾਂ ਦਾ ਸਤਿਕਾਰ ਕੀਤਾ ਗਿਆ।ਸਮਾਰੋਹ ਦਾ ਸਮਾਪਨ ਵਾਤਾਵਰਣ ਬਚਾਉਣ ਦੇ ਸੰਕਲਪ ਨਾਲ ਕੀਤਾ।ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਨਵਦੀਪ ਸਿੰਘ ਅਤੇ ਕਲੱਸਟਰ ਕੋਆਰਡੀਨੇਟਰ ਸੁਖਵਿੰਦਰ ਸਿੰਘ ਵੀ ਹਾਜ਼ਰ ਸਨ।



# ਰਾਜੀਵ ਕੁਮਾਰ ਛਾਬੜਾ ਨੇ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਐਲੀਮੈਂਟਰੀ) ਵਜੋਂ ਅਹੁਦਾ ਸੰਭਾਲਿਆ



**ਪੱਟੀ, (ਬਲਦੇਵ ਸਿੰਘ ਸੰਧੂ)**
ਸਿੱਖਿਆ ਵਿਭਾਗ ਦੇ ਜ਼ਿਲ੍ਹਾ ਤਰਨ ਤਾਰਨ ਦਫ਼ਤਰ ਵਿਚ ਉਸ ਸਮੇਂ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ, ਜਦੋਂ ਰਾਜੀਵ ਕੁਮਾਰ ਛਾਬੜਾ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਵਜੋਂ ਆਪਣਾ ਕਾਰਜਭਾਰ ਸੰਭਾਲ ਲਿਆ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸਤਿਨਾਮ ਸਿੰਘ ਬਾਠ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਰਾਜੀਵ ਕੁਮਾਰ ਛਾਬੜਾ ਦੇ ਆਉਣ ਨਾਲ ਜ਼ਿਲ੍ਹੇ ਵਿਚ ਸਿੱਖਿਆ ਦੇ ਕਾਰਜਾਂ ਵਿਚ ਹੋਰ ਤੇਜ਼ੀ ਆਵੇਗੀ ਅਤੇ ਵਿਭਾਗੀ ਕੰਮਾਂ ਨੂੰ ਨਵੀਂ ਗਤੀ ਮਿਲੇਗੀ।ਉਨ੍ਹਾਂ ਭਰੋਸਾ ਦਿੱਤਾ ਕਿ ਛਾਬੜਾ ਨੇ ਦੱਸਿਆ ਕਿ ਆਮ ਲੋਕਾਂ ਨੂੰ ਦਫ਼ਤਰੀ ਕੰਮਕਾਜ ਵਿਚ ਕਿਸੇ ਵੀ ਕਿਸਮ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।ਅਹੁਦਾ ਸੰਭਾਲਣ ਉਪਰੰਤ ਰਾਜੀਵ ਕੁਮਾਰ ਛਾਬੜਾ ਨੇ ਕਿਹਾ ਕਿ ਉਹ ਜ਼ਿਲ੍ਹਾ ਤਰਨ ਤਾਰਨ ਵਿਚ ਜੁਆਇਨ ਹੋਣ 'ਤੇ ਬੜੀ ਖੁਸ਼ੀ ਮਹਿਸੂਸ ਕਰ ਰਹੇ ਹਨ।ਉਨ੍ਹਾਂ ਅਹਿਦ ਲਿਆ ਕਿ ਉਹ ਜ਼ਿਲ੍ਹੇ ਵਿਚ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ।ਇਸ ਮੌਕੇ ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਭਿੱਖੀਵਿੰਡ ਜਸਵਿੰਦਰ ਸਿੰਘ ਸੰਧੂ ਨੇ ਨਵੇਂ ਨਿਯੁਕਤ ਅਧਿਕਾਰੀ ਨੂੰ ਵਧਾਈ ਦਿੱਤੀ ਅਤੇ ਵਿਸ਼ਵਾਸ ਦਿਵਾਇਆ ਕਿ ਵਿਭਾਗ ਦੇ ਹਰੇਕ ਕੰਮ ਵਿਚ ਉਨ੍ਹਾਂ ਨੂੰ ਪੂਰਾ ਸਹਿਯੋਗ ਮਿਲੇਗਾ।ਡੀ. ਆਰ. ਪੀ. ਤਰਨ ਤਾਰਨ ਅਨੂਪ ਸਿੰਘ ਮੈਣੀ ਨੇ ਕਿਹਾ ਕਿ ਛਾਬੜਾ ਬਹੁਤ ਹੀ ਮਿਹਨਤੀ ਇਨਸਾਨ ਹਨ ਅਤੇ ਉਨ੍ਹਾਂ ਦੇ ਆਉਣ ਨਾਲ ਜ਼ਿਲ੍ਹੇ ਦੀ ਸਿੱਖਿਆ ਪ੍ਰਣਾਲੀ ਨੂੰ ਨਵੀਂ ਦਿਸ਼ਾ ਮਿਲੇਗੀ।ਇਸ ਮੌਕੇ ਬੀਈਈਓ ਵਲਟੋਹਾ ਪਾਰਸ ਖੁੱਲਰ, ਬੀਈਈਓ ਤਰਨ ਤਾਰਨ ਰਜਿੰਦਰ ਕੁਮਾਰ ਤੋਂ ਇਲਾਵਾ ਸੀਐੱਚਟੀ ਅਤੇ ਸਿੱਖਿਆ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਮਾਈਨਰ ਦੀ ਕੰਕਰੀਟ ਲਾਈਨਿੰਗ ਤੇ ਖਾਲਿਆਂ ਨੂੰ ਪੱਕੇ ਕਰਨ ਦਾ ਨੀਂਹ ਪੱਥਰ ਰੱਖਿਆ

**ਬਟਾਲਾ, (ਤਰਲੋਕ ਬੱਗਾ)**-ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਮਸਾਣੀਆਂ, ਮਨੋਹਰਪੁਰ, ਵਡਾਲਾ ਗ੍ਰੰਥੀਆਂ, ਪੁਰਾਣਾ ਪਿੰਡ ਦੇ ਰਜਬਾਹ ਬਟਾਲਾ ਅਤੇ ਸੰਦਲਪੁਰ ਮਾਈਨਰ ਦੀ ਕੰਕਰੀਟ ਲਾਈਨਿੰਗ ਅਤੇ ਨਹਿਰੀ ਖਾਲਿਆਂ ਨੂੰ ਪੱਕੇ ਕਰਨ ਦਾ ਨੀਂਹ ਪੱਥਰ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਰੱਖਿਆ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸੰਦਲਪੁਰ ਮਾਈਨਰ ਦੀ ਕੰਕਰੀਟ ਲਾਈਨਿੰਗ ਦਾ ਕੰਮ ਕੀਤਾ ਜਾਵੇਗਾ, ਜਿਸ ਨਾਲ ਵੱਖ-ਵੱਖ ਪਿੰਡਾਂ ਦੀ ਜ਼ਮੀਨ ਨੂੰ ਪਾਣੀ ਮਿਲੇਗਾ ਜਿਸ ਨਾਲ ਕਿਸਾਨ ਵੀਰਾਂ ਨੂੰ ਨਹਿਰੀ ਪਾਣੀ ਦੀ ਕਮੀ ਨਹੀਂ ਰਹੇਗੀ।ਨਹਿਰੀ ਖਾਲਿਆਂ ਨੂੰ ਪੱਕਾ ਕਰਨ ਦਾ ਕੰਮ ਵੀ ਮੁਕੰਮਲ ਕੀਤਾ ਜਾਵੇਗਾ ਜਿਸ ਨਾਲ ਕਿਸਾਨ ਵੀਰਾਂ ਨੂੰ ਨਹਿਰੀ ਪਾਣੀ ਨੂੰ ਲੈ ਕੇ ਕੋਈ ਕਮੀ ਨਹੀਂ ਆਵੇਗੀ ਤੇ ਆਪਣੀ ਫਸਲ ਲਈ ਲੋੜੀਂਦਾ ਨਹਿਰੀ ਪਾਣੀ ਉਪਲਬਧ ਹੋਵੇਗਾ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਤੇ ਲੋਕਾਂ ਦੀ ਭਲਾਈ ਲਈ ਉਹ ਪਹਿਲੇ ਦਿਨ ਤੋਂ ਕੰਮ ਕਰ ਰਹੀ ਹੈ।



# ਹਾਵਰਡ ਲੇਨ ਸੀਨੀਅਰ ਸਕੂਲ ਠੱਠਾ 'ਚ ਬੜੇ ਉਤਸ਼ਾਹ ਨਾਲ ਧਰਤੀ ਦਿਵਸ ਮਨਾਇਆ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਹਾਵਰਡ ਲੇਨ ਸੀਨੀਅਰ ਸਕੂਲ ਵਿਖੇ ਅਰਥ ਡੇ ਬੜੇ ਉਤਸ਼ਾਹ ਅਤੇ ਜ਼ਿੰਮੇਵਾਰੀ ਦੇ ਭਾਵ ਨਾਲ ਮਨਾਇਆ ਗਿਆ ਜਿਸ ਰਾਹੀਂ ਵਿਦਿਆਰਥੀਆਂ ਨੂੰ ਪ੍ਰਕਿਰਤੀ ਦੀ ਸੰਭਾਲ ਅਤੇ ਵਾਤਾਵਰਣ ਦੀ ਰੱਖਿਆ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਸਕੂਲ ਦੀ ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਰਚਨਾਤਮਕ ਅਤੇ ਸਿੱਖਿਆਤਮਕ ਗਤੀਵਿਧੀਆਂ ਕਰਵਾਈਆਂ ਗਈਆਂ।ਬੱਚਿਆਂ ਨੇ ਈਕੋ-ਫ੍ਰੈਂਡਲੀ ਕਰਾਫਟ, ਗ੍ਰੀਨ ਆਰਟ ਐਕਟੀਵਿਟੀ, ਬੈਸਟ ਆਊਟ ਆਫ਼ ਵੇਸਟ, ਬਰਡ ਫੀਡਰ ਮੇਕਿੰਗ ਅਤੇ ਸੀਡ ਬੌਂਬ ਐਕਟੀਵਿਟੀ ਵਿੱਚ ਹਿੱਸਾ ਲਿਆ।ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਕੂੜੇ ਨੂੰ ਦੁਬਾਰਾ ਵਰਤਣ ਅਤੇ ਵਾਤਾਵਰਣ ਦੀ ਸੰਭਾਲ ਬਾਰੇ ਜਾਗਰੂਕ ਕੀਤਾ ਗਿਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿੱਚ ਰੁੱਖ ਲਾਉਣ ਲਈ ਪ੍ਰੇਰਿਤ ਕੀਤਾ ਗਿਆ ਤੇ ਧਰਤੀ ਨੂੰ ਹਰਾ ਭਰਾ ਬਣਾਉਣ ਲਈ ਕਿਹਾ ਗਿਆ।ਪ੍ਰਿੰ. ਬਲਰਾਜ ਸਿੰਘ ਬਾਠ ਦੇ ਦਿਸ਼ਾ-ਨਿਰਦੇਸ਼ ਹੇਠ ਇੱਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਾਤਾਵਰਣ ਦੀ ਰੱਖਿਆ ਲਈ ਸਹੁੰ ਵੀ ਚੁਕਾਈ ਗਈ।ਇਹ ਸਮਾਗਮ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਵਿੱਚ ਕਾਫ਼ੀ ਸਫਲ ਰਿਹਾ।

# ਵਾਰਡ ਨੰਬਰ ਦਸ ਦੇ ਕਈ ਕਾਂਗਰਸੀ ਪਰਿਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ

**ਮਜੀਠਾ/ਕੱਥੂਨੰਗਲ (ਸੋਇਮ ਅਨੰਦ/ ਪ੍ਰੀਤਮ ਸਿੰਘ)**
ਨਗਰ ਕੌਂਸਲ ਦੀਆਂ ਚੋਣਾਂ ਤੋਂ ਪਹਿਲਾਂ ਕਸਬਾ ਮਜੀਠਾ ਵਿੱਚ ਕਾਂਗਰਸ ਪਾਰਟੀ ਨੂੰ ਉਸ ਵਕਤ ਵੱਡਾ ਝਟਕਾ ਲੱਗਾ ਜਦ ਸ਼ਹਿਰ ਦੀ ਵਾਰਡ ਨੰਬਰ 10 ਤੋਂ ਕੀਮਤੀ ਲਾਲ ਪੱਪੂ ਮੱਛੀ ਵਾਲਾ ਅਤੇ ਸਮੂਹ ਰਾਜਪੂਤ ਭਾਈਚਾਰਾ ਆਪਣੇ ਅਨੇਕਾਂ ਸਾਥੀਆਂ ਸਮੇਤ ਕਾਂਗਰਸ ਪਾਰਟੀ ਨੂੰ ਸਦਾ ਲਈ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ।ਆਪ ਵਿਚ ਸ਼ਾਮਲ ਹੋਣ ਵਾਲੇ ਇਨ੍ਹਾਂ ਪਰਿਵਾਰਾਂ ਦਾ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਸਵਾਗਤ ਕੀਤਾ ਅਤੇ ਕਿਹਾ ਕਿ ਪਾਰਟੀ ਵਿਚ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਗਿੱਲ ਨੇ ਕਿਹਾ ਕਿ ਕਸਬਾ ਮਜੀਠਾ ਵਿਚ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਤੁਸੀ ਨਗਰ ਕੌਂਸਲ ਮਜੀਠਾ ਦੀਆਂ ਸਾਰੀਆਂ ਸੀਟਾਂ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਦੇ ਵੱਡੇ ਫਰਕ ਨਾਲ ਜਿਤਾਓ, ਅਸੀਂ ਸ਼ਹਿਰ ਦੀ ਕਾਇਆ ਕਲਪ ਕਰਵਾ ਦੇਵਾਂਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਤੋ ਪ੍ਰਭਾਵਿਤ ਹੋ ਕੇ ਇਹ ਪਰਿਵਾਰ ਆਮ ਆਦਮੀਂ ਪਾਰਟੀ ਨਾਲ ਜੁੜੇ ਹਨ ਜਿਸ ਨਾਲ ਪਾਰਟੀ ਨੂੰ ਸ਼ਹਿਰ ਵਿੱਚ ਹੋਰ ਮਜ਼ਬੂਤੀ ਮਿਲੇਗੀ। ਇਸ ਮੌਕੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਨਾਲ ਬਲਜਿੰਦਰ ਸਿੰਘ ਛੀਨਾ ਸਿਆਸੀ ਸਕੱਤਰ, ਸਤਿੰਦਰ ਸਿੰਘ ਸ਼ਾਹ, ਹਰਭੁਪਿੰਦਰ ਸਿੰਘ ਭਿੰਦ ਸ਼ਾਹ, ਕੀਮਤੀ ਲਾਲ ਪੱਪੂ, ਜੱਗੂ ਰਾਜਪੂਤ ਭਾਈਚਾਰਾ, ਦੇਸ ਰਾਜ, ਭੱਲਾ, ਅਸ਼ਵਨੀ, ਬਿੱਲਾ ਫੌਜੀ, ਇੰਦਰਜੀਤ ਸਿੰਘ, ਮਿੰਦਰ, ਸੱਤਾ, ਸਾਜਨ, ਕੇਤਨ, ਮਿੰਦਰ ਪਾਲ, ਲਾਡੀ, ਭੁਪਿੰਦਰਪਾਲ ਸਿੰਘ, ਨਿੰਦਰ, ਉਮਾ, ਸੁਨੀਲ ਕੁਮਾਰ, ਨੀਰਜ਼ ਸ਼ਰਮਾ, ਹਰਪਾਲ ਸਿੰਘ, ਹਰਜਿੰਦਰ ਸਿੰਘ, ਜੋਗਿੰਦਰ ਸਿੰਘ ਜੇਠੂਨੰਗਲ, ਸੁਖਵਿੰਦਰ ਸਿੰਘ ਸਾਬਕਾ ਸਰਪੰਚ ਜੇਠੂਨੰਗਲ, ਬਲਰਾਜ ਸਿੰਘ ਦਬੁਰਜੀ ਸਮੇਤ ਵੱਡੀ ਗਿਣਤੀ ਵਿਚ ਵਾਰਡ ਵਾਸੀ ਹਾਜ਼ਰ ਸਨ।



# ਈਟੀਓ ਨੇ ਅਕਾਲਗੜ੍ਹ ਢੱਪਈਆਂ ਤੇ ਸੈਦੋ ਲਹਿਲ 'ਚ ਸੰਪਰਕ ਸੜਕਾਂ ਦੇ ਰੱਖੇ ਨੀਂਹ ਪੱਥਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**
ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਗਤੀ ਦਿੰਦਿਆਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਸੰਪਰਕ ਸੜਕ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖੇ।ਇਨ੍ਹਾਂ ਪ੍ਰੋਜੈਕਟਾਂ ਦਾ ਮਕਸਦ ਪਿੰਡਾਂ ਦੀ ਕਨੈਕਟੀਵਿਟੀ ਨੂੰ ਹੋਰ ਮਜ਼ਬੂਤ ਕਰਨਾ, ਆਵਾਜਾਈ ਨੂੰ ਸੁਗਮ ਬਣਾਉਣਾ ਅਤੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਆਸਾਨ ਬਣਾਉਣਾ ਹੈ। ਈਟੀਓ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕਰੀਬ 2 ਕਰੋੜ 78 ਲੱਖ ਰੁਪਏ ਦੀ ਲਾਗਤ ਨਾਲ ਇਨ੍ਹਾਂ ਸੜਕਾਂ ਦੀ ਉਸਾਰੀ ਦੇ ਮਹੱਤਵਪੂਰਨ ਕੰਮ ਕੀਤੇ ਜਾਣਗੇ, ਜੋ ਪਿੰਡਾਂ ਦੇ ਸਮੁੱਚੇ ਵਿਕਾਸ ਵਿੱਚ ਮੀਲ ਪੱਥਰ ਸਾਬਿਤ ਹੋਣਗੇ।ਉਨ੍ਹਾਂ ਦੱਸਿਆ ਕਿ ਸੈਦੋ ਲਹਿਲ ਵਿਖੇ ਵੱਖ-ਵੱਖ ਇੰਟਰਲਾਕਿੰਗ ਸੜਕਾਂ ਦੀ ਉਸਾਰੀ 1 ਕਰੋੜ 40 ਲੱਖ ਰੁਪਏ ਦੀ ਲਾਗਤ ਨਾਲ ਕੀਤੀ ਜਾਵੇਗੀ।ਇਹ ਸੜਕਾਂ ਕੁੱਲ 3.50 ਕਿਲੋਮੀਟਰ ਲੰਬੀਆਂ ਹੋਣਗੀਆਂ ਅਤੇ 10 ਫੁੱਟ ਚੌੜਾਈ ਨਾਲ ਤਿਆਰ ਕੀਤੀਆਂ ਜਾਣਗੀਆਂ, ਜਿਸ ਨਾਲ ਪਿੰਡ ਵਿੱਚ ਆਵਾਜਾਈ ਦੇ ਸਾਧਨਾਂ ਨੂੰ ਵੱਡੀ ਸਹੂਲਤ ਮਿਲੇ ਗੀ। ਅਕਾਲਗੜ੍ਹ ਢੱਪਈ ਵਿਖੇ ਵੀ ਵੱਖ-ਵੱਖ ਇੰਟਰਲਾਕਿੰਗ ਸੜਕਾਂ ਦੀ ਉਸਾਰੀ 1 ਕਰੋੜ 38 ਲੱਖ ਰੁਪਏ ਦੀ ਲਾਗਤ ਨਾਲ ਕੀਤੀ ਜਾਵੇਗੀ। ਇਹ ਸੜਕਾਂ ਕੁੱਲ 3.45 ਕਿਲੋਮੀਟਰ ਲੰਬੀਆਂ ਹੋਣਗੀਆਂ ਅਤੇ 10 ਫੁੱਟ ਚੌੜਾਈ ਨਾਲ ਬਣਾਈਆਂ ਜਾਣਗੀਆਂ, ਜਿਸ ਨਾਲ ਇਲਾਕੇ ਦੀ ਆਵਾਜਾਈ ਪ੍ਰਣਾਲੀ ਨੂੰ ਹੋਰ ਮਜ਼ਬੂਤੀ ਮਿਲੇਗੀ।ਈ.ਟੀ.ਓ. ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਸਾਰੇ ਕੰਮ ਸਮੇਂ ਸਿਰ, ਪਾਰਦਰਸ਼ਤਾ ਅਤੇ ਉੱਚ ਗੁਣਵੱਤਾ ਨਾਲ ਮੁਕੰਮਲ ਕੀਤੇ ਜਾਣ।



# ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਾਇਗੀ ਸਮਾਰੋਹ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**
ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ +2 ਜਮਾਤ ਦੀਆਂ ਵਿਦਿਆਰਥਣਾਂ ਦਾ ਵਿਦਾਇਗੀ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਪ੍ਰਿੰ: ਨਾਗਪਾਲ ਨੇ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਸਕੂਲ 'ਚ ਸਿਰਫ਼ ਕਿਤਾਬੀ ਗਿਆਨ ਹੀ ਪ੍ਰਦਾਨ ਨਹੀਂ ਕੀਤਾ ਜਾਂਦਾ, ਸਗੋਂ ਜੀਵਨ ਜਿਊਣ ਦੇ ਅਸੂਲ, ਅਨੁਸ਼ਾਸਨ, ਮਿਹਨਤ ਅਤੇ ਸੱਚਾਈ ਦੀਆਂ ਕਦਰਾਂ ਨੂੰ ਵੀ ਸਿਖਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਅੱਜ ਜਦੋਂ ਤੁਸੀਂ ਇਸ ਪਵਿੱਤਰ ਵਿਹੜੇ ਨੂੰ ਛੱਡ ਰਹੇ ਹੋ ਤਾਂ ਆਪਣੇ ਨਾਲ ਇੱਥੇ ਬਿਤਾਏ ਸੁਹਾਣੇ ਪਲਾਂ ਦੀਆਂ ਯਾਦਾਂ, ਅਧਿਆਪਕਾਂ ਦੀਆਂ ਸਿੱਖਿਆਵਾਂ ਅਤੇ ਦੋਸਤਾਂ ਨਾਲ ਬਿਤਾਇਆ ਸਮਾਂ ਵੀ ਲੈ ਕੇ ਜਾ ਰਹੇ ਹੋ।ਉਨ੍ਹਾਂ ਕਿਹਾ ਕਿ ਸਕੂਲ ਸਿਰਫ਼ ਪੜ੍ਹਾਈ ਦਾ ਕੇਂਦਰ ਨਹੀਂ, ਬਲਕਿ ਇਕ ਪਰਿਵਾਰ ਵੀ ਹੈ, ਜਿੱਥੇ ਹਰੇਕ ਵਿਦਿਆਰਥੀ ਹੱਸਦਾ, ਗਿਆਨ ਹਾਸਲ ਕਰਦਾ, ਡਿੱਗਦਾ ਅਤੇ ਫੇਰ ਮੁੜ ਪੈਰਾਂ 'ਤੇ ਖੜ੍ਹਾ ਹੋਣਾ ਸਿੱਖਦਾ ਹੈ।ਉਨ੍ਹਾਂ ਕਿਹਾ ਕਿ ਉਕਤ ਸਮਾਰੋਹ ਮੌਕੇ ਮਾਡਲਿੰਗ 'ਚ 12ਵੀਂ ਦੀ ਸਮਰਿਧੀ 'ਮਿਸ ਫੇਅਰਵੈੱਲ', ਬਾਰ੍ਹਵੀਂ ਐੱਫ ਦੀ ਬਲਜੀਤ ਕੌਰ 'ਮਿਸ ਸਮਾਇਲ', 12ਵੀਂ ਈ. ਦੀ ਸਾਨੀਆ 'ਮਿਸ ਕਾਨਫੀਡੈਂਸ' ਚੁਣੀ ਗਈ।ਇਸ ਤੋਂ ਇਲਾਵਾ ਪ੍ਰਿੰ: ਨਾਗਪਾਲ ਵੱਲੋਂ ਹੋਣਹਾਰ ਵਿਦਿਆਰਥਣਾਂ 'ਚ ਦੀਪਿਕਾ ਸੰਧੂ ਨੂੰ ਵਧੀਆ ਕਵਿਰਤੀ, ਇਸ਼ਿਕਾ, ਰੂਹਾਨੀ ਨੂੰ ਬੈਸਟ ਐੱਨ. ਸੀ. ਸੀ. ਕੈਡਿਟ, ਪੰਥਪ੍ਰੀਤ ਕੌਰ ਨੂੰ ਧਾਰਮਿਕ ਖੇਤਰ 'ਚ ਉਚ ਉਪਲਬਧੀਆਂ ਅਤੇ ਅਸੀਸ ਕੌਰ, ਤਕਦੀਰ ਕੌਰ ਨੂੰ ਲੁੱਡੀ 'ਚ ਚੰਗੀ ਕਾਰਗੁਜ਼ਾਰੀ ਸਬੰਧੀ ਵਿਸ਼ੇਸ਼ ਕੈਸ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਦਾਇਗੀ ਸਮਾਗਮ ਸਿਰਫ਼ ਇਕ ਰਸਮ ਨਹੀਂ, ਸਗੋਂ ਯਾਦਾਂ, ਜਜ਼ਬਾਤ ਅਤੇ ਨਵੀਆਂ ਉਮੀਦਾਂ ਦਾ ਸੁੰਦਰ ਮੇਲ ਹੁੰਦਾ ਹੈ।ਇਸ ਮੌਕੇ ਸਕੂਲ ਅਧਿਆਪਕਾਵਾਂ ਤੋਂ ਇਲਾਵਾ ਵਿਦਿਆਰਥਣਾਂ ਹਾਜ਼ਰ ਸਨ।

# ਇਮਾਨਦਾਰੀ ਜ਼ਿੰਦਾ ਹੈ

**ਫਿਲੌਰ (ਨਿਰਮਲ)**-ਟਰੈਫਿਕ ਪੁਲਿਸ ਜਲੰਧਰ ਦਿਹਾਤੀ ਦੀ ਟੀਮ ਨੇ ਇਮਾਨਦਾਰੀ ਦੀ ਮਿਸਾਲ ਕਾਇਮ ਕਰਦੇ ਹੋਏ ਰਾਹਗੀਰ ਦਾ ਡਿੱਗਿਆ ਹੋਇਆ ਬਟੂਆ ਤੇ ਫੋਨ ਰਾਹੀਗਰ ਨੂੰ ਵਾਪਸ ਕੀਤਾ।ਇਸ ਸੰਬੰਧੀ ਜਾਣਕਾਰੀ ਗੁਰਨਾਮ ਸਿੰਘ ਥਾਣੇਦਾਰ ਨੇ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੂੰ ਸੜਕ ਤੇ ਡਿੱਗਿਆ ਬਟੂਆ ਤੇ ਮੋਬਾਇਲ ਮਿਲਿਆ ਹੈ, ਬਟੂਏ ਦੇ ਵਿੱਚ 10,000 ਰੁਪਏ ਤੇ ਜ਼ਰੂਰੀ ਕਾਗਜ਼ਾਤ ਸਨ । ਉਨ੍ਹਾਂ ਕਿਹਾ ਕਿ ਜਦੋਂ ਅਸੀਂ ਫੋਨ ਨੰਬਰ ਤੇ ਸੰਪਰਕ ਕੀਤਾ ਤਾਂ ਅੱਗਿਓਂ ਮੁਹੰਮਦ ਰਮਜਾਨ ਬੋਲਿਆ।ਉਸ ਨੂੰ ਪੁੱਛ ਗਿੱਛ ਕਰਨ ਤੋਂ ਬਾਅਦ ਪੈਸਿਆਂ ਵਾਲਾ ਬਟੂਆ, ਮੋਬਾਇਲ ਤੇ ਕਾਗਜ਼ਾਤ ਉਸ ਨੂੰ ਦੇ ਦਿੱਤੇ । ਸਮਾਨ ਮਿਲਣ ਉਪਰੰਤ ਮੁਹੰਮਦ ਰਮਜਾਨ ਨੇ ਟਰੈਫਿਕ ਅਧਿਕਾਰੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਮਾਨਦਾਰੀ ਹਾਲੇ ਵੀ ਜ਼ਿੰਦਾ ਹੈ।ਇਸ ਮੌਕੇ ਭੁਪਿੰਦਰ ਸਿੰਘ ਸਰਪੰਚ, ਜਸਪਾਲ ਸਿੰਘ ਥਾਣੇਦਾਰ, ਜਗਮੋਹਨ ਸਿੰਘ ਥਾਣੇਦਾਰ, ਪ੍ਰਵੀਨ ਥਾਣੇਦਾਰ ਆਦਿ ਹਾਜ਼ਰ ਸਨ।



# ਫਰਜ਼ੀ ਸਰਪੰਚ ਦੇ ਮਾਮਲੇ 'ਚ ਪਿੰਡ ਝਬਾਲ ਦੇ ਲੋਕਾਂ ਨੇ ਡੀਡੀਪੀਓ ਦੇ ਨਾਂਅ ਦਿੱਤਾ ਮੰਗ ਪੱਤਰ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**
ਪਿੰਡ ਝਬਾਲ ਵਿੱਚ ਆਪਣੇ ਆਪ ਨੂੰ ਫਰਜ਼ੀ ਤੌਰ 'ਤੇ ਸਰਪੰਚ ਦੱਸਣ ਦੇ ਮਾਮਲੇ ਨੂੰ ਲੈ ਕੇ ਪਿੰਡ ਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਸੰਬੰਧੀ ਪਿੰਡ ਵਾਸੀਆਂ ਵੱਲੋਂ ਇਕੱਠੇ ਹੋ ਕੇ ਡੀਡੀਪੀਓ ਪਿਆਰ ਸਿੰਘ ਨੂੰ ਬੀਡੀਓ ਹਰਜੀਤ ਸਿੰਘ ਰਾਹੀਂ ਇੱਕ ਲਿਖਤੀ ਮੰਗ ਪੱਤਰ ਸੌਂਪਿਆ ਗਿਆ।ਪਿੰਡ ਵਾਸੀਆਂ ਨੇ ਆਪਣੇ ਮੰਗ ਪੱਤਰ ਵਿੱਚ ਦਰਜ ਕੀਤਾ ਕਿ ਇਕ ਵਿਅਕਤੀ ਵੱਲੋਂ ਆਪਣੇ ਆਪ ਨੂੰ ਗਲਤ ਤਰੀਕੇ ਨਾਲ ਸਰਪੰਚ ਦੱਸ ਕੇ ਪਿੰਡ ਦੀ ਪੰਚਾਇਤੀ ਪ੍ਰਣਾਲੀ ਵਿੱਚ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨਾਲ ਪਿੰਡ ਦੇ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ ਅਤੇ ਲੋਕਾਂ ਵਿੱਚ ਗਲਤਫਹਿਮੀਆਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਕਾਰਵਾਈ ਕਾਨੂੰਨੀ ਪ੍ਰਕਿਰਿਆ ਦੇ ਖਿਲਾਫ ਹੈ ਅਤੇ ਇਸ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ।ਇਸ ਮੌਕੇ ਗੁਰਦੁਆਰਾ ਮਾਤਾ ਭਾਗ ਕੌਰ ਦੇ ਮੁੱਖ ਸੇਵਾਦਾਰ ਬਾਬਾ ਗੁਰਸੇਵਕ ਸਿੰਘ,ਪ੍ਰੋ. ਭੁਪਿੰਦਰ ਸਿੰਘ ਸਵਰਗਾਪੁਰੀ,ਭਾਈ ਮਨਜੀਤ ਸਿੰਘ ਝਬਾਲ, ਕਾਂਗਰਸ ਦੇ ਵਾਈਸ ਪ੍ਰਧਾਨ ਰਮਨ ਕੁਮਾਰ, ਸਮਾਜ ਸੇਵੀ ਵਿਕਰਮ ਸਿੰਘ ਢਿੱਲੋਂ, ਪੂਰਨ ਸਿੰਘ ਝਬਾਲ, ਕਾਮਰੇਡ ਦਵਿੰਦਰ ਸੋਹਲ, ਸਾਬਕਾ ਸਰਪੰਚ ਹਰਦਿਆਲ ਸਿੰਘ ਸਾਬਕਾ ਸਰਪੰਚ ਨਰਿੰਦਰ ਪੱਪਾ, ਸਾਬਕਾ ਸਰਪੰਚ ਪ੍ਰੀਤਇੰਦਰ ਸਿੰਘ, ਹਰਪਾਲ ਸਿੰਘ, ਸੁਖਦੇਵ ਸਿੰਘ ਝਬਾਲ ਖੁਰਦ, ਸਾਬ ਸਿੰਘ ਹੀਰਾਪੁਰ, ਕਾਮਰੇਡ ਕੁਲਦੀਪ ਸਿੰਘ ਝਬਾਲ, ਮੈਂਬਰ ਪੰਚਾਇਤ ਤੇਜਿੰਦਰ ਦਰ ਸਿੰਘ ਰੂਬੀ, ਮੈਂਬਰ, ਸੁਰਜਨ ਸਿੰਘ, ਸਰਵਨ ਸਿੰਘ, ਮੈਂਬਰ ਗੁਰਜੰਟ ਸਿੰਘ ਗੁਰਸਿੰਦਰ ਸਿੰਘ ਭੱਟੀ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਦੇ ਲੋਕ ਹਾਜ਼ਰ ਸਨ।



# 'ਅਪਰਾਧੀਆਂ' ਦੀ 'ਖੇਡ'

ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ 'ਚ 23 ਅਪ੍ਰੈਲ ਤੇ ਦੂਜੇ ਗੇੜ 'ਚ 29 ਅਪ੍ਰੈਲ ਨੂੰ ਪੈਣ ਵਾਲੀਆਂ ਵੋਟਾਂ ਲਈ ਲੜਨ ਵਾਲੇ ਉਮੀਦਵਾਰਾਂ ਦੇ ਪਿਛੋਕੜ ਬਾਰੇ ਹੈਰਾਨਕੁੰਨ ਤੱਥ ਸਾਹਮਣੇ ਆਏ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਦੀ ਰਿਪੋਰਟ ਮੁਤਾਬਕ ਦੋਹਾਂ ਗੇੜਾਂ ਦੇ ਲੱਗਭੱਗ 23-23 ਫੀਸਦੀ ਉਮੀਦਵਾਰਾਂ ਵਿਰੁੱਧ ਫੌਜਦਾਰੀ ਮਾਮਲੇ ਦਰਜ ਹਨ। ਅਜਿਹੇ ਪਿਛੋਕੜ ਵਾਲੇ ਉਮੀਦਵਾਰਾਂ 'ਚ ਭਾਜਪਾ ਸਭ ਤੋਂ ਅੱਗੇ ਹੈ। ਏ ਡੀ ਆਰ ਅਤੇ ਪੱਛਮੀ ਬੰਗਾਲ ਚੋਣ ਵਾਚ ਵੱਲੋਂ ਉਮੀਦਵਾਰਾਂ ਦੇ ਹਲਫਨਾਮਿਆਂ ਦੇ ਕੀਤੇ ਗਏ ਵਿਸ਼ਲੇਸ਼ਣ ਮੁਤਾਬਕ ਪਹਿਲੇ ਗੇੜ ਦੇ 1475 ਉਮੀਦਵਾਰਾਂ ਵਿੱਚੋਂ 345 ਯਾਨੀ 23 ਫੀਸਦੀ ਵਿਰੁੱਧ ਫੌਜਦਾਰੀ ਮਾਮਲੇ ਹਨ। 294 ਉਮੀਦਵਾਰਾਂ ਯਾਨੀ 20 ਫੀਸਦੀ ਨੇ ਆਪਣੇ ਵਿਰੁੱਧ ਗੰਭੀਰ ਫੌਜਦਾਰੀ ਮਾਮਲੇ ਐਲਾਨੇ ਹਨ। 152 ਭਾਜਪਾ ਉਮੀਦਵਾਰਾਂ ਵਿੱਚੋਂ 96 ਯਾਨੀ 63 ਫੀਸਦੀ ਵਿਰੁੱਧ ਗੰਭੀਰ ਫੌਜਦਾਰੀ ਮਾਮਲੇ ਹਨ। ਤ੍ਰਿਣਮੂਲ ਕਾਂਗਰਸ ਦੇ 148 ਉਮੀਦਵਾਰਾਂ ਵਿੱਚੋਂ 48 ਯਾਨੀ 32 ਫੀਸਦੀ ਵਿਰੁੱਧ ਗੰਭੀਰ ਫੌਜਦਾਰੀ ਮਾਮਲੇ ਹਨ। ਗੰਭੀਰ ਫੌਜਦਾਰੀ ਮਾਮਲਿਆਂ ਦਾ ਅਰਥ ਹੈ ਕਿ ਪੰਜ ਸਾਲ ਜਾਂ ਇਸ ਤੋਂ ਵੱਧ ਦੀ ਸਜ਼ਾ ਹੋ ਸਕਦੀ ਹੈ।

ਦੂਜੇ ਗੇੜ ਵਿੱਚ ਚੋਣ ਲੜ ਰਹੇ 1445 ਉਮੀਦਵਾਰਾਂ ਵਿੱਚੋਂ 338 ਜਾਂ ਲੱਗਭੱਗ 23 ਫੀਸਦੀ ਨੇ ਆਪਣੇ ਵਿਰੁੱਧ ਫੌਜਦਾਰੀ ਮਾਮਲੇ ਐਲਾਨੇ ਹਨ। ਇਨ੍ਹਾਂ ਵਿੱਚੋਂ 295 ਉਮੀਦਵਾਰਾਂ ਜਾਂ 20 ਫੀਸਦੀ ਵਿਰੁੱਧ ਗੰਭੀਰ ਫੌਜਦਾਰੀ ਮਾਮਲੇ ਦਰਜ ਹਨ। 16 ਉਮੀਦਵਾਰਾਂ ਨੇ ਕਤਲ ਦੇ ਮਾਮਲੇ ਐਲਾਨੇ ਹਨ, ਜਦੋਂ ਕਿ 80 ਉਮੀਦਵਾਰਾਂ 'ਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹਨ। ਕਈ ਉਮੀਦਵਾਰਾਂ 'ਤੇ ਔਰਤਾਂ ਵਿਰੁੱਧ ਅਪਰਾਧਾਂ ਨਾਲ ਸੰਬੰਧਤ ਮਾਮਲੇ ਵੀ ਹਨ। ਭਾਜਪਾ ਦੇ 141 ਉਮੀਦਵਾਰਾਂ ਵਿੱਚੋਂ 102 ਯਾਨੀ 72 ਫੀਸਦੀ ਉਮੀਦਵਾਰਾਂ ਵਿਰੁੱਧ ਤੇ ਉਸ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਦੇ 142 ਉਮੀਦਵਾਰਾਂ ਵਿੱਚੋਂ 49 ਯਾਨੀ 35 ਫੀਸਦੀ ਉਮੀਦਵਾਰਾਂ ਵਿਰੁੱਧ ਫੌਜਦਾਰੀ ਮਾਮਲੇ ਦਰਜ ਹਨ। ਨੰਦੀਗ੍ਰਾਮ 'ਚ ਸਭ ਤੋਂ ਵੱਧ ਛੇ ਉਮੀਦਵਾਰਾਂ 'ਤੇ ਗੰਭੀਰ ਫੌਜਦਾਰੀ ਦੋਸ਼ ਹਨ। ਸੂਤੀ, ਖੇਜੂਰੀ ਅਤੇ ਭਰਤਪੁਰ ਵਿੱਚ ਪੰਜ-ਪੰਜ ਉਮੀਦਵਾਰ ਅਜਿਹੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਨੰਦੀਗ੍ਰਾਮ ਤੋਂ ਭਾਜਪਾ ਦੇ ਉਮੀਦਵਾਰ ਸੁਵੇਂਦੂ ਅਧਿਕਾਰੀ ਨੇ ਆਪਣੇ ਹਲਫਨਾਮੇ ਵਿੱਚ 29 ਕੇਸਾਂ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿੱਚ ਅੱਠ ਕਤਲ ਦੀ ਕੋਸ਼ਿਸ਼, ਛੇੜਛਾੜ ਅਤੇ ਔਰਤਾਂ ਵਿਰੁੱਧ ਧਮਕੀਆਂ ਦੇ ਮਾਮਲੇ ਸ਼ਾਮਲ ਹਨ। ਉਨ੍ਹਾ ਦੇ ਮੁੱਖ ਵਿਰੋਧੀ ਟੀ ਐੱਮ ਸੀ ਦੇ ਪਬਿਤਰਾ ਕਰ ਖਿਲਾਫ ਸੱਤ ਕੇਸ ਦਰਜ ਹਨ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ 98 ਉਮੀਦਵਾਰਾਂ ਨੇ ਔਰਤਾਂ ਵਿਰੁੱਧ ਅਪਰਾਧਾਂ ਨਾਲ ਸੰਬੰਧਤ ਮਾਮਲੇ ਐਲਾਨੇ ਹਨ। ਇਨ੍ਹਾਂ ਵਿੱਚੋਂ ਛੇ ਉਮੀਦਵਾਰਾਂ 'ਤੇ ਬਲਾਤਕਾਰ ਅਤੇ ਜਿਨਸੀ ਹਮਲੇ ਦੇ ਦੋਸ਼ ਹਨ।

ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਪਾਰਟੀਆਂ ਅਜੇ ਵੀ ਆਪਣੀਆਂ ਪੁਰਾਣੀਆਂ ਆਦਤਾਂ ਛੱਡਣ ਤੋਂ ਇਨਕਾਰ ਕਰ ਰਹੀਆਂ ਹਨ। ਉਹ ਫੌਜਦਾਰੀ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਟਿਕਟਾਂ ਦੇ ਰਹੀਆਂ ਹਨ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਪਾਰਟੀਆਂ ਸਾਫ-ਸੁਥਰੇ ਉਮੀਦਵਾਰਾਂ ਦੀ ਚੋਣ ਕਰਨ ਵੱਲ ਲੋੜੀਂਦਾ ਧਿਆਨ ਨਹੀਂ ਦੇ ਰਹੀਆਂ।

## ਪਾਠਕ-ਸੱਥ

### ਤਣਾਅਪੂਰਨ ਜ਼ਿੰਦਗੀ ਚਿੰਤਾਜਨਕ

ਵਧਦਾ ਤਣਾਅ ਕਿਸ ਤਰ੍ਹਾਂ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਿਹਾ ਹੈ, ਇਸ ਦਾ ਇੰਡੀਅਨ ਇੰਸਟੀਚਿਊਟ ਆਫ ਇਨਫੋਰਮੇਸ਼ਨ ਤਕਨਾਲੋਜੀ ਦੇ ਇੱਕ ਗ੍ਰੈਜੂਏਟ ਚਿਰਾਗ ਮਦਾਨ ਨਾਂਅ ਦੇ ਚੌਵੀ ਸਾਲਾ ਨੌਜਵਾਨ ਤੋਂ ਲਗਾਇਆ ਜਾ ਸਕਦਾ ਹੈ, ਜਿਸ ਨੇ ਵਧਦੇ ਕੰਮ ਦੇ ਦਬਾਅ ਕਰਕੇ ਲੱਖਾਂ ਰੁਪਏ ਦੀ ਨੌਕਰੀ ਨੂੰ ਤਿਆਗ ਦਿੱਤਾ।ਚਿਰਾਗ ਮਦਾਨ ਦਾ ਕਹਿਣਾ ਹੈ ਕਿ ਸਵੇਰੇ ਨੌਂ ਵਜੇ ਤੋਂ ਲੈ ਕੇ ਪੰਜ ਵਜੇ ਤੱਕ ਕੰਮ ਕਰਨ ਦਾ ਸਮਾਂ ਹੌਲੀ-ਹੌਲੀ ਸੱਤ ਵਜੇ ਤੱਕ ਹੋ ਗਿਆ। ਦੁਪਹਿਰ ਦੇ ਖਾਣੇ ਲਈ ਦਸ ਤੋਂ ਪੰਦਰਾਂ ਮਿੰਟ ਦਿੱਤੇ ਜਾਣ ਲੱਗੇ। ਦਿਨੋਂ-ਦਿਨ ਵਧ ਰਹੀਆਂ ਪਾਬੰਦੀਆਂ ਨੂੰ ਦੇਖਦਿਆਂ ਚਿਰਾਗ ਨੇ ਨੌਕਰੀ ਛੱਡਣ ਦਾ ਫ਼ੈਸਲਾ ਕੀਤਾ।ਹੁਣ ਚਿੰਤਾ ਦੇ ਨਾਲ-ਨਾਲ ਚਿੰਤਨ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਦੇਸ਼ ਵਿੱਚ ਬੇਰੋਜ਼ਗਾਰੀ ਦੀ ਮਾਰ ਪੈ ਰਹੀ ਹੈ, ਨੌਕਰੀਆਂ ਖ਼ਤਮ ਹੋ ਰਹੀਆਂ ਹਨ, ਉਸ ਸਮੇਂ ਇੱਕ ਹੋਰ ਨੌਜਵਾਨ ਬੇਰੁਜ਼ਗਾਰਾਂ ਦੀ ਕਤਾਰ ਵਿੱਚ ਜਾ ਸ਼ਾਮਿਲ ਹੋਇਆ, ਦੂਜਾ ਉਸ ਦਾ ਫ਼ੈਸਲਾ ਸਹੀ ਜਾਪਦਾ ਹੈ, ਕਿਉਂਕਿ ਵਧਦੇ ਤਣਾਅ ਕਰਕੇ ਉਸ ਨੂੰ ਘੁਟਣ ਹੋਣ ਲੱਗੀ ਅਤੇ ਉਸ ਨੇ ਨੌਕਰੀ ਤੋਂ ਛੁਟਕਾਰਾ ਪਾਉਣਾ ਚੰਗਾ ਸਮਝਿਆ। ਕਾਰਪੋਰੇਟ ਹੋਣ ਜਾਂ ਬੈਂਕਿੰਗ ਖ਼ੇਤਰ ਇਹਨਾਂ ਦੀ ਮੁੱਖ ਮਨਸ਼ਾ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ। ਇਹਨਾਂ ਨੂੰ ਕੋਈ ਮਤਲਬ ਨਹੀਂ ਵਿਅਕਤੀ ਕਿੰਨੇ ਘੰਟੇ ਕੰਮ ਕਰਦਾ ਹੈ ਜਾਂ ਉਸ ਦੀ ਸਿਹਤ 'ਤੇ ਵਧੇਰੇ ਤਣਾਅ ਕਰਕੇ ਕੀ ਪ੍ਰਭਾਵ ਪੈਂਦੇ ਹਨ, ਪਰੰਤੂ ਇਹ ਘਟਨਾ ਇਹ ਕੌੜਾ ਸੱਚ ਜ਼ਰੂਰ ਜ਼ਾਹਿਰ ਕਰਦੀ ਹੈ ਕਿ ਅਜੋਕੇ ਸਮੇਂ ਵਿੱਚ ਵਿਅਕਤੀ 'ਤੇ ਕੰਮ ਦੇ ਵਧ ਰਹੇ ਦਬਾਅ ਕਰਕੇ ਤਣਾਅਪੂਰਨ ਜ਼ਿੰਦਗੀ ਦੇ ਖ਼ਤਰੇ ਵਧ ਰਹੇ ਹਨ।ਸੰਤ ਕਬੀਰ ਜੀ ਫੁਰਮਾਉਂਦੇ ਹਨ ਕਿ ਚਿੰਤਾ ਚਿਤਾ ਸਮਾਨ ਹੈ, ਇਸ ਲਈ ਜਿਥੇ ਸਰਕਾਰ ਨੂੰ ਕਾਰਪੋਰੇਟ ਦੇ ਕੰਮ ਕਾਜ਼ ਦੀ ਪਾਲਿਸੀ ਨੂੰ ਦੇਖਦੇ ਹੋਏ ਉਹਨਾਂ ਨੂੰ ਤਾੜਨਾ ਕਰਨੀ ਚਾਹੀਦੀ ਹੈ ਕਿ ਮਨੁੱਖ ਨੂੰ ਮਸ਼ੀਨ ਨਾ ਸਮਝਣ ।

-ਰਜਵਿੰਦਰ ਪਾਲ ਸ਼ਰਮਾ, 70873-67969

# ਸੰਘ ਦੇ ਨਫਰਤੀ ਮਨਸੂਬਿਆਂ ਤੋਂ ਸੁਚੇਤ ਹੋਈਏ


ਮੰਗਤ ਰਾਮ ਪਾਸਲਾ

*'ਖ਼ੂਬ ਹੋਈਆਂ ਕੋਸ਼ਿਸ਼ਾਂ ਮੈਨੂੰ ਮਿਟਾਵਣ ਦੇ ਲਈ,*
*ਇਕ ਨਵੀਂ ਉਗਦੀ ਹੋਈ ਆਸਾਂ ਦੀ ਵੇਲ ਨੂੰ*
*ਜ਼ੁਲਮ ਦੇ ਪੈਰਾਂ 'ਚ ਰੋਲਣ ਤੇ ਦਬਾਵਣ ਦੇ ਲਈ*
*ਖ਼ੂਬ ਹੋਈਆਂ ਕੋਸ਼ਿਸ਼ਾਂ ਮੈਨੂੰ ਮਿਟਾਵਣ ਦੇ ਲਈ।'*

ਪੰਜਾਬੀ ਜ਼ਬਾਨ ਦੇ ਉੱਘੇ ਪ੍ਰਗਤੀਵਾਦੀ ਸ਼ਾਇਰ ਮਰਹੂਮ ਬਾਵਾ ਬਲਵੰਤ ਦੀ ਬੇਹੱਦ ਮਕਬੂਲ ਕਵਿਤਾ 'ਸਮਾਜਵਾਦ' ਦਾ ਉਪਰੋਕਤ ਸ਼ੇਅਰ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ 'ਚ ਆਪਣੇ ਭਾਸ਼ਣ ਦੌਰਾਨ ਕਮਿਊਨਿਸਟਾਂ ਵਿਰੁੱਧ ਉਗਲੀ ਜ਼ਹਿਰ ਦਾ ਅਤਿਅੰਤ ਢੁਕਵਾਂ ਤੇ ਠੋਕਵਾਂ ਜਵਾਬ ਹੈ।

ਇਹ ਉਚੇਚਾ ਯਾਦ ਰੱਖਣ ਯੋਗ ਹੈ ਕਿ 31 ਮਾਰਚ '26 ਤੱਕ ਦੇਸ਼ 'ਚੋਂ ਮਾਓਵਾਦੀਆਂ ਦਾ ਮੁਕੰਮਲ ਖਾਤਮਾ ਕਰ ਦੇਣ ਦਾ ਅਮਿਤ ਸ਼ਾਹ ਵੱਲੋਂ ਲਗਾਇਆ ਗਿਆ ਯਰਕਾਊ ਨਾਅਰਾ, ਦਰਅਸਲ ਮੋਦੀ-ਸ਼ਾਹ ਸਮੇਤ ਸਮੁੱਚੀ ਭਾਜਪਾ, ਸੰਘ ਪਰਵਾਰ ਤੇ ਇਨ੍ਹਾਂ ਦੇ ਪਿੱਤਰੀ ਸੰਗਠਨ 'ਰਾਸ਼ਟਰੀ ਸੋਇਮ ਸੇਵਕ ਸੰਘ' (ਆਰ ਐੱਸ ਐੱਸ) ਦੀ ਕਮਿਊਨਿਸਟਾਂ ਦੇ ਖਾਤਮੇ ਦੀ ਜਨਮ-ਜਾਤ ਇੱਛਾ ਦਾ ਪ੍ਰਗਟਾਵਾ ਹੈ। ਸੰਘ ਦੇ ਆਗੂਆਂ ਤੇ ਵਿਚਾਰਕਾਂ ਨੇ ਉਕਤ ਇੱਛਾ 1925 'ਚ ਸੰਘ ਦੀ ਸਥਾਪਨਾ ਸਮੇਂ ਹੀ ਆਪਣੇ ਮਨ 'ਚ ਧਾਰ ਲਈ ਸੀ। ਆਰ ਐਸ ਐਸ ਦੇ ਇਕ ਬਹੁਤ ਵੱਡੇ ਸਿਧਾਂਤਕਾਰ ਸਮਝੇ ਜਾਂਦੇ ਇਸ ਦੇ ਦੂਜੇ ਸਰਸੰਘ ਚਾਲਕ (ਮੁਖੀ) ਐੱਮ ਐੱਸ ਗੋਲਵਾਲਕਰ ਨੇ ਆਪਣੇ ਪੈਰੋਕਾਰਾਂ ਨੂੰ 'ਮੱਤ' ਦਿੱਤੀ ਸੀ, "ਹਿੰਦੂਓ, ਆਪਣੀ ਤਾਕਤ ਅੰਗਰੇਜ਼ਾਂ ਨਾਲ ਲੜਣ 'ਚ ਜਾਇਆ ਨਾ ਕਰੋ, ਬਲਕਿ ਇਹ ਤਾਕਤ ਸਾਡੇ ਅੰਦਰੂਨੀ ਦੁਸ਼ਮਣਾਂ ਮੁਸਲਮਾਨਾਂ, ਈਸਾਈਆਂ ਤੇ ਕਮਿਊਨਿਸਟਾਂ ਨਾਲ ਲੜਣ ਲਈ ਬਚਾਅ ਕੇ ਰੱਖੋ।'

ਕੇਂਦਰ ਸਰਕਾਰ ਤੇ ਅਮਿਤ ਸ਼ਾਹ ਇਸ ਤੱਥ ਤੋਂ ਭਲੀ-ਭਾਂਤ ਜਾਣੂੰ ਹਨ ਕਿ ਭਾਰਤ ਦੀਆਂ ਜ਼ਿਆਦਾਤਰ ਕਮਿਊਨਿਸਟ ਪਾਰਟੀਆਂ ਮਾਓਵਾਦੀਆਂ ਦੀ ਸੰਕੀਰਨ ਸੋਚ ਅਤੇ ਮਾਅਰਕੇਬਾਜ਼ੀ 'ਤੇ ਆਧਾਰਤ ਕੰਮ-ਢੰਗ ਨਾਲ ਉੱਕਾ ਹੀ ਸਹਿਮਤੀ ਨਹੀਂ ਰੱਖਦੀਆਂ, ਕਿਉਂਕਿ ਮਾਓਵਾਦੀ ਧੜੇ ਚੰਦ ਕੁ ਸੂਰਮਿਆਂ ਨੂੰ ਮਿਲੀਸ਼ੀਆ ਵਾਂਗ ਹਥਿਆਰਬੰਦ ਕਰਕੇ, ਮੁੱਠੀਭਰ ਲੋਟੂਆਂ ਤੇ ਅਰਧ ਸੈਨਿਕ ਬਲਾਂ ਦੇ ਜਵਾਨਾਂ ਦਾ ਕਤਲ ਕਰਨ ਰਾਹੀਂ ਆਪਣੇ ਮਨ 'ਚ ਸਮਾਜਵਾਦੀ ਕ੍ਰਾਂਤੀ ਸਿਰੇ ਚਾੜ੍ਹਨ ਦਾ ਖ਼ੁਆਬ ਸੰਜੋਈ ਬੈਠੇ ਹਨ। ਇਹ ਵੀ ਸੱਚ ਹੈ ਕਿ ਮਾਓਵਾਦੀਆਂ ਦੇ ਇਸ ਮਾਅਰਕੇਬਾਜ਼ ਪੈਂਤੜੇ ਅਤੇ ਹਿੰਸਕ ਕਾਰਵਾਈਆਂ ਦਾ ਦੇਸ਼ ਦੀ ਕਮਿਊਨਿਸਟ ਲਹਿਰ ਨੂੰ ਕੋਈ ਲਾਭ ਮਿਲਣ ਦੀ ਬਜਾਏ ਉਲਟਾ ਭਾਰੀ ਨੁਕਸਾਨ ਹੀ ਝੱਲਣਾ ਪਿਆ ਹੈ।

ਐਪਰ, ਇਹ ਬਿਲਕੁਲ ਵੀ ਨਹੀਂ ਭੁਲਾਇਆ ਜਾਣਾ ਚਾਹੀਦਾ ਕਿ ਮਾਓਵਾਦੀਆਂ ਦੇ ਖਾਤਮੇ ਨਾਲ ਉਨ੍ਹਾਂ ਮਸਲਿਆਂ ਦਾ ਸਮਾਧਾਨ ਬਿਲਕੁਲ ਵੀ ਨਹੀਂ ਹੋਣਾ, ਜਿਨ੍ਹਾਂ ਨੂੰ ਆਧਾਰ ਬਣਾ ਕੇ ਮਾਓਵਾਦੀ ਆਦਿਵਾਸੀਆਂ, ਗਰੀਬਾਂ ਨੂੰ ਜਥੇਬੰਦ ਕਰਦੇ ਹੋਏ ਹਥਿਆਰਬੰਦ ਘੋਲ ਲੜਦੇ ਹਨ, ਕਿਉਂਕਿ ਇਹ ਮਸਲੇ ਮੋਦੀ-ਸ਼ਾਹ ਸਰਕਾਰ ਦੀਆਂ ਜਲ-ਜੰਗਲ-ਜ਼ਮੀਨ-ਖਣਿਜਾਂ ਸਮੇਤ ਦੇਸ਼ ਦੇ ਸਮੁੱਚੇ ਬੇਸ਼ਕੀਮਤੀ ਕੁਦਰਤੀ ਖਜ਼ਾਨੇ ਤੇ ਮਾਨਵੀ ਵਸੀਲੇ ਦੇਸੀ-ਵਿਦੇਸ਼ੀ ਕਾਰਪੋਰੇਟ ਲੋਟੂਆਂ ਦੇ ਹਵਾਲੇ ਕਰਕੇ ਵਸੋਂ ਨੂੰ ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਵੱਲ ਧੱਕ ਦੇਣ ਅਤੇ ਅੰਤ ਨਵਬਸਤੀਵਾਦੀ ਰਾਜ ਕਾਇਮ ਕਰਨ ਵਾਲੀਆਂ ਲੋਕ ਮਾਰੂ, ਦੇਸ਼ ਵਿਰੋਧੀ, ਸਾਮਰਾਜ ਪੱਖੀ ਨੀਤੀਆਂ ਦੀ ਲਾਜ਼ਮੀ ਪੈਦਾਵਾਰ ਹਨ।

ਕਮਿਊਨਿਸਟ, ਕਿਉਂਕਿ ਇਨ੍ਹਾਂ ਨੀਤੀਆਂ ਦੇ ਡਟਵੇਂ ਜਮਾਤੀ ਵਿਰੋਧੀ ਹਨ ਅਤੇ ਉਕਤ ਨੀਤੀ ਚੌਖਟੇ ਖਿਲਾਫ਼ ਲੋਕਾਂ ਨੂੰ ਨਾਲ ਲੈ ਕੇ ਜਮਹੂਰੀ ਲੀਹਾਂ 'ਤੇ ਬਾਜ਼ਾਬਤਾ ਸੰਘਰਸ਼ ਲੜਦੇ ਆ ਰਹੇ ਹਨ, ਇਸ ਲਈ 'ਨਾਗਪੁਰੀ ਕੁਨਬੇ' ਦੀਆਂ ਅੱਖਾਂ 'ਚ ਇਹ ਉਚੇਚੇ ਰੜਕਦੇ ਹਨ। ਅਮਿਤ ਸ਼ਾਹ, ਇਸੇ ਕਰਕੇ ਸਮੁੱਚੇ ਕਮਿਊਨਿਸਟਾਂ ਨੂੰ ਮਾਓਵਾਦੀ ਕਹਿਣ ਤੋਂ ਸ਼ੁਰੂ ਕਰ ਕੇ ਟੁਕੜੇ-ਟੁਕੜੇ ਗੈਂਗ, ਸ਼ਹਿਰੀ ਨਕਸਲੀ ਆਦਿ ਦੱਸਦਾ ਹੋਇਆ ਹੁਣ ਕਮਿਊਨਿਸਟਾਂ ਨੂੰ ਹੀ ਦੇਸ਼ ਲਈ ਪ੍ਰਮੁੱਖ ਖਤਰਾ ਦੱਸ ਰਿਹਾ ਹੈ ਤੇ ਆਪਣੇ ਮਨ 'ਚ 'ਕਮਿਊਨਿਸਟ ਮੁਕਤ ਭਾਰਤ' ਸਿਰਜਣ ਦੀ ਖਾਮ ਖਿਆਲੀ ਪਾਲੀ ਬੈਠਾ ਹੈ। ਹਾਲਾਂਕਿ ਮਾਓਵਾਦੀ ਵੀ ਉਕਤ ਨੀਤੀਆਂ ਦੇ ਖਰੇ ਵਿਰੋਧੀ ਹੋਣ ਦੇ ਵੱਡੇ ਦਾਅਵੇਦਾਰ ਹਨ, ਪਰ ਕਮਿਊਨਿਸਟ ਲਹਿਰ ਦੀ ਉਨ੍ਹਾਂ ਦੇ ਦਾਅਪੇਚਾਂ ਤੇ ਅਮਲਾਂ ਨਾਲ ਸਹਿਮਤੀ ਨਹੀਂ ਹੈ।

ਖੈਰ, ਅਮਿਤ ਸ਼ਾਹ ਨੂੰ ਇਹ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਦੁਨੀਆ ਦੀ ਕੋਈ ਵੀ ਸੱਤਾ, ਚਾਹੇ ਉਹ ਕਿੰਨੀ ਵੀ ਤਾਕਤਵਰ ਤੇ ਖ਼ੂੰਖਾਰ ਕਿਉਂ ਨਾ ਹੋਵੇ, ਕਮਿਊਨਿਸਟਾਂ ਦੀ ਲੋਕ ਪੱਖੀ, ਪ੍ਰਗਤੀ ਹਾਮੀ ਵਿਚਾਰਧਾਰਾ ਤੇ ਹੋਂਦ ਦੀ ਸਮਾਪਤੀ ਕਦੀ ਵੀ ਨਹੀਂ ਕਰ ਸਕਦੀ। ਲੱਗਦੇ ਹੱਥ ਇਹ ਵੀ ਦੱਸ ਦੇਈਏ ਕਿ ਕਮਿਊਨਿਸਟ ਕਿਰਤੀ-ਕਿਸਾਨਾਂ, ਮਿਹਨਤੀ ਤਬਕਿਆਂ ਵੱਲੋਂ ਲੜੀ ਜਾ ਰਹੀ ਆਰਥਿਕ ਲੁੱਟ-ਚੋਂਘ ਤੇ ਜਬਰ-ਜ਼ਿਲਤ ਤੋਂ ਮੁਕਤੀ ਦੀ ਜੰਗ 'ਚ ਨਿਭਾਈ ਜਾ ਰਹੀ ਆਪਣੀ ਮੋਹਰੀ ਭੂਮਿਕਾ 'ਤੇ ਹਮੇਸ਼ਾ ਮਾਣ ਮਹਿਸੂਸ ਕਰਦੇ ਹਨ । ਹਿਟਲਰ ਤੇ ਮੁਸੋਲਿਨੀ ਵਰਗੇ ਮਨੁੱਖਤਾ ਦੇ ਘਿਨਾਉਣੇ ਕਾਤਲਾਂ ਦੇ ਪੈਰੋਕਾਰਾਂ ਦੀ ਅਸਲ ਚਿੰਤਾ ਇਸ ਤੋਂ ਵੀ ਕਿਤੇ ਵਡੇਰੀ ਹੈ। ਕਮਿਊਨਿਸਟ ਆਰ ਐੱਸ ਐੱਸ ਦੀ ਪਿੱਛਲਖੁਰੀ ਵਿਚਾਰਧਾਰਾ ਅਤੇ ਤਾਨਾਸ਼ਾਹੀ ਤਰਜ਼ ਦਾ ਧਰਮ ਅਧਾਰਤ, ਪਿਛਾਖੜੀ ਰਾਸ਼ਟਰ ਕਾਇਮ ਕਰਨ ਦੇ ਇਸ ਦੇ ਘਾਤਕ ਏਜੰਡੇ ਦੇ ਸਭ ਤੋਂ ਵੱਡੇ, ਸਿਧਾਂਤਕ ਵਿਰੋਧੀ ਹਨ । ਕਮਿਊਨਿਸਟ ਹੀ ਹਨ, ਜੋ ਬੇਖੌਫ ਕਹਿੰਦੇ ਹਨ ਕਿ ਆਰ ਐੱਸ ਐੱਸ ਦਾ ਅਖੌਤੀ ਹਿੰਦੂ ਰਾਸ਼ਟਰ ਜੇਕਰ ਮੰਦੇ ਭਾਗੀਂ ਹੋਂਦ 'ਚ ਆ ਗਿਆ ਤਾਂ ਇਸ ਦੀ ਸ਼ਾਸ਼ਨ ਪੱਧਤੀ ਮਨੂੰ ਸਿਮਰਤੀ 'ਤੇ ਅਧਾਰਤ ਹੋਵੇਗੀ । ਉਹੀ ਮਨੂੰ ਸਿਮਰਤੀ, ਜੋ ਇਸਤਰੀਆਂ ਨੂੰ ਮਰਦ ਦੀ ਸਦੀਵੀ ਗੁਲਾਮ ਬਣਾਈ ਰੱਖਣ ਅਤੇ ਭੂਮੀ ਪੁੱਤਰ ਸ਼ੂਦਰਾਂ ਯਾਨਿ ਅਜੋਕੇ ਦਲਿਤਾਂ ਨੂੰ ਹਰ ਕਿਸਮ ਦੇ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਣ ਦੀ ਪੈਰਵੀ ਕਰਦੀ ਹੈ । ਆਰ ਐਸ ਐਸ, ਹਿੰਦੂ ਰਾਸ਼ਟਰ ਦੀ ਕਾਇਮੀ ਰਾਹੀਂ ਜਾਤੀਵਾਦੀ ਤੇ ਲਿੰਗਕ ਜ਼ੁਲਮ-ਵਿਤਕਰੇ ਨੂੰ ਅਤੀਤ ਵਾਂਗੂੰ ਹੀ ਸੰਸਥਾਗਤ ਰੂਪ ਦੇਣਾ ਲੋਚਦਾ ਹੈ।

ਵੈਸੇ, ਇਹ ਬੜੇ ਦੁਰਭਾਗ ਦੀ ਗੱਲ ਹੈ ਕਿ ਅਜੋਕੇ ਸਮੇਂ ਅਸੀਂ ਇਕ ਅਜਿਹੇ ਦੁਬਿਧਾਜਨਕ ਤੇ ਅਸਹਿਜ ਦੌਰ 'ਚੋਂ ਲੰਘ ਰਹੇ ਹਾਂ, ਜਿਸ ਦੀ ਸਹੀ-ਸਹੀ ਵਿਆਖਿਆ ਕਰਨੀ ਵੀ ਬਹੁਤੇ ਲੋਕਾਂ ਲਈ ਕਾਫੀ ਗੁੰਝਲਦਾਰ ਮਸਲਾ ਬਣਿਆ ਹੋਇਆ ਹੈ। ਸਾਮਰਾਜੀ ਹਾਕਮਾਂ ਦੇ ਹੁਕਮਾਂ ਤਹਿਤ ਹੋਂਦ 'ਚ ਲਿਆਂਦੇ ਗਏ ਸੁਤੰਤਰਤਾ ਸੰਗਰਾਮ 'ਚ ਧਰਮ ਦੇ ਆਧਾਰ 'ਤੇ ਫੁੱਟ ਪਾਉਣ 'ਚ ਗਲਤਾਨ ਰਹੇ, ਦੇਸ਼ ਧ੍ਰੋਹੀਆਂ ਦੇ ਅਜੋਕੇ ਵਾਰਸ ਅੱਜ ਭਾਰਤ ਦੀ ਕੇਂਦਰੀ ਸੱਤਾ 'ਤੇ ਕਾਬਜ਼ ਹੋਈ ਬੈਠੇ ਹਨ । ਸਾਡੀ ਮੁਰਾਦ ਜੱਗ-ਜ਼ਾਹਰ ਅੰਗਰੇਜ਼ ਪ੍ਰਸਤ ਰਹੇ ਹਿੰਦੂ ਮਹਾਂ ਸਭਾ ਤੇ ਆਰ ਐਸ ਐਸ ਦੇ ਨੇਤਾਵਾਂ ਤੋਂ ਹੈ। ਜਦਕਿ ਬਰਤਾਨਵੀ ਸਾਮਰਾਜ ਦੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਲਈ ਸੀਸ ਤਲੀ 'ਤੇ ਰੱਖ ਕੇ ਜੂਝਣ ਨਿਕਲੀ ਦੇਸ਼ ਭਗਤ ਸੂਰਬੀਰਾਂ ਦੀ ਟੋਲੀ ਦੇ ਅਜੋਕੇ ਸੱਚੇ ਪੈਰੋਕਾਰ ਕਮਿਊਨਿਸਟਾਂ ਵਿਰੁੱਧ ਅਜੋਕੇ ਸੱਤਾਧਾਰੀ ਅੱਜ 'ਰਾਸ਼ਟਰ ਧ੍ਰੋਹੀ' ਹੋਣ ਦਾ 'ਫਤਵਾ' ਜਾਰੀ ਕਰ ਰਹੇ ਹਨ । ਆਪਣੇ ਕੂੜ ਪ੍ਰਚਾਰ ਰਾਹੀਂ ਇਹ ਗੱਦਾਰ ਟੋਲੇ, ਜੋ ਅੱਜ ਵੀ ਸਾਮਰਾਜ ਦੀ ਉਮਰ ਲੰਮੀ ਤੋਂ ਲੰਮੇਰੀ ਕਰਨ ਲਈ ਹਰ ਹਰਬਾ ਵਰਤ ਰਹੇ ਹਨ, ਫਾਂਸੀਆਂ ਦੇ ਰੱਸੇ ਗਲਾਂ 'ਚ ਪਾ ਕੇ 'ਸਾਮਰਾਜ ਮੁਰਦਾਬਾਦ' ਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਹੋਏ ਸੂਲੀ ਚੜ੍ਹਣ ਵਾਲੇ ਸਿਰਲੱਥ ਯੋਧਿਆਂ ਦੀ ਸ਼ਾਨਾਮੱਤੀ ਭੂਮਿਕਾ ਨੂੰ ਲੋਕ ਚੇਤਿਆਂ 'ਚੋਂ ਮਿਟਾਉਣਾ ਚਾਹੁੰਦੇ ਹਨ । ਆਜ਼ਾਦੀ ਸੰਗਰਾਮ 'ਚ ਵੈਸੇ ਤਾਂ ਕਾਂਗਰਸ ਪਾਰਟੀ ਸਮੇਤ, ਉਦੋਂ ਦੇ ਬਹੁ-ਗਿਣਤੀ ਰਾਜਸੀ ਦਲਾਂ ਅਤੇ ਹਰ ਤਰ੍ਹਾਂ ਦੇ ਧਾਰਮਿਕ-ਸਮਾਜਿਕ ਸੰਗਠਨਾਂ ਤੇ ਆਮ ਲੋਕਾਂ ਨੇ ਜਾਨ ਹੂਲਵੀਂ ਸ਼ਮੂਲੀਅਤ ਕੀਤੀ ਸੀ, ਪ੍ਰੰਤੂ ਇਸ ਲਹਿਰ 'ਚ ਸ਼ਾਮਲ ਸਮਾਜਵਾਦੀ ਵਿਚਾਰਧਾਰਾ ਨੂੰ ਪ੍ਰਣਾਏ ਕਮਿਊਨਿਸਟ ਹਰ ਮੋੜ 'ਤੇ ਆਜ਼ਾਦੀ ਪ੍ਰਾਪਤੀ ਦੇ ਨਾਲ-ਨਾਲ ਸਾਂਝੀਵਾਲਤਾ ਤੇ ਬਰਾਬਰੀ ਵਾਲਾ ਢਾਂਚਾ (ਸਮਾਜਵਾਦ) ਸਿਰਜਣ ਦੇ ਨਾਅਰੇ ਬੁਲੰਦ ਕਰਦੇ ਰਹੇ ਤੇ ਅੱਜ ਵੀ ਕਰ ਰਹੇ ਹਨ ।

ਆਜ਼ਾਦੀ ਸੰਗਰਾਮ ਦੀਆਂ ਅਨੇਕਾਂ ਧਾਰਾਵਾਂ ਸਨ, ਜੋ ਵਿਚਾਰਕ ਮਤਭੇਦਾਂ ਦੇ ਬਾਵਜੂਦ ਅੰਗ੍ਰੇਜ਼ੀ ਸਾਮਰਾਜ ਵਿਰੁੱਧ ਨਿਰੰਤਰ ਸਰਗਰਮ ਰਹਿੰਦੀਆਂ ਸਨ । ਵੱਖੋ-ਵੱਖ ਧਾਰਮਿਕ ਵਿਸ਼ਵਾਸਾਂ ਵਾਲੇ ਲੋਕ ਅੰਗਰੇਜ਼ ਸਾਮਰਾਜ ਵੱਲੋਂ ਉਨ੍ਹਾਂ ਦੇ ਧਰਮ ਨਾਲ ਕੀਤੇ ਜਾ ਰਹੇ ਖਿਲਵਾੜ ਤੋਂ ਬਦਜ਼ਨ ਹੋ ਕੇ ਆਜ਼ਾਦੀ ਦੀ ਲਹਿਰ 'ਚ ਕੁੱਦੇ ਸਨ। ਕਈ ਰਿਆਸਤਾਂ ਦੇ ਮੁਖੀ ਵੈਸੇ ਤਾਂ ਆਪਣੀ ਖ਼ਲਕਤ ਨਾਲ ਹੰਕਾਰੀ ਰਾਜਿਆਂ ਵਾਂਗ ਹੀ ਪੇਸ਼ ਆਉਂਦੇ ਸਨ, ਪ੍ਰੰਤੂ ਅੰਗਰੇਜ਼ਾਂ ਵੱਲੋਂ ਆਪਣੀ ਸੱਤਾ ਹੜੱਪ ਲੈਣ ਦੇ ਮਨਸੂਬਿਆਂ ਨੂੰ ਦੇਖਦਿਆਂ ਉਹ ਵੀ ਆਜ਼ਾਦੀ ਸੰਗਰਾਮ ਦਾ ਹਿੱਸਾ ਬਣ ਗਏ ਸਨ । ਆਜ਼ਾਦੀ ਅੰਦੋਲਨ 'ਚ ਕੁੱਦੇ ਬਹੁ-ਗਿਣਤੀ ਲੋਕਾਂ ਦਾ ਵੱਡਾ ਹਿੱਸਾ ਕਾਂਗਰਸ ਪਾਰਟੀ, ਖਾਸ ਕਰਕੇ ਮਹਾਤਮਾ ਗਾਂਧੀ ਦਾ ਅਨੁਆਈ ਸੀ ਤੇ ਅਹਿੰਸਕ ਜੱਦੋਜਹਿਦ ਰਾਹੀਂ ਸੁਤੰਤਰਤਾ ਹਾਸਲ ਕਰਨ 'ਚ ਭਰੋਸਾ ਰੱਖਦਾ ਸੀ, ਜਦਕਿ ਇਨਕਲਾਬੀ ਧਾਰਾ ਗੋਰੀ ਸੱਤਾ ਨੂੰ ਜੜ੍ਹੋਂ ਉਖਾੜ ਕੇ ਬਰਾਬਰਤਾ ਵਾਲਾ ਸਮਾਜ ਉਸਾਰਨ ਵਾਸਤੇ ਹਥਿਆਰਬੰਦ ਘੋਲ ਵਿੱਢਣ ਦੀ ਹਮੈਤੀ ਸੀ। ਚੋਖੀ ਗਿਣਤੀ ਖੱਬੇ ਪੱਖੀ ਤੇ ਅਗਾਂਹਵਧੂ ਨੇਤਾ ਹਥਿਆਰਾਂ ਨਾਲੋਂ 'ਜਨਤਕ ਭਾਗੀਦਾਰੀ' ਨੂੰ ਅੰਗਰੇਜ਼ ਰਾਜ ਤੋਂ ਮੁਕਤੀ ਦੀ ਮੁਢਲੀ ਸ਼ਰਤ ਸਮਝਦੇ ਸਨ । ਇਸ ਧਾਰਾ ਦਾ ਮੁਖੀ ਸ਼ਹੀਦ-ਇ-ਆਜ਼ਮ ਭਗਤ ਸਿੰਘ ਨੂੰ ਆਖਿਆ ਜਾ ਸਕਦਾ ਹੈ। ਇਕ ਨਿਵੇਕਲੀ ਧਾਰਾ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠਲੀ ਵੀ ਸੀ, ਜੋ ਦੂਜੀ ਸੰਸਾਰ ਜੰਗ ਦੌਰਾਨ ਹਿਟਲਰ ਮੁਸੋਲੀਨੀ ਤੇ ਤੋਜੋ ਜਿਹੇ ਫਾਸ਼ੀਵਾਦੀ ਤਾਨਾਸ਼ਾਹਾਂ ਨਾਲ ਸਾਂਝ ਪਾ ਕੇ ਅੰਗਰੇਜ਼ ਸਾਮਰਾਜ ਤੋਂ ਆਜ਼ਾਦੀ ਹਾਸਲ ਕਰਨ ਨੂੰ ਤਰਜੀਹ ਦਿੰਦੀ ਸੀ। ਯਾਦ ਰਹੇ ਬਰਤਾਨਵੀ ਸਰਕਾਰ ਆਪਣੇ ਹਿਤਾਂ ਦੀ ਰਾਖੀ ਲਈ ਉਦੋਂ ਹੋਂਦ 'ਚ ਆਏ 'ਫਾਸ਼ੀਵਾਦ ਵਿਰੋਧੀ ਸੰਸਾਰ ਪੱਧਰੀ ਮੋਰਚੇ' ਯਾਨਿ 'ਮਿੱਤਰ ਦੇਸ਼ਾਂ ਦੇ ਫਰੰਟ' ਦਾ ਹਿੱਸਾ ਬਣ ਗਈ ਸੀ। ਸੁਭਾਸ਼ ਚੰਦਰ ਬੋਸ ਵੱਲੋਂ ਸੁਤੰਤਰਤਾ ਪ੍ਰਾਪਤੀ ਲਈ ਵਰਤੇ ਗਏ ਗਲਤ ਦਾਅਪੇਚਾਂ 'ਤੇ ਤਾਂ ਬਿਨਾਂ ਸ਼ੱਕ ਉਂਗਲ ਧਰੀ ਜਾ ਸਕਦੀ ਹੈ, ਪ੍ਰੰਤੂ ਦੇਸ਼ ਪ੍ਰੇਮ ਦੇ ਤਰਾਜ਼ੂ 'ਚ ਤੋਲਣ ਲੱਗਿਆਂ ਉਨ੍ਹਾਂ ਯੋਧਿਆਂ ਦਾ ਵਜ਼ਨ ਬਾਕੀ ਦੇਸ਼ ਭਗਤਾਂ ਨਾਲੋਂ ਮਾਸਾ ਵੀ ਘੱਟ ਨਹੀਂ ਅੰਗਿਆ ਜਾ ਸਕਦਾ ।ਅੱਜ ਵੀ ਸਾਮਰਾਜ ਦਾ ਸਭ ਤੋਂ ਵੱਡਾ ਹਮਾਇਤੀ ਆਰ ਐੱਸ ਐੱਸ ਤੇ ਉਸ ਨਾਲ ਜੁੜੇ ਸੰਗਠਨਾਂ ਦਾ ਅਜੋਕਾ ਹੁਕਮਰਾਨ ਟੋਲਾ ਸੁਤੰਤਰਤਾ ਸੰਗਰਾਮ ਦੀ ਪਿੱਠ 'ਚ ਛੁਰਾ ਘੋਪ ਕੇ ਵੀ ਆਪਣੇ ਮੱਥੇ 'ਤੇ 'ਦੇਸ਼ ਭਗਤੀ' ਦਾ ਤਮਗਾ ਟੰਗੀ ਫਿਰਦਾ ਹੈ। ਆਪਣੇ ਇਸ ਨਾਪਾਕ ਕਿਰਦਾਰ ਦੀ ਪਰਦਾਪੋਸ਼ੀ ਲਈ ਗੱਦਾਰਾਂ ਦਾ ਇਹ ਗ੍ਰੋਹ ਲਕੀਰ ਦੇ ਉਸ ਪਾਰ ਡਟੇ ਰਹੇ, ਖਰੇ ਦੇਸ਼ ਭਗਤ ਸੰਗਠਨਾਂ ਤੇ ਯੋਧਿਆਂ ਦਰਮਿਆਨ ਫਰਜ਼ੀ ਮਤਭੇਦ ਖੜ੍ਹੇ ਕਰਨ ਲੱਗਾ ਹੋਇਆ ਹੈ।

ਆਰ ਐਸ ਐਸ ਨੇ ਇਸ ਘਿਨਾਉਣੇ ਕੰਮ ਦੀ ਜ਼ਿੰਮੇਵਾਰੀ ਮੋਦੀ ਸਰਕਾਰ, ਖਾਸ ਕਰਕੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪੀ ਹੋਈ ਹੈ। ਜਿਵੇਂ ਪਹਿਲਾਂ ਹੀ ਦੱਸ ਆਏ ਹਾਂ ਕਿ ਅਮਿਤ ਸ਼ਾਹ ਨੇ 31 ਮਾਰਚ 2026 ਤੱਕ 'ਮਾਓਵਾਦ' ਦੇ ਪੂਰਨ ਖਾਤਮੇ ਦਾ ਐਲਾਨ ਕੀਤਾ ਹੋਇਆ ਸੀ । ਸੱਤਾ ਦੀ ਦੁਰਵਰਤੋਂ ਕਰਦਿਆਂ ਹਰ ਗੈਰ-ਸੰਵਿਧਾਨਕ ਤੇ ਗੈਰ-ਜਮਹੂਰੀ ਢੰਗ ਨਾਲ 'ਮਾਓਵਾਦੀ' ਪਾਰਟੀ ਦੇ ਆਗੂਆਂ ਤੇ ਕਾਰਕੁਨਾਂ ਦੇ ਵੱਡੇ ਭਾਗ ਨੂੰ ਜਾਂ ਤਾਂ ਮਾਰ ਦਿੱਤਾ ਗਿਆ ਹੈ ਤੇ ਜਾਂ ਆਤਮ ਸਮਰਪਣ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਹੈ । ਕੀ ਜਬਰ ਦੇ ਆਸਰੇ ਕੀਤਾ ਗਿਆ ਇਹ ਕੰਮ ਸੰਘ-ਭਾਜਪਾ ਤੇ ਮੋਦੀ ਹਕੂਮਤ ਦੀ ਬਹਾਦਰੀ ਸਮਝੀ ਜਾਣੀ ਚਾਹੀਦੀ ਹੈ ? ਹਰਗਿਜ਼ ਨਹੀਂ। ਦੇਸ਼ ਦੀ ਭਾਰੀ ਬਹੁਗਿਣਤੀ ਵਸੋਂ ਨਾਲੋਂ ਨਿੱਖੜੇ ਹੋਏ ਅਤੇ ਗੋਦੀ ਮੀਡੀਆ ਤੇ ਸੰਘੀ ਅਫਵਾਹ ਮਸ਼ੀਨਰੀ ਵੱਲੋਂ ਦੇਸ਼-ਦੁਨੀਆ 'ਚ ਇਕ ਹਿੰਸਕ ਟੋਲੇ ਵਜੋਂ ਬਦਨਾਮ ਕਰ ਦਿੱਤੇ ਗਏ ਕੁਝ ਕੁ ਸੈਂਕੜੇ ਮਾਓਵਾਦੀਆਂ ਨੂੰ ਮਾਰ ਦੇਣਾ ਸਰਕਾਰ ਤੇ ਫੌਜ-ਪੁਲਸ ਦੀ ਕੋਈ ਮਾਣ ਕਰਨ ਯੋਗ ਪ੍ਰਾਪਤੀ ਨਹੀਂ ਕਹੀ ਜਾ ਸਕਦੀ। ਦੇਸ਼ ਦੀ ਸਮੁੱਚੀ ਕਮਿਊਨਿਸਟ ਲਹਿਰ ਤੇ ਦੇਸ਼ ਭਗਤਕ ਸੋਚ ਵਾਲੇ ਜਮਹੂਰੀ ਲੋਕਾਂ ਨੇ ਹਿੰਸਾਤਮਕ ਗੁਰੀਲਾ ਕਾਰਵਾਈਆਂ ਨਾਲ ਸਮਾਜਵਾਦੀ ਕ੍ਰਾਂਤੀ ਸਰ ਕਰਨ ਦੀ ਮਾਓਵਾਦੀਆਂ ਦੀ 'ਐਡਵੈਂਚਰਸ' ਇੱਛਾ ਨੂੰ ਕਦੀ ਵੀ ਗੰਭੀਰਤਾ ਨਾਲ ਨਹੀਂ ਲਿਆ। ਐਪਰ, ਜਲ, ਜੰਗਲ, ਜ਼ਮੀਨ ਤੇ ਧਰਤੀ ਹੇਠਲੇ ਹੋਰ ਖਜ਼ਾਨੇ ਕਬਾਇਲੀਆਂ, ਜੋ ਕਿ ਮਾਓਵਾਦੀ ਨਹੀਂ ਹਨ, ਨੂੰ ਜੰਗਲਾਂ 'ਚੋਂ ਖਦੇੜ ਕੇ ਉਨ੍ਹਾਂ ਦੀ ਪਿੱਠ ਪਿੱਛੇ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੇ ਸਰਕਾਰੀ ਸਮਝੌਤੇ ਵੀ ਕਦੀ ਮਨਜ਼ੂਰ ਨਹੀਂ ਕੀਤੇ ਜਾ ਸਕਦੇ।

ਭਾਜਪਾ ਸਰਕਾਰ ਦਾ ਇਹ ਨੀਤੀ-ਪੈਂਤੜਾ ਲੋਕ ਵਿਰੋਧੀ ਤਾਂ ਹੈ ਹੀ, ਬਿਨਾਂ ਸ਼ੱਕ ਦੇਸ਼ ਧ੍ਰੋਹ ਦੀ ਸ਼੍ਰੇਣੀ 'ਚ ਆਉਂਦਾ ਹੈ । ਸੋਚਣ ਦੀ ਗੱਲ ਤਾਂ ਇਹ ਹੈ ਕਿ ਕੁਝ ਕੁ ਗਿਣਤੀ ਦੇ 'ਮਾਓਵਾਦੀਆਂ' ਨੂੰ ਹਕੂਮਤੀ ਜਬਰ ਨਾਲ ਖਤਮ ਕਰਕੇ ਕਬਾਇਲੀਆਂ ਤੇ ਹੋਰ ਗਰੀਬਾਂ ਕੋਲੋਂ ਉਨ੍ਹਾਂ ਦੀ ਰੋਟੀ-ਰੋਜ਼ੀ ਦੇ ਸਾਧਨ ਜਬਰੀ ਖੋਹ ਲੈਣੇ ਕੀ ਨਿਆਂਪੂਰਬਕ ਤੇ ਤਰਕ ਸੰਗਤ ਨੀਤੀ-ਪਹੁੰਚ ਹੈ ? ਉਹ ਤਾਂ ਆਪਣੀ ਰੋਟੀ-ਰੋਜ਼ੀ ਦੀ ਲੜਾਈ ਲੜਦਿਆਂ ਇਸ ਤੋਂ ਵੀ ਅਗਾਂਹ ਸਮੁੱਚੇ ਦੇਸ਼ ਅੰਦਰ ਬਰਾਬਰਤਾ ਦੇ ਅਸੂਲਾਂ 'ਤੇ ਅਧਾਰਤ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਦੀ ਇੱਛਾ ਰੱਖਦੇ ਹਨ। ਗ੍ਰਹਿ ਮੰਤਰੀ ਮਾਓਵਾਦ ਨੂੰ ਖਤਮ ਕਰਨ ਦੇ ਆਪਣੇ 'ਮਹਾਨ ਮਕਸਦ' ਨੂੰ ਹੌਲੀ-ਹੌਲੀ ਸ਼ਹਿਰੀ ਨਕਸਲ ਦਾ ਸਫਾਇਆ ਕਰਨ ਤੇ ਇਸ ਤੋਂ ਵੀ ਅਗਾਂਹ ਖੱਬੇ ਪੱਖੀ ਵਿਚਾਰਾਂ ਤੋਂ ਸੱਖਣਾ 'ਕਮਿਊਨਿਸਟ ਮੁਕਤ ਭਾਰਤ' ਦੇਖਣ ਦੀ ਖਤਰਨਾਕ ਇੱਛਾ ਧਾਰੀ ਬੈਠਾ ਹੈ। ਅਸੀਂ ਠੋਕ-ਵਜਾ ਕੇ ਕਹਿਣਾ ਚਾਹੁੰਦੇ ਹਾਂ ਕਿ ਉਸ ਦੀ ਇਹ ਇੱਛਾ ਕਦੀ ਵੀ ਪੂਰੀ ਨਹੀਂ ਹੋ ਸਕੇਗੀ । ਪਾਰਲੀਮੈਂਟ ਦੇ ਲੰਘੇ ਸੈਸ਼ਨ 'ਚ ਦਿੱਤੇ 85 ਮਿੰਟ ਦੇ ਆਪਣੇ ਭਾਸ਼ਣ 'ਚ ਅਮਿਤ ਸ਼ਾਹ ਅਸਲ 'ਚ ਆਰ ਐੱਸ ਐੱਸ ਦੇ ਉਸ ਉਦੇਸ਼ ਨੂੰ ਰੁਪਮਾਨ ਕਰਦਾ ਹੈ, ਜੋ ਕਦੀ ਹਿੰਦੂ ਮਹਾਂਸਭਾ ਦੇ ਸਾਬਕਾ ਆਗੂ ਤੇ ਪਿਛੋਂ ਆਰ ਐੱਸ ਐਸ ਦੇ ਸੰਸਥਾਪਕਾਂ 'ਚੋਂ ਇਕ ਰਹੇ ਡਾਕਟਰ ਮੁੰਜੇ ਨੇ ਇਟਲੀ ਦੇ ਫਾਸ਼ਿਸਟ ਤਾਨਾਸ਼ਾਹ ਮੁਸੋਲੀਨੀ ਨਾਲ ਮਿਲ ਕੇ ਚਿਤਵਿਆ ਸੀ। ਮੁੰਜੇ, ਭਾਰਤ ਅੰਦਰ ਵੀ ਉਸੇ ਤਰਜ਼ ਦਾ ਗੈਰ-ਲੋਕਰਾਜੀ, ਫਾਸ਼ੀ ਢਾਂਚਾ ਕਾਇਮ ਕਰਨ ਦੀ ਮਨਸੂਬਾਬੰਦੀ ਕਰਨ ਲਈ ਮੁਸੋਲਿਨੀ ਤੇ ਉਸ ਦੀ ਪਾਰਟੀ ਦੇ ਆਗੂਆਂ ਨੂੰ ਮਿਲਣ ਲਈ ਇਟਲੀ ਗਿਆ ਸੀ। ਗ੍ਰਹਿ ਮੰਤਰੀ ਸ਼ਾਇਦ ਮੁਸੋਲਿਨੀ ਦਾ ਹਸ਼ਰ ਭੁੱਲ ਗਿਆ ਹੈ । ਇਟਲੀ ਦੀ ਉਹੋ ਜਨਤਾ, ਜੋ ਕਦੀ ਮੁਸੋਲਿਨੀ ਦੀ ਜੈ-ਜੈਕਾਰ ਕਰਿਆ ਕਰਦੀ ਸੀ, ਨੇ ਹੀ ਸਰੇਆਮ ਚੌਂਕ 'ਚ ਫਾਂਸੀ ਦੇ ਕੇ ਉਸ ਦੀ ਅਲਖ ਮੁਕਾਈ ਸੀ । ਜਦਕਿ ਬਰਾਬਰਤਾ ਵਾਲਾ ਢਾਂਚਾ, ਭਾਵ ਸਮਾਜਵਾਦ ਸਿਰਜਣ ਦਾ ਸੰਕਲਪ ਭਾਰਤ ਦੀ ਹਜ਼ਾਰਾਂ ਸਾਲਾਂ ਦੀ ਫਿਲਾਸਫੀ ਦੇ ਅੰਦਰ ਹੀ ਅੰਕਿਤ ਹੈ। ਇਸ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਹੀ ਸਿੱਖ ਗੁਰੂ ਸਾਹਿਬਾਨ, ਸਤਿਗੁਰੂ ਰਵੀਦਾਸ ਜੀ ਤੇ ਸੰਤ ਕਬੀਰ ਜੀ ਵਰਗੇ ਭਗਤੀ ਲਹਿਰ ਦੇ ਮਹਾਨ ਰਹਿਬਰਾਂ, ਸੂਫੀ ਸੰਤਾਂ ਤੇ ਅਗਾਂਹਵਧੂ ਧਾਰਮਿਕ-ਸਮਾਜਿਕ ਲਹਿਰਾਂ ਦੇ ਹੋਰ ਜੁਝਾਰੂਆਂ ਨੇ ਵੱਡੀਆਂ ਘਾਲਣਾਵਾਂ ਘਾਲੀਆਂ ਹਨ । ਭਾਰਤ ਅੰਦਰ 1920 'ਚ ਕਮਿਊਨਿਸਟ ਪਾਰਟੀ ਦੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ ਜੈਨ ਤੇ ਬੁੱਧ ਮਤ, ਸਿੱਖ ਫਲਸਫੇ ਤੇ ਹੋਰ ਅਨੇਕਾਂ ਲਹਿਰਾਂ ਦੇ ਦਸਤਾਵੇਜ਼ਾਂ ਤੇ ਧਰਮ ਗ੍ਰੰਥਾਂ ਦੇ ਪੰਨਿਆਂ 'ਤੇ ਉਹ ਮਾਨਵੀ ਫਲਸਫਾ ਦਰਜ ਹੈ, ਜੋ ਅਮੀਰੀ-ਗਰੀਬੀ ਦੇ ਪਾੜੇ ਨੂੰ ਮੇਟਣਾ ਚਾਹੁੰਦਾ ਹੈ, ਜਾਤਪਾਤ ਦਾ ਖਾਤਮਾ ਕਰਨਾ ਚਾਹੁੰਦਾ ਹੈ, ਔਰਤ-ਮਰਦ ਦੀ ਬਰਾਬਰਤਾ ਦਾ ਮੁੱਦਈ ਹੈ, ਤਰਕ-ਦਲੀਲ ਤੇ ਸੰਵਾਦ ਦਾ ਪੈਰਵੀਕਾਰ ਹੈ ਅਤੇ ਦਕਿਆਨੂਸੀ ਵਿਚਾਰਾਂ, ਵਹਿਮ ਪ੍ਰਸਤੀ ਤੇ ਕਰਮ ਕਾਂਡ ਤੋਂ ਮੁਕਤੀ ਦਾ ਰਾਹ ਦਰਸਾਉਂਦਾ ਹੈ। ਕੀ ਅਮਿਤ ਸ਼ਾਹ ਕਮਿਊਨਿਸਟਾਂ ਦੇ ਖਾਤਮੇ ਦੇ ਬਹਾਨੇ ਉਕਤ ਮਾਨਵੀ ਫਲਸਫੇ, ਜੋ ਸਾਡੀ ਧਰਤੀ 'ਤੇ ਕਮਿਊਨਿਸਟ ਵਿਚਾਰਾਂ ਦੇ ਆਗਮਨ ਤੋਂ ਸੈਂਕੜੇ ਸਾਲ ਪਹਿਲਾਂ ਸਿਰਜਿਆ ਗਿਆ ਹੈ, ਦਾ ਵੀ ਖਾਤਮਾ ਕਰ ਸਕਦਾ ਹੈ ? ਉਹ ਆਪਣੇ ਖਿਲਾਫ ਉੱਠਣ ਵਾਲੀ ਵਿਰੋਧ ਦੀ ਹਰ ਆਵਾਜ਼ ਖਤਮ ਕਰਨ 'ਤੇ ਤੁਲਿਆ ਹੋਇਆ ਹੈ, ਪਰ ਭਾਰਤ ਦੇ 140 ਕਰੋੜ ਲੋਕਾਂ 'ਚੋਂ ਵੱਡੀ ਬਹੁ ਗਿਣਤੀ ਹਿੰਦੂ-ਸਿੱਖ, ਮੁਸਲਮਾਨ, ਈਸਾਈ ਤੇ ਹੋਰ ਪੀੜਤ ਲੋਕ ਭਾਰਤ ਦਾ ਸੰਵਿਧਾਨ ਅਤੇ ਦੇਸ਼ ਦਾ ਧਰਮ ਨਿਰਪੱਖ, ਲੋਕ ਰਾਜੀ, ਫੈਡਰਲ ਢਾਂਚਾ ਕਾਇਮ ਰੱਖਣ ਦੇ ਹਾਮੀ ਹਨ। ਲੋਕ ਤਾਂ ਇਸ ਤੋਂ ਵੀ ਅੱਗੇ ਦੇਸ਼ ਅੰਦਰ ਬਰਾਬਰੀ ਦੇ ਅਸੂਲਾਂ 'ਤੇ ਅਧਾਰਤ ਸਮਾਜਵਾਦੀ ਢਾਂਚਾ ਸਿਰਜਣ ਦਾ ਸੁਪਨਾ ਪਾਲੀ ਬੈਠੇ ਹਨ ਅਤੇ ਇਸ ਦਿਸ਼ਾ 'ਚ ਕਾਮਯਾਬੀ ਲਈ ਸਮਰੱਥਾ ਮੁਤਾਬਕ ਸੰਘਰਸ਼ ਵੀ ਕਰ ਰਹੇ ਹਨ । ਭਾਰਤੀ ਜਨਤਾ ਆਰ ਐੱਸ ਐੱਸ ਵੱਲੋਂ ਦੇਸ਼ 'ਚ ਫੈਲਾਈ ਜਾ ਰਹੀ ਫਿਰਕੂ ਨਫਰਤ ਤੇ ਹਜੂਮੀ ਹਿੰਸਾ ਤੋਂ ਮੁਕਤ ਭਾਰਤ ਦੇਖਣ ਦੀ ਇੱਛੁਕ ਹੈ, ਜੋ ਲੋਕ ਸੰਘਰਸ਼ਾਂ ਸਦਕਾ ਲਾਜ਼ਮੀ ਹੋਂਦ 'ਚ ਆਏਗਾ।

**# ਸੰਪਰਕ : 98141-82998**

# ਲੋਕ ਮੁੱਦਿਆਂ ਤੋਂ ਵਾਂਝੀ ਹੋ ਰਹੀ ਭਾਰਤੀ ਰਾਜਨੀਤੀ

**ਚਰਨ ਸਿੰਘ ਸਰਾਭਾ**

21ਵੀਂ ਸਦੀ ਦੇ ਚੱਲ ਰਹੇ ਤੀਜੇ ਦਹਾਕੇ ਵਿੱਚ ਸਮੁੱਚਾ ਸੰਸਾਰ ਵੱਖ-ਵੱਖ ਥਾਵਾਂ 'ਤੇ ਸਥਾਨਕ ਅਤੇ ਸੰਸਾਰ ਪੱਧਰੀ ਪ੍ਰਭਾਵਾਂ ਕਾਰਨ ਕਈ ਕਿਸਮ ਦੇ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ। ਸੰਸਾਰ ਭਰ ਵਿੱਚ ਵਧ ਰਹੀ ਕੌਮੀਅਤ ਕੌਮਾਂਤਰੀ ਦਿਸ਼ਾਵਾਂ ਵਾਲੀ ਧੌਂਸ ਭਰਪੂਰ ਆਪ-ਹੁਦਰਾਸ਼ਾਹੀ। ਕੌਮੀ ਅਤੇ ਕੌਮਾਂਤਰੀ ਪੱਧਰਾਂ 'ਤੇ ਵਧ ਰਿਹਾ ਗਰੀਬ-ਅਮੀਰ ਦਾ ਪਾੜਾ। ਵਧ ਰਹੀ ਬੇਰੁਜ਼ਗਾਰੀ, ਖੁਰ ਰਿਹਾ ਲੋਕਤੰਤਰ। ਵੱਖ-ਵੱਖ ਰੰਗਾਂ ਵਿੱਚ ਵਧ ਰਹੀ ਰਾਜਨੀਤਕ ਤਾਨਾਸ਼ਾਹੀ ਅਤੇ ਵੱਖ-ਵੱਖ ਥਾਵਾਂ 'ਤੇ ਹੋ ਰਹੀ ਵੱਖ-ਵੱਖ ਖੇਤਰਾਂ ਦੀ ਲੁੱਟ-ਖਸੁੱਟ ਵੱਡੀ ਪੱਧਰ 'ਤੇ ਪਸਰ ਰਹੀ ਬੇਚੈਨੀ ਅਤੇ ਮਾਨਸਿਕ ਪ੍ਰੇਸ਼ਾਨੀ ਦੇ ਕਾਰਨ ਵਧ ਰਹੀਆਂ ਮਾਨਸਿਕ ਬਿਮਾਰੀਆਂ ਅਤੇ ਖੁਦਕੁਸ਼ੀਆਂ ਦੇ ਰੁਝਾਨ ਚਿੰਤਾਜਨਕ ਹਾਲਤ ਪੁੱਜਣ ਦੀਆਂ ਖ਼ਬਰਾਂ ਨਿਰੰਤਰ ਪ੍ਰੈੱਸ ਵਿੱਚ ਰਹਿੰਦੀਆਂ ਹਨ, ਪ੍ਰੰਤੂ ਸੰਸਾਰ ਭਰ ਦੇ ਵੱਡੇ ਅਮੀਰ ਕਾਰਪੋਰੇਟ, ਬਹੁ-ਕੌਮੀ ਕੰਪਨੀਆਂ ਅਤੇ ਇਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਦੀਆਂ ਸਰਕਾਰਾਂ ਅਤੇ ਇਨ੍ਹਾਂ ਦੇ ਪੱਖ ਦੇ ਅਰਥ-ਸ਼ਾਸਤਰੀ ਇਨ੍ਹਾਂ ਹਾਲਤਾ ਨੂੰ ਵੀ ਵਿਕਾਸ ਦਾ ਨਾਂ ਦੇ ਕੇ ਅਤੇ ਇਨ੍ਹਾਂ ਹਾਲਤਾਂ ਸੰਬੰਧੀ ਸਮੁੱਚੇ ਰੂਪ ਵਿੱਚ ਤਰਕ ਅਧਾਰਤ ਗੱਲ ਕਰਨ ਜਾਂ ਸੁਣਨ ਨੂੰ ਤਿਆਰ ਨਹੀਂ ਹਨ, ਪ੍ਰੰਤੂ ਅਜਿਹੀਆਂ ਹਾਲਤਾਂ ਵਿੱਚ ਵੀ ਇੱਕ ਗੱਲ ਚੰਗੀ ਹਾਂ-ਪੱਖੀ ਹੈ ਕਿ ਸੰਸਾਰ ਭਰ ਵਿੱਚ ਚੇਤੰਨ ਅਤੇ ਮਨੁੱਖੀ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰਣਾਈਆਂ ਕੁਝ ਜਨ ਸ਼ਕਤੀਆਂ ਦੇ ਵਰਗ ਹਨ, ਜੋ ਅਜਿਹੀ ਲੋਕ ਵਿਰੋਧੀ ਅਤੇ ਤਾਨਾਸ਼ਾਹੀ ਵਾਲੀ ਰਾਜਨੀਤੀ ਵਿਰੁੱਧ ਤਰਕ ਅਧਾਰਤ ਆਵਾਜ਼ ਬੁਲੰਦ ਕਰ ਰਹੇ ਹਨ। ਇਸ ਘਟਨਾ ਦੀ ਸ਼ਾਨਦਾਰ ਉਦਾਹਰਣ ਸੰਸਾਰ ਭਰ ਦੇ ਸਭ ਤੋਂ ਵੱਧ ਵਿਕਸਤ ਅਤੇ ਪੁਰਾਣੇ ਲੋਕਤੰਤਰਕ ਅਖਵਾਉਂਦੇ ਦੇਸ਼ ਅਮਰੀਕਾ ਦੇ ਹੀ ਸੂਝਵਾਨ ਲੋਕਾਂ ਨੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਵਿਰੁੱਧ ਛੇੜੀ ਜੰਗ ਵਿਰੁੱਧ ਲੱਖਾਂ ਦੀ ਗਿਣਤੀ ਵਿੱਚ ਸੜਕਾਂ 'ਤੇ ਆ ਕੇ ਟਰੰਪ ਦੀ ਧੌਂਸ ਭਰੀ ਅਤੇ ਮਨੁੱਖਤਾ ਵਿਰੋਧੀ ਨੀਤੀ ਦਾ ਜ਼ੋਰਦਾਰ ਵਿਰੋਧ ਕੀਤਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਇਸ ਪਹੁੰਚ ਤੋਂ ਅਮਰੀਕਾ ਦਾ ਅਖੌਤੀ ਸੰਸਾਰੀਕਰਨ ਵਾਲਾ ਮਖੌਟਾ ਵੀ ਪੂਰੀ ਤਰ੍ਹਾਂ ਉੱਤਰ ਗਿਆ ਹੈ, ਜਿਸ ਦੀ ਆੜ ਵਿੱਚ ਇਹ ਆਪ ਦੇ ਪ੍ਰਭਾਵ ਵਾਲੀਆਂ ਕੌਮਾਂਤਰੀ ਸੰਸਥਾਵਾਂ ਸੰਸਾਰ ਬੈਂਕ, ਕੌਮਾਂਤਰੀ ਮੁਦਰਾਕੋਸ਼ ਜਾਂ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਰਾਹੀਂ ਸੰਸਾਰ ਦੇ ਦੂਜੇ ਵਿਕਾਸਸ਼ੀਲ ਦੇਸ਼ਾਂ ਵਿੱਚ ਦਖਲ ਦੇ ਕੇ ਆਪ ਦੇ ਹਿੱਤਾਂ ਨੂੰ ਪ੍ਰਣਾਈਆਂ ਆਰਥਿਕ ਨੀਤੀਆਂ ਵੀ ਠੋਸਦਾ ਹੈ। ਜਿਵੇਂ ਕਿ ਸਾਡੇ ਭਾਰਤ ਵਿੱਚ ਵੀ 1990 ਤੋਂ ਪਿੱਛੋਂ ਸੰਸਾਰ ਬੈਂਕ ਅਤੇ ਮੁਦਰਾਕੋਸ਼ ਵਾਲੀਆਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਠੋਸੀਆਂ ਗਈਆਂ ਹਨ, ਜੋ ਸਾਡੇ ਦੇਸ਼ ਦੇ ਸੰਵਿਧਾਨਕ ਉਦੇਸ਼ਾਂ ਅਤੇ ਵਿਵਸਥਾਵਾਂ ਤੋਂ ਉਲਟ ਦਿਸ਼ਾ ਵਾਲੀਆਂ ਹਨ, ਪਰ ਸਾਡੀਆਂ ਸਰਕਾਰਾਂ ਆਰਥਿਕ ਸੁਧਾਰਾਂ ਦੇ ਨਾਂਅ 'ਤੇ ਇਨ੍ਹਾਂ ਨੂੰ ਲਾਗੂ ਕਰ ਰਹੀਆਂ ਹਨ। ਅਮਰੀਕਾ ਦੀ ਇਸ ਥਾਣੇਦਾਰੀ ਵਾਲੀ ਪਹੁੰਚ ਸੰਬੰਧੀ ਭਾਰਤ ਦੇ ਮਰਹੂਮ ਰਾਸ਼ਟਰਪਤੀ ਮਾਨਯੋਗ ਸ੍ਰੀ ਕੇ ਆਰ ਨਰਾਇਣਨ ਨੇ ਸਾਲ 2003 ਵਿੱਚ ਹੈਦਰਾਬਾਦ ਵਿਖੇ ਇੱਕ ਸਮਾਗਮ ਵਿੱਚ ਬੋਲਦਿਆਂ ਕਿਹਾ ਸੀ, "ਵਰਤਮਾਨ ਸੰਸਾਰੀਕਰਨ, ਜੋ ਇੱਕ ਸ਼ਕਤੀ ਵਜੋਂ ਉਭਾਰਿਆ ਜਾ ਰਿਹਾ ਹੈ, ਸਾਰੇ ਸੰਸਾਰ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਹੈ। ਸੰਸਾਰੀਕਰਨ ਅੱਜ ਦੀ ਹਕੀਕਤ ਹੈ, ਅਤੇ ਇਹ ਵੀ ਇੱਕ ਹਕੀਕਤ ਹੈ, ਇਹ ਸੰਸਾਰੀਕਰਨ ਅੰਨ੍ਹੇਵਾਹ ਲੋਕ ਹਿੱਤਾਂ ਨੂੰ ਖੋਰਾ ਲਾ ਰਿਹਾ ਹੈ ਅਤੇ ਪੂਰੀ ਬੇਪ੍ਰਵਾਹੀ ਨਾਲ ਇਹ ਦੂਜੇ ਦੇਸ਼ਾਂ ਦੀਆਂ ਹਾਲਤਾਂ ਦਾ ਧਿਆਨ ਕੀਤੇ ਬਿਨਾਂ ਉਨ੍ਹਾਂ 'ਤੇ ਆਪਣੀਆਂ ਨੀਤੀਆਂ ਠੋਸ ਰਿਹਾ ਹੈ। ਸੰਸਾਰ ਪੱਧਰ 'ਤੇ ਇਸ ਨੇ ਦੂਜੇ ਦੇਸ਼ਾਂ ਨੂੰ ਕਰਜ਼ਾ ਜਾਲ ਵਿੱਚ ਫਸਾਇਆ ਹੋਇਆ ਹੈ। ਆਸ ਕੀਤੀ ਜਾਂਦੀ ਹੈ ਕਿ ਏਸ਼ੀਆ ਦੇ ਦੇਸ਼ ਇਕੱਠੇ ਹੋ ਕੇ ਇਸ ਨੂੰ ਭਜਾ ਦੇਣਗੇ, ਜਿਵੇਂ ਉਨ੍ਹਾਂ ਨੇ ਅੰਗਰੇਜ਼ ਸਾਮਰਾਜੀਆਂ ਨੂੰ ਭਜਾਇਆ ਸੀ।" (ਦਾ ਹਿੰਦੂ 8 ਜਨਵਰੀ-2003) "ਅੱਜ ਦੀ ਅਵਸਥਾ ਵਿੱਚ ਅਮਰੀਕਾ ਦੇ ਵਰਤਮਾਨ ਰਾਸ਼ਟਰਪਤੀ ਆਪਣੇ ਬਿਆਨਾਂ ਵਿੱਚ "ਅਮਰੀਕਾ ਨੂੰ ਪਹਿਲ" ਦੇਣ ਦੀ ਗੱਲ ਕਰਦੇ ਹਨ।

ਅੱਜ ਸਾਡਾ ਭਾਰਤ ਵੀ ਵਿਸ਼ੇਸ਼ ਹਾਲਤਾਂ ਵਿੱਚੋਂ ਲੰਘ ਰਿਹਾ ਹੈ। ਜਿਸ ਦੇ ਕੁਝ ਕਾਰਨ 1990 ਤੋਂ ਲਾਗੂ ਹੋਈਆਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਹੀ ਹਨ। 1990 ਤੋਂ ਪਿੱਛੋਂ ਧਾਰਨ ਕੀਤੀ ਇਹ ਸੰਸਾਰ ਬੈਂਕ, ਕੌਮਾਂਤਰੀ ਮੁਦਰਾਕੋਸ਼ ਮਾਰਕਾ ਖੁੱਲ੍ਹੀ ਮੰਡੀ ਵਾਲੀਆ ਨੀਤੀਆਂ ਕਾਰਨ ਹੀ ਸੰਸਾਰ ਬੈਂਕ ਵੱਲੋਂ ਠੋਸੇ "ਸਟਰਕਚਰਲ ਅਡਜਸਟਮੈਂਟ ਪ੍ਰੋਗਰਾਮ" ਅਧੀਨ ਸਰਕਾਰੀ ਵਿਭਾਗਾਂ ਅਤੇ ਜਨਤਕ ਅਦਾਰਿਆਂ ਦਾ ਪ੍ਰਾਈਵੇਟਕਰਨ ਨਿੱਜੀਕਰਨ ਆਰੰਭ ਹੋਇਆ ਸੀ। ਸਰਕਾਰੀ ਵਿਭਾਗਾ ਅਤੇ ਅਦਾਰਿਆਂ ਵਿੱਚ ਮੁਲਾਜ਼ਮਾਂ ਦੀਆਂ ਰੈਗੂਲਰ ਆਸਾਮੀਆਂ 'ਤੇ ਵੱਡੀਆਂ ਕੱਟਾਂ ਲਾਈਆਂ ਗਈਆਂ। ਰੈਗੂਲਰ ਖਾਲੀ ਆਸਾਮੀਆਂ ਉੱਪਰ ਵੀ ਰੈਗੂਲਰ ਮੁਲਾਜ਼ਮ ਭਰਤੀ ਕਰਨ ਦੀ ਥਾਂ ਠੇਕਾ ਅਧਾਰਤ ਘੱਟ ਉਜਰਤਾਂ ਵਾਲੀਆਂ ਨਿਯੁਕਤੀਆਂ ਆਰੰਭ ਕੀਤੀਆਂ ਗਈਆਂ। ਸਿੱਖਿਆ, ਸਿਹਤ ਸੰਭਾਲ ਵਰਗੇ ਮੁਢਲੇ ਮਨੁੱਖੀ ਅਤੇ ਸਮਾਜਿਕ ਵਿਕਾਸ ਦੇ ਅਧਾਰ ਵਾਲੇ ਖੇਤਰਾਂ ਦੇ ਵਿੱਤੀ ਬੱਜਟਾਂ ਵਿੱਚ ਗੰਭੀਰ ਕੱਟਾਂ ਲਾਈਆਂ ਗਈਆਂ। ਇਸ ਤਰ੍ਹਾਂ ਰੱਖੇ ਘੱਟ ਬੱਜਟਾਂ ਵਿੱਚੋਂ ਵੀ ਪੂਰੇ ਨਿਵੇਸ਼ ਨਹੀਂ ਕੀਤੇ ਗਏ। ਇਸ ਤਰ੍ਹਾਂ ਸਰਕਾਰੀ ਵਿਭਾਗਾਂ ਅਤੇ ਜਨਤਕ ਅਦਾਰਿਆਂ 'ਤੇ ਲਾਈਆਂ ਕੱਟਾਂ ਤੋਂ ਬਚਾਏ ਪੈਸੇ ਵੱਡੇ ਪੂੰਜੀਪਤੀ ਵਪਾਰਕ ਘਰਾਣਿਆਂ ਨੂੰ ਵਿੱਤੀ ਸਹਾਇਤਾ, ਵੱਡੀਆਂ ਟੈਕਸ ਛੋਟਾਂ ਜਾਂ ਬੈਂਕਾਂ ਰਾਹੀਂ ਵੱਡੇ ਕਰਜ਼ੇ ਦਿੱਤੇ ਗਏ, ਜਿਨ੍ਹਾਂ ਵਿੱਚੋਂ ਵੱਡੇ ਹਿੱਸੇ ਪਿੱਛੋਂ ਮੁਆਫ਼ ਹੀ ਕਰ ਦਿੱਤੇ ਗਏ। ਇਨ੍ਹਾਂ ਨੀਤੀਆਂ ਕਾਰਨ ਹੀ ਭਾਰਤ ਵਿੱਚ ਵੀ ਅਮੀਰ-ਗਰੀਬ ਦਾ ਪਾੜਾ ਹੋਰ ਵੱਡਾ ਹੋਇਆ। ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋਇਆ। ਵਿਦੇਸ਼ੀ ਕੰਪਨੀਆਂ ਅਤੇ ਸਥਾਨਕ ਕਾਰਪੋਰੇਟ ਘਰਾਣਿਆਂ ਦੀ ਸਾਰੇ ਖੇਤਰਾਂ ਵਿੱਚ ਵਧਦੀ ਜਕੜ ਕਾਰਨ ਖੇਤੀ ਖੇਤਰ ਨੂੰ ਵੀ ਵੱਡੇ ਨੁਕਸਾਨ ਝੱਲਣੇ ਪਏ, ਜਿਸ ਦੇ ਸਿੱਟੇ ਵਜੋਂ ਇਨ੍ਹਾਂ ਸਾਲਾਂ ਵਿੱਚ ਲੱਖਾਂ ਕਿਸਾਨਾਂ ਦੇ ਖੁਦਕੁਸ਼ੀਆਂ ਕਰਨ ਦੀਆਂ ਖ਼ਬਰਾਂ ਛਪਦੀਆਂ ਰਹੀਆਂ ਹਨ। ਵੱਡੀ ਪੱਧਰ 'ਤੇ ਜਨ ਸਮੂਹਾਂ ਵਿੱਚ ਬੇਚੈਨੀ ਅਤੇ ਮਾਨਸਿਕ ਪ੍ਰੇਸ਼ਾਨੀ ਲਗਾਤਾਰ ਵਧ ਰਹੀ ਹੈ। ਨਵ-ਉਦਾਰਵਾਦੀ ਨੀਤੀਆਂ ਨੂੰ ਪ੍ਰਣਾਈਆਂ ਸਰਕਾਰਾਂ ਅਤੇ ਸਿਆਸੀ ਆਗੂਆਂ ਵੱਲੋਂ ਇਨ੍ਹਾਂ ਹਾਲਤਾਂ 'ਤੇ ਪਰਦਾ ਪਾਉਣ ਲਈ ਸੰਸਾਰ ਬੈਂਕ-ਮਾਰਕਾ ਨਵੇਂ ਆਲੰਕਾਰ ਜਿਵੇਂ "ਚਮਕਦਾ ਭਾਰਤ", "ਉਡਤਾ ਭਾਰਤ" ਭਾਰਤ ਦੀ ਵਧ ਰਹੀ ਸੰਸਾਰ ਪੱਧਰੀ ਆਰਥਿਕ ਵਿਕਾਸ ਦਰ ਆਦਿ ਪ੍ਰਚਾਰੇ ਜਾਣ ਲੱਗੇ। ਨਾਲ ਹੀ ਕਈ ਥਾਵਾਂ 'ਤੇ ਵੱਖ-ਵੱਖ ਧਾਰਮਿਕ ਫ਼ਿਰਕੂ ਅਧਾਰ ਬਣਾ ਕੇ ਭਾਰਤੀ, ਗੈਰ ਭਾਰਤੀ ਵੱਸੋਂ ਦੇ ਵੱਖਵਾਦੀ ਨਾਅਰੇ ਵੀ ਉਭਾਰੇ ਜਾਣ ਲੱਗੇ, ਪਰ ਜਦੋਂ ਅਜਿਹੀਆਂ ਚਾਲਾਂ ਵਿੱਚੋਂ ਵੀ ਮਨਚਾਹੇ ਨਤੀਜੇ ਪ੍ਰਾਪਤ ਹੁੰਦੇ ਨਾ ਦਿਸੇ ਤਾਂ ਫਿਰ ਜਨ ਸਮੂਹਾਂ ਅਤੇ ਵੋਟਰ ਸਮੂਹਾਂ ਵਿੱਚੋਂ ਕੁਝ ਚੋਣਵੇਂ ਵਰਗਾਂ ਨੂੰ ਵੱਖ-ਵੱਖ ਨਾਵਾਂ 'ਤੇ ਕੁਝ ਮੁਫ਼ਤ ਰਿਆਇਤਾਂ ਦਿੱਤੀਆਂ ਜਾਣ ਲੱਗੀਆਂ, ਤਾਂ ਜੋ ਜਨ ਸਮੂਹਾਂ ਦਾ ਧਿਆਨ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਪ੍ਰਾਪਤੀ, ਸਿਹਤ ਸੰਭਾਲ, ਬੇਰੁਜ਼ਗਾਰੀ ਅਤੇ ਗਰੀਬ-ਅਮੀਰ ਦੇ ਵਧਦੇ ਪਾੜੇ ਵੱਲ ਨਾ ਜਾਵੇ। ਭਾਵੇਂ ਮਾਨਯੋਗ ਭਾਰਤੀ ਸੁਪਰੀਮ ਕੋਰਟ ਨੇ ਅਜਿਹੀਆਂ ਮੁਫ਼ਤ ਰਿਆਇਤਾਂ ਨੂੰ ਨਕਾਰਿਆ ਸੀ ਅਤੇ ਪ੍ਰੈੱਸ ਦੇ ਸੰਜੀਦਾ ਹਿੱਸਿਆਂ ਨੇ ਇਸ ਨੂੰ ਚੁਣਾਵੀ ਰਿਸ਼ਵਤਖੋਰੀ ਤੱਕ ਕਿਹਾ ਸੀ, ਪਰ ਅੱਜ ਤੱਕ ਇਹ ਵਰਤਾਰਾ ਲਗਾਤਾਰ ਜਾਰੀ ਹੈ। ਭਾਰਤੀ ਜਨ ਸਮੂਹਾਂ ਨੂੰ ਇਹ ਵੀ ਵਿਚਾਰਨਾ ਹੋਵੇਗਾ ਕਿ ਜਦੋਂ ਵੀ ਕੌਮੀ ਪੱਧਰ ਜਾਂ ਕਿਸੇ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹੋਣ ਤਾਂ ਵਧੇਰੇ ਕਰਕੇ ਫਿਰਕੂ ਅਧਾਰ, ਜਾਤ-ਪਾਤ ਦੇ ਅਧਾਰ ਜਾਂ ਫਿਰ ਇਕ ਦੂਜੀ ਸਿਆਸੀ ਪਾਰਟੀ ਅਤੇ ਕਿਸੇ ਵਿਸ਼ੇਸ਼ ਆਗੂਆਂ ਵਿਚਕਾਰ ਦੂਸ਼ਣਬਾਜ਼ੀ ਨੂੰ ਹੀ ਮੁੱਦਾ ਬਣਾ ਲਿਆ ਜਾਂਦਾ ਹੈ। ਅੱਜ ਆਜ਼ਾਦੀ ਪ੍ਰਾਪਤੀ ਦੇ 79 ਸਾਲਾਂ ਪਿੱਛੋਂ ਵੀ ਭਾਰਤ ਆਪਣੇ ਸਾਰੇ ਬੱਚਿਆਂ ਨੂੰ ਮੁਢਲੀ ਗੁਣਾਤਮਿਕ ਸਿੱਖਿਆ ਪ੍ਰਦਾਨ ਨਹੀਂ ਕਰ ਸਕਿਆ। ਨਾ ਹੀ ਸਾਰੇ ਭਾਰਤੀਆਂ ਲਈ ਸਿਹਤ ਸੰਭਾਲ ਦੇ ਹੱਕ ਅਤੇ ਨੌਜਵਾਨਾਂ ਲਈ ਰੁਜ਼ਗਾਰ ਪ੍ਰਾਪਤੀ ਦੇ ਹੱਕ ਦੀ ਵਿਵਸਥਾ ਬਣ ਸਕੀ ਹੈ। ਸਾਲ 2005 ਤੋਂ ਮਨਰੇਗਾ ਐਕਟ ਰਾਹੀਂ ਕੁਝ ਹੱਦ ਤੱਕ ਜੋ ਰੁਜ਼ਗਾਰ ਪ੍ਰਾਪਤ ਹੋ ਸਕਦਾ ਸੀ, ਉਹ ਐਕਟ ਅਤੇ ਹੱਕ ਵੀ ਖੋਹ ਦਿੱਤਾ ਗਿਆ ਹੈ। ਨਵੇਂ ਚਾਰ ਲੇਬਰ ਕੋਡਾਂ ਰਾਹੀਂ ਮਜ਼ਦੂਰ ਜਮਾਤ ਦੇ ਮਨੁੱਖੀ ਅਤੇ ਪ੍ਰਾਪਤ ਕੀਤੇ ਟਰੇਡ ਯੂਨੀਅਨ ਹੱਕਾਂ ਦੇ ਕਾਨੂੰਨ ਵੀ ਖ਼ਤਮ ਕੀਤੇ ਜਾ ਰਹੇ ਹਨ। ਮਜ਼ਦੂਰਾਂ ਨੂੰ ਘੱਟੋ-ਘੱਟ ਲੋੜ ਆਧਾਰਤ ਉਜਰਤਾਂ ਵੀ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਕਿਸਾਨਾਂ ਨੂੰ ਉਸ ਦੀ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਨਹੀਂ ਬਣਾਇਆ ਜਾ ਰਿਹਾ ਆਦਿ। ਇਨ੍ਹਾਂ ਨਿਰੰਤਰ ਨੀਤੀਆਂ ਅਤੇ ਸਥਿਤਕ ਹਾਲਤਾਂ ਨੂੰ ਵੀ ਸੰਸਾਰ ਬੈਂਕ ਵਾਲੀ ਨਵੀਂ ਸ਼ਬਦਾਵਲੀ ਅਧੀਨ ਵੱਡੇ ਆਰਥਿਕ ਸੁਧਾਰ ਅਤੇ ਕਾਰੋਬਾਰ ਕਰਨ ਦੀ ਸੌਖ ਆਦਿ ਦੇ ਨਾਂਅ ਦੇ ਕੇ ਜਨ ਸਮੂਹਾਂ ਨੂੰ ਭੁਲੇਖਿਆਂ ਵਿੱਚ ਪਾ ਰਿਹਾ ਹੈ। ਇਨ੍ਹਾਂ ਸਥਿਤੀਆਂ ਵਿੱਚ ਸਾਧਾਰਨ ਨਾਗਰਿਕ ਸਮਝ ਸਕਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਲਈ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦਿਨੋ-ਦਿਨ ਮਹਿੰਗੀ ਹੋ ਰਹੀ ਸਿੱਖਿਆ ਪ੍ਰਾਪਤੀ। ਬਿਮਾਰੀ ਦੀ ਅਵਸਥਾ ਵਿੱਚ ਮਹਿੰਗੇ ਹੋ ਰਹੇ ਇਲਾਜ, ਬੱਚਿਆਂ ਲਈ ਪੜ੍ਹ-ਲਿਖ ਕੇ ਯੋਗਤਾ ਅਨੁਸਾਰ ਰੁਜ਼ਗਾਰ ਦੀ ਗਰੰਟੀ ਦਾ ਨਾ ਹੋਣਾ ਆਦਿ ਕਿਹੜੇ ਵਿਕਾਸ ਅਤੇ ਆਰਥਿਕ ਸੁਧਾਰਾਂ ਦੇ ਸੰਕੇਤ ਹਨ। ਅਜਿਹੀਆਂ ਸਥਿਤੀਆਂ ਵਿੱਚ ਗਰੀਬ ਹੋਰ ਗਰੀਬ ਹੋਵੇਗਾ ਅਤੇ ਅਮੀਰ ਹੋਰ ਅਮੀਰ ਇਹੀ ਕਾਰਨ ਹੈ ਕਿ ਸਾਡੇ ਦੇਸ਼ ਵਿੱਚ ਵੀ ਵੱਡੇ ਪੂੰਜੀਵਾਦੀਆਂ ਅਤੇ ਵਧੇਰੇ ਸਿਆਸੀ ਆਗੂਆਂ ਦੀ ਮਿਲੀਭੁਗਤ ਕਾਰਨ ਭਾਰਤੀ ਰਾਜਨੀਤੀ ਲੋਕ ਮੁੱਦਿਆਂ ਤੋਂ ਵਾਂਝੀ ਹੋ ਰਹੀ ਹੈ। ਜੇਕਰ ਭਾਰਤੀ ਜਨ ਸਮੂਹ ਚੋਣਾਂ ਸਮੇਂ ਵੀ ਇਨ੍ਹਾਂ ਮੁੱਦਿਆਂ ਦੀ ਗੱਲ ਨਹੀਂ ਕਰਨਗੇ ਅਤੇ ਚੋਣਾਂ ਦਾ ਅਧਾਰ ਹੀ ਇਨ੍ਹਾਂ ਮੁੱਦਿਆਂ ਨੂੰ ਨਹੀਂ ਬਣਾਉਣਗੇ ਤਾਂ ਲੋਕਤੰਤਰ ਹੋਰ ਕਮਜ਼ੋਰ ਹੋਵੇਗਾ। ਲੋਕਤੰਤਰ ਪੂਰੀ ਤਰ੍ਹਾਂ ਧਨਤੰਤਰ ਅਤੇ ਤਾਨਾਸ਼ਾਹੀ ਵਾਲਾ ਰੂਪ ਧਾਰਨ ਕਰ ਲਵੇਗਾ।

ਅੰਤ ਵਿੱਚ ਇਹ ਸੁਝਾਅ ਰੱਖਿਆ ਜਾਂਦਾ ਹੈ ਕਿ ਭਾਰਤੀ ਜਨ ਸਮੂਹਾਂ ਨੂੰ ਉੱਪਰ ਦੱਸੇ ਮੁੱਦਿਆਂ ਨੂੰ ਕੇਂਦਰੀ ਬਿੰਦੂ ਮੰਨ ਕੇ ਆਪ ਦੀ ਲੋਕਤੰਤਰਕ ਸੋਚ ਦਾ ਅਧਾਰ ਬਣਾਉਣਾ ਹੋਵੇਗਾ। ਚੋਣਾਂ ਸਮੇਂ ਵਿਸ਼ੇਸ਼ ਤੌਰ 'ਤੇ ਇਹ ਮੁੱਦੇ ਉਭਾਰੇ ਜਾਣ ਅਤੇ ਫਿਰ ਲਾਗੂ ਕਰਵਾਉਣ ਲਈ ਜਲਤਕ ਆਵਾਜ਼ ਬੁਲੰਦ ਕੀਤੀ ਜਾਵੇ। ਸਾਨੂੰ ਇਹ ਵੀ ਯਾਦ ਕਰਨਾ ਹੋਵੇਗਾ ਕਿ ਇਹ ਲੋਕ ਮੁੱਦੇ ਕੋਈ ਨਵੇਂ ਮੁੱਦੇ ਨਹੀਂ। ਇਹ ਲੱਗਭੱਗ ਉਹੀ ਮੁੱਦੇ ਹਨ, ਜੋ ਅੰਗਰੇਜ਼ੀ ਰਾਜ ਸਮੇਂ 1913-15 ਵਿੱਚ ਗ਼ਦਰ ਪਾਰਟੀ ਦੇ ਆਗੂਆਂ ਨੇ ਉਭਾਰ ਕੇ ਅੰਗਰੇਜ਼ ਰਾਜ ਦਾ ਪਰਦਾਫਾਸ਼ ਕੀਤਾ ਸੀ। ਇਨ੍ਹਾਂ ਮੁੱਦਿਆਂ ਨੂੰ ਲਾਗੂ ਕਰਨ ਨਾਲ ਹੀ ਭਾਰਤ ਦਾ ਸਰਬ-ਪੱਖੀ ਗੁਣਾਤਮਕ ਮਨੁੱਖੀ ਅਤੇ ਸਮਾਜਿਕ ਵਿਕਾਸ ਸੰਭਵ ਹੋ ਸਕੇਗਾ ਅਤੇ ਭਾਰਤ ਸੰਸਾਰ ਦਾ ਵਿਕਸਤ ਦੇਸ਼ ਬਣ ਸਕੇਗਾ।

**# ਸੰਪਰਕ : 94177-51888**

## ਪਾਕਿਸਤਾਨੀ ਗੁਬਾਰਾ ਮਿਲਣ 'ਤੇ ਪਿੰਡ ਖੇੜੀ ਨਿਵਾਸੀ ਸਹਿਮੇ

**ਸਿਰਸਾ (ਸੁਰਿੰਦਰਪਾਲ ਸਿੰਘ)** ਪਿੰਡ ਖੇੜੀ ਵਿੱਚ ਇੱਕ ਵਾਰ ਫਿਰ ਇੱਕ ਪਾਕਿਸਤਾਨੀ ਗੁਬਾਰਾ ਮਿਲਣ ਦੀ ਸੂਚਨਾ ਉਪਰੰਤ ਪੁਲਿਸ ਤੇ ਪ੍ਰਸ਼ਾਸਨ ਮੌਕੇ 'ਤੇ ਪਹੁੰਚੇ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਖਾਲੀ ਕਰਾ ਲਿਆ। ਪਿੰਡ ਖੇੜੀ ਵਿੱਚ ਇੱਕ ਗੁਬਾਰਾ ਪਿੰਡ ਦੇ ਇੱਕ




ਖੇਤ ਵਿੱਚ ਡਿੱਗਿਆ, ਜਿਸ 'ਤੇ ਪਾਕਿਸਤਾਨ ਤੇ ਪੀਆਈਏ ਸ਼ਬਦ ਅੰਕਿਤ ਸਨ ਅਤੇ ਨਾਲ ਹੀ ਚੰਦ ਤੇ ਤਾਰੇ ਦਾ ਚਿੰਨ੍ਹ ਸੀ। ਪਿੰਡ ਖੇੜੀ ਨਿਵਾਸੀ ਜੈਵੀਰ ਸ਼ਰਮਾ ਨੇ ਸਵੇਰੇ ਗੁਬਾਰਾ ਦੇਖਿਆ ਅਤੇ ਤੁਰੰਤ ਕਾਗਦਾਨਾ ਪੁਲਸ ਸਟੇਸ਼ਨ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ ਪੁਲਸ ਨੇ ਗੁਬਾਰੇ ਦਾ ਮੁਆਇਨਾ ਕੀਤਾ ਤੇ ਪਿੰਡ ਵਾਸੀਆਂ ਤੋਂ ਜਾਣਕਾਰੀ ਇਕੱਠੀ ਕੀਤੀ। ਪੁਲਸ ਨੇ ਗੁਬਾਰੇ ਨੂੰ ਗ੍ਰਿਫ਼ਤ ਵਿੱਚ ਲੈ ਲਿਆ। ਚੌਕੀ ਇੰਚਾਰਜ ਦੀਪਕ ਸ਼ਰਮਾ ਨੇ ਦੱਸਿਆ ਖੇੜੀ ਪਿੰਡ ਵਿੱਚ ਮਿਲਿਆ ਗੁਬਾਰਾ ਹਲਕਾ ਹੈ ਤੇ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਗੁਬਾਰਾ ਹਵਾ ਨਾਲ ਉੱਡ ਕੇ ਇੱਥੇ ਪਹੁੰਚ ਗਿਆ ਹੋਵੇ। ਪਿਆਰ ਰਹੇ ਕਿ ਸਿਰਸਾ ਜ਼ਿਲ੍ਹਾ ਰਾਜਸਥਾਨ ਸਰਹੱਦ ਨਾਲ ਲੱਗਦਾ ਹੈ ਤੇ ਇਹ ਇਲਾਕਾ ਕਈ ਧਾਰਮਿਕ ਸਥਾਨਾਂ ਦਾ ਘਰ ਹੈ। ਲੋਕ ਇਹ ਗੁਬਾਰੇ ਖਰੀਦਦੇ ਹਨ ਤੇ ਧਾਰਮਿਕ ਸਥਾਨਾਂ 'ਤੇ ਚੜ੍ਹਾਉਂਦੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਗੁਬਾਰੇ ਅਜਿਹੀਆਂ ਥਾਵਾਂ 'ਤੇ ਉੱਡਣ ਤੋਂ ਬਾਅਦ ਖੇਤਾਂ ਵਿੱਚ ਮਿਲੇ ਹਨ। ਰਾਣੀਆਂ ਪੁਲਸ ਅਧਿਕਾਰੀ ਗੁਰਵਿੰਦਰ ਸਿੰਘ ਮਾਨ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਮੱਟੂਵਾਲਾ ਪਿੰਡ ਵਿੱਚ ਪਾਕਿਸਤਾਨੀ ਗੁਬਾਰਾ ਮਿਲਿਆ ਸੀ। ਦੋ ਮਹੀਨੇ ਪਹਿਲਾਂ ਪਾਕਿਸਤਾਨ ਦੇ ਲਾਹੌਰ ਦੇ ਕਾਲਜ ਦੇ ਨਾਂਅ ਵਾਲੇ ਗੁਬਾਰੇ ਐਲਨਾਬਾਦ ਦੇ ਨੇੜੇ ਢੋਲਾਪਾਲੀਆ ਪਿੰਡ ਦੇ ਖੇਤਾਂ ਵਿੱਚ ਮਿਲੇ ਸਨ ਤੇ ਗੁਬਾਰਿਆਂ 'ਤੇ ਇੱਕ ਕਾਲਜ ਦੇ ਸਮਾਗਮ ਦਾ ਨਾਂਅ ਸੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਦੀ ਨੇੜਤਾ ਕਾਰਨ ਹਵਾ ਬਦਲਣ ਨਾਲ ਗੁਬਾਰੇ ਭਾਰਤ ਵਿੱਚ ਆਉਂਦੇ ਹਨ ਪਰ ਫਿਰ ਵੀ ਸਾਡੀ ਜਾਂਚ ਜਾਰੀ ਹੈ।

## ਵਧ ਰਹੀ ਗਰਮੀ ਤੇ ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ : ਡਾ. ਗੁਰਤੇਜਿੰਦਰ ਕੌਰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਵਧ ਰਹੀ ਗਰਮੀ ਦੇ ਮੱਦੇਨਜ਼ਰ ਅਡਵਾਇਜ਼ਰੀ (ਸਲਾਹਕਾਰੀ) ਜਾਰੀ ਕੀਤੀ ਗਈ ਹੈ। ਸਿਵਲ ਸਰਜਨ ਡਾ. ਹਰੀਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਨੇ ਕਿਹਾ ਕਿ ਤਾਪਮਾਨ 'ਚ ਰੋਜ਼ਾਨਾ ਹੋ ਰਹੇ ਵਾਧੇ ਨੂੰ ਧਿਆਨ 'ਚ ਰੱਖਦਿਆਂ ਲੋਕਾਂ ਨੂੰ ਗਰਮੀ ਤੇ ਲੂ ਤੋਂ ਬਚਾਅ ਹਿਤਾਂ ਵੱਲੋਂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ 40 ਡਿਗਰੀ ਤੋਂ ਵੱਧ ਤਾਪਮਾਨ ਹੋ ਜਾਣ ਕਾਰਨ ਲੂ ਦੀ ਸਥਿਤੀ ਬਣ ਜਾਂਦੀ ਹੈ, ਜੋ ਕਿ ਸਰੀਰ ਦੇ ਤਾਪਮਾਨ ਨਿਯਮ ਪ੍ਰਣਾਲੀ ਨੂੰ ਵਿਗਾੜ ਦਿੰਦੀ ਹੈ, ਤੇ ਗਰਮੀ ਨਾਲ ਸਬੰਧਤ ਬਿਮਾਰੀਆਂ ਦਾ ਕਾਰਨ ਬਣਦੀ ਹੈ। ਉਨ੍ਹਾਂ ਕਿਹਾ ਕਿ ਨਵਜੰਮੇ ਅਤੇ ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਇਸ ਤੋਂ ਵਧੇਰੇ ਉਮਰ ਦੇ ਵਿਅਕਤੀ, ਮਜ਼ਦੂਰੀ ਕਰਨ ਵਾਲੇ ਅਤੇ ਉਹ ਲੋਕ ਜੋ ਕਿ ਸਰੀਰਕ ਤੌਰ 'ਤੇ ਬਿਮਾਰ ਹਨ, ਖ਼ਾਸ ਕਰ ਦਿਲ ਦੀ ਬਿਮਾਰੀ ਜਾਂ ਬਲੱਡ ਪ੍ਰੈਸ਼ਰ ਤੋਂ ਪੀੜਤ ਹਨ, ਉਨ੍ਹਾਂ ਨੂੰ ਲੂ ਲੱਗਣ ਦਾ ਵਧੇਰੇ ਜੋਖਮ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੂ ਦੌਰਾਨ ਸਾਨੂੰ ਆਪਣੇ ਖਾਣ ਪੀਣ ਦਾ ਵਧੇਰੇ ਧਿਆਨ ਰੱਖਣਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਅਤੇ ਮੌਸਮੀ ਫ਼ਲ ਜਿਵੇਂ ਖਰਬੂਜ਼ਾ, ਤਰਬੂਜ਼, ਅੰਗੂਰ, ਲੀਚੀ, ਖੀਰਾ, ਨਿੰਬੂ



ਪਾਣੀ, ਲੱਸੀ, ਨਾਰੀਅਲ ਪਾਣੀ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਵਧੇਰੇ ਮਾਤਰਾ ਹੁੰਦੀ ਹੈ। ਇਸ ਮੌਕੇ ਬਲਾਕ ਐਜੂਕੇਟਰ ਸ਼ਿਵਾਨੀ ਅਰੋੜਾ ਤੇ ਹੈਲਥ ਸੁਪਰਵਾਈਜ਼ਰ ਜਸਵੀਰ ਸਿੰਘ ਨੇ ਲੂ ਤੋਂ ਬਚਾਅ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਸੰਭਵ ਹੋਵੇ ਤਾਂ ਬਾਹਰਲੇ ਕੰਮ ਸਵੇਰੇ ਅਤੇ ਸ਼ਾਮ ਨੂੰ ਹੀ ਕੀਤੇ ਜਾਣ, ਧੁੱਪ 'ਚ ਖਾਸ ਕਰ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਨਾ ਜਾਇਆ ਜਾਵੇ, ਜੇਕਰ ਜਾਣਾ ਜ਼ਿਆਦਾ ਜ਼ਰੂਰੀ ਹੋਵੇ ਤਾਂ ਪਾਣੀ ਨਾਲ ਲੈ ਕੇ ਜ਼ਰੂਰ ਜਾਓ ਤੇ ਥੋੜ੍ਹੇ- ਥੋੜ੍ਹੇ ਵਕਫ਼ੇ ਬਾਅਦ ਪਾਣੀ ਜ਼ਰੂਰ ਪੀਓ। ਧੁੱਪ ਤੋਂ ਬਚਾਅ ਲਈ ਛਤਰੀ, ਟੋਪੀ, ਕਾਲੀਆਂ ਐਨਕਾਂ ਅਤੇ ਤੌਲੀਏ ਆਦਿ ਦੀ ਵਰਤੋਂ ਕੀਤੀ ਜਾਵੇ ਅਤੇ ਹਲਕੇ ਰੰਗ ਦੇ ਸੂਤੀ ਤੇ ਢਿੱਲੇ ਕੱਪੜੇ ਪਾਏ ਜਾਣ। ਸ਼ਰਾਬ, ਚਾਹ, ਕੌਫ਼ੀ, ਤਲੀਆਂ ਹੋਈਆਂ ਚੀਜ਼ਾਂ ਆਦਿ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰੀਰ ਦਾ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਹੋਣਾ, ਬਹੁਤ ਤੇਜ਼ ਸਿਰਦਰਦ, ਬੇਚੈਨੀ, ਚੱਕਰ ਆਉਣਾ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਜੀਅ ਕੱਚਾ ਹੋਣਾ ਅਤੇ ਉਲਟੀ ਆਉਣਾ ਆਦਿ ਲੂ ਲੱਗਣ ਦੇ ਲੱਛਣ ਹਨ। ਅਜਿਹੇ ਲੱਛਣ ਦਿਖਾਈ ਦੇਣ 'ਤੇ ਪ੍ਰਭਾਵਿਤ ਵਿਅਕਤੀ ਨੂੰ ਤੁਰੰਤ ਨਜ਼ਦੀਕੀ ਸਿਹਤ ਕੇਂਦਰ 'ਤੇ ਲਿਜਾਇਆ ਜਾਵੇ।

## ਵਿਦਿਆਰਥੀਆਂ ਨੂੰ ਸਕੂਲ ਲਿਜਾ ਰਿਹਾ ਜੁਗਾੜੂ ਰੇਹੜਾ ਹਾਦਸਾਗ੍ਰਸਤ

### ਚਾਲਕ ਸਮੇਤ 10 ਤੋਂ ਵੱਧ ਜ਼ਖ਼ਮੀ







**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਬੇਟ ਇਲਾਕੇ ਦੇ ਪਿੰਡ ਮਾਹਲ ਘੁਮਾਣਾ ਦੇ ਪ੍ਰਵਾਸੀ ਮਜ਼ਦੂਰਾਂ ਦੇ ਬੱਚੇ ਜੁਗਾੜੂ ਰੇਹੜੇ 'ਤੇ ਸਵਾਰ ਹੋ ਕੇ ਪੜ੍ਹਨ ਲਈ ਨੇੜਲੇ ਪਿੰਡ ਭੁਜਾਣਾ ਦੇ ਸਰਕਾਰੀ ਸਕੂਲ ਵਿਖੇ ਜਾ ਰਹੇ ਸਨ ਤਾਂ ਰਸਤੇ ਵਿਚ ਹਾਦਸੇ ਦਾ ਸ਼ਿਕਾਰ ਹੋ ਗਏ, ਜਿਸ ਕਾਰਨ ਚਾਲਕ ਸਮੇਤ 10 ਤੋਂ ਵੱਧ ਛੋਟੇ ਛੋਟੇ ਬੱਚੇ ਜ਼ਖ਼ਮੀ ਹੋ ਗਏ। ਰੇਹੜਾ ਚਾਲਕ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾ ਤਰ੍ਹਾਂ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ ਰਹਿੰਦੇ ਪਿੰਡ ਮਾਹਲ ਘੁਮਾਣਾ ਦੇ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਸਕੂਲ ਛੱਡਣ ਜਾ ਰਿਹਾ ਸੀ। ਉਸ ਨੇ ਦੱਸਿਆ ਕਿ ਰਸਤੇ ਵਿਚ ਇੱਕ ਗੱਡੀ ਨੇ ਗਲਤ ਸਾਈਡ ਤੋਂ ਆ ਕੇ ਉਸਦੇ ਵਾਹਨ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਉਸਦਾ ਰੇਹੜਾ ਖੇਤਾਂ ਵਿੱਚ ਜਾ ਕੇ ਪਲਟ ਗਿਆ ਤੇ ਉਸ ਵਿਚ ਸਵਾਰ 15 ਬੱਚੇ ਵੀ ਗਿਰ ਗਏ। ਉਨ੍ਹਾਂ ਕਿਹਾ ਕਿ ਜ਼ਖ਼ਮੀ ਬੱਚਿਆਂ ਨੂੰ ਤੁਰੰਤ ਹਸਪਤਾਲ ਲਿਆਂਦਾ ਗਿਆ ਤੇ ਉਸਦੇ ਵੀ ਗੰਭੀਰ ਸੱਟਾਂ ਲੱਗੀਆਂ। ਪ੍ਰਾਈਵੇਟ ਹਸਪਤਾਲ ਵਿਚ ਇਨ੍ਹਾਂ ਬੱਚਿਆਂ ਦਾ ਇਲਾਜ ਕਰ ਰਹੇ ਡਾਕਟਰ ਪਰਕਾਸ਼ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਕੋਲ 6 ਬੱਚੇ ਇਲਾਜ ਲਈ ਆਏ ਹਨ, ਜਿਨ੍ਹਾਂ ਦਾ ਨਾਂਅ ਗੰਗੀ, ਰਮੇਸ਼, ਦਿਨੇਸ਼, ਕ੍ਰਿਸ਼ਨ ਤੇ ਨੰਦ ਹੈ। ਇਸ ਤੋਂ ਇਲਾਵਾ 3 ਬੱਚਿਆਂ ਦੀਆਂ ਲੱਤਾਂ ਦੀਆਂ ਹੱਡੀਆਂ ਟੁੱਟ ਗਈਆਂ ਹਨ ਤੇ ਬਾਕੀ ਦੇ ਸੱਟਾਂ ਵੱਜੀਆਂ ਹਨ। ਉਨ੍ਹਾਂ ਕਿਹਾ ਕਿ 3 ਹੋਰ ਬੱਚੇ ਜਿਨ੍ਹਾਂ ਨੂੰ ਮਾਮੂਲੀ ਸੱਟਾਂ ਵੱਜੀਆਂ, ਉਨ੍ਹਾਂ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਵਾਹਨ ਚਾਲਕ ਮਹਿੰਦਰ ਸਿੰਘ ਦੇ ਪੈਰ ਤੇ ਪਿੱਠ 'ਤੇ ਸੱਟਾਂ ਵੱਜੀਆਂ ਹਨ। ਪ੍ਰਾਈਵੇਟ ਹਸਪਤਾਲ ਵੱਲੋਂ ਇਸ ਘਟਨਾ ਸਬੰਧੀ ਸੂਚਨਾ ਪੁਲਸ ਥਾਣਾ ਵਿਖੇ ਭੇਜ ਦਿੱਤੀ ਹੈ।

### 3 ਕਿਲੋਮੀਟਰ ਦੂਰ ਸਕੂਲ 'ਚ ਜੁਗਾੜੂ ਰਿਕਸ਼ੇ ਦਾ ਕਿਰਾਇਆ ਦੇ ਕੇ ਬੱਚਿਆਂ ਨੂੰ ਭੇਜਦੇ ਹਨ ਮਾਪੇ

ਸਤਲੁਜ ਦਰਿਆ ਕਿਨਾਰੇ ਝੁੱਗੀਆਂ ਬਣਾ ਕੇ ਰਹਿ ਰਹੇ ਗਰੀਬ ਮਜ਼ਦੂਰ ਆਪਣੇ ਬੱਚਿਆਂ ਨੂੰ ਘਰ ਤੋਂ 3 ਕਿਲੋਮੀਟਰ ਦੂਰ ਇੱਕ ਸਰਕਾਰੀ ਸਕੂਲ ਵਿਚ ਸਿੱਖਿਆ ਦਿਵਾਉਣ ਲਈ ਭੇਜਦੇ ਹਨ। 3 ਕਿਲੋਮੀਟਰ ਰੋਜ਼ਾਨਾ ਬੱਚਿਆਂ ਨੂੰ ਪੈਦਲ ਜਾਣਾ ਬਹੁਤ ਔਖਾ ਲੱਗਦਾ ਹੈ ਜਿਸ ਕਾਰਨ ਮਾਪਿਆਂ ਨੇ ਇੱਕ ਜੁਗਾੜੂ ਰਿਕਸ਼ਾ ਕਿਰਾਏ 'ਤੇ ਕਰ ਲਿਆ ਜੋ ਹਰੇਕ ਮਹੀਨੇ 300 ਰੁਪਏ ਪ੍ਰਤੀ ਮਹੀਨਾ ਕਿਰਾਇਆ ਵਸੂਲਦਾ ਹੈ। ਅੱਜ ਇਹ ਜੁਗਾੜੂ ਰਿਕਸ਼ਾ ਹਾਦਸੇ ਦਾ ਸ਼ਿਕਾਰ ਹੋ ਗਿਆ ਤਾਂ ਮਾਪੇ ਆਪਣੇ ਬੱਚਿਆਂ ਲਈ ਬੇਹੱਦ ਪ੍ਰੇਸ਼ਾਨ ਨਜ਼ਰ ਆਏ।

## ਨੈਸ਼ਨਲ ਹਾਈਵੇ 'ਤੇ ਕਿਸ ਅਧਿਕਾਰੀ ਦੀ ਸ਼ਹਿ 'ਤੇ ਲੱਗ ਰਹੇ ਯੂਨੀਪੋਲ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**- ਖੰਨੇ ਤੋਂ ਲੈ ਕੇ ਸਾਹਨੇਵਾਲ ਤੱਕ ਨੈਸ਼ਨਲ ਹਾਈਵੇ ਸਰਵਿਸ ਰੋਡ ਦੇ ਨਾਲ ਲੱਗਦੀ ਵਣ ਵਿਭਾਗ ਦੀ ਜ਼ਮੀਨ ਉਪਰ ਲੱਗੇ ਯੂਨੀਪੋਲਾਂ ਦੀ ਗਿਣਤੀ ਦਿਨ ਬ ਦਿਨ ਵਧਦੀ ਜਾ ਰਹੀ ਹੈ। ਖੰਨੇ ਤੋਂ ਲੈ ਕੇ ਲੁਧਿਆਣੇ ਵੱਲ ਨੂੰ ਜਾਂਦੇ ਅਤੇ ਆਉਣ ਸਮੇਂ ਨੈਸ਼ਨਲ ਹਾਈਵੇ ਉਪਰ ਜਿੰਨੇ ਵੀ ਕਾਲਜ, ਸਕੂਲ, ਢਾਬੇ, ਹੋਟਲ, ਫੈਕਟਰੀਆਂ, ਮੈਰਿਜ ਪੈਲਸਾਂ ਇਸ ਤੋਂ ਇਲਾਵਾ ਯੂਨੀਪੋਲ ਮਾਫੀਆ ਵੱਲੋਂ ਵੀ ਵੱਡੇ ਪੱਧਰ 'ਤੇ ਵਣ ਵਿਭਾਗ ਦੀ ਜ਼ਮੀਨ ਉਪਰ ਤਕਰੀਬਨ ਸਾਰਿਆਂ ਵੱਲੋਂ




ਹੀ ਇੱਕ ਦੂਜੇ ਤੋਂ ਉੱਚੇ ਤੇ ਵੱਡੇ ਯੂਨੀਪੋਲ ਲਗਾਏ ਹੋਏ ਹਨ, ਜਿਹੜੇ ਕਿ ਦੋ ਪਹੀਆ, ਚਾਰ ਪਹੀਆ ਅਤੇ ਹੋਰ ਵੱਡੇ ਵਾਹਨਾਂ ਨੂੰ ਚਲਾਉਂਦੇ ਸਮੇਂ ਡਰਾਈਵਰਾਂ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ। ਇਹ ਯੂਨੀਪੋਲ ਕਿਸ ਅਧਿਕਾਰੀ, ਕਰਮਚਾਰੀ ਦੀ ਸ਼ਹਿ 'ਤੇ ਲੱਗ ਰਹੇ ਹਨ ਇਹ ਵੀ ਇੱਕ ਬੁਝਾਰਤ ਬਣੀ ਹੋਈ ਹੈ। ਆਏ ਦਿਨ ਆਪਣੇ ਇਲਾਕੇ ਵਿੱਚ ਡਿਊਟੀਆਂ ਨਿਭਾ ਰਹੇ ਅਧਿਕਾਰੀਆਂ ਕਰਮਚਾਰੀਆਂ ਨੂੰ ਸਵਾਲ ਕਰਨ ਤੇ ਇਸ ਬਾਰੇ ਕੋਈ ਜਾਣਕਾਰੀ ਦੇਣ ਤੋਂ ਅਸਮਰੱਥ ਹਨ। ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਸਰਕਾਰੀ ਖਾਸ ਕਰ ਨੈਸ਼ਨਲ ਹਾਈਵੇ ਦੇ ਨੇੜੇ, ਜੰਗਲ ਦੀ ਜ਼ਮੀਨ ਉਪਰ ਕਿਸੇ ਵੀ ਤਰ੍ਹਾਂ ਦਾ ਕੋਈ ਬੋਰਡ ਲਾਉਣਾ, ਯੂਨੀਪੋਲ ਲਾਉਣਾ ਗੈਰ ਕਾਨੂੰਨੀ ਹੈ। ਜੇਕਰ ਕਿਸੇ ਨੇ ਵੀ ਯੂਨੀਪੋਲ ਲਗਵਾਉਣਾ ਹੈ ਤਾਂ ਇਸ ਦੀ ਮਨਜ਼ੂਰੀ ਸਿਰਫ਼ ਤੇ ਸਿਰਫ਼ ਕੇਂਦਰ ਸਰਕਾਰ ਦੇ ਵਿਭਾਗ ਤੋਂ ਲੈਣੀ ਪੈਣੀ ਹੈ। ਯੂਨੀਪੋਲ ਮਾਫੀਆ ਯੂਨੀਪੋਲ ਉਪਰ ਇਸ਼ਤਿਹਾਰ ਲਗਵਾਉਣ ਦਾ ਪ੍ਰਤੀ ਮਹੀਨਾ ਵੱਡੀ ਰਕਮ ਵਸੂਲ ਕਰ ਰਿਹਾ ਹੈ। ਇਸ ਸਬੰਧੀ ਬੋਹੜ ਸਿੰਘ ਵਣ ਰੇਂਜ ਅਫਸਰ ਦੋਰਾਹਾ ਨੇ ਕਿਹਾ ਕਿ ਕੁਝ ਯੂਨੀਪੋਲ ਵਾਲਿਆਂ ਨੂੰ ਨੋਟਿਸ ਜਾਰੀ ਕੀਤੇ ਹੋਏ ਹਨ। ਜਿਹੜੇ ਯੂਨੀਪੋਲ ਵਾਲਿਆਂ ਨੂੰ ਅਜੇ ਤੱਕ ਨੋਟਿਸ ਜਾਰੀ ਕਰਨ ਤੋਂ ਰਹਿ ਗਏ ਹਨ ਉਹਨਾਂ ਨੂੰ ਵੀ ਜਲਦੀ ਹੀ ਸ਼ਨਾਖਤ ਕਰਕੇ ਨੋਟਿਸ ਜਾਰੀ ਕਰ ਦਿੱਤੇ ਜਾਣਗੇ। ਇਸ ਸਬੰਧੀ ਅੰਗਰੇਜ਼ ਸਿੰਘ ਯੁਵਕ ਦਲ ਪੰਜਾਬ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੀ ਪਾਇਲ ਨੇ ਕਿਹਾ ਕਿ ਵਣ ਵਿਭਾਗ ਦੀ ਜ਼ਮੀਨ ਉਪਰ ਲੱਗੇ ਯੂਨੀਪੋਲ ਬਹੁਤ ਲੰਮੇ ਸਮੇਂ ਤੋਂ ਲੱਗੇ ਹੋਏ ਹਨ। ਪ੍ਰੰਤੂ ਵਣ ਵਿਭਾਗ ਸਿਰਫ਼ ਤੇ ਸਿਰਫ਼ ਨੋਟਿਸ ਨੋਟਿਸ ਦੀ ਖੇਡ ਖੇਡ ਰਿਹਾ ਹੈ।

## ਪੰਜਾਬ ਕਾਨਵੈਂਟ ਸਕੂਲ ਦਾ ਸੀ ਬੀ ਐੱਸ ਈ 10ਵੀਂ ਦਾ ਨਤੀਜਾ ਸ਼ਾਨਦਾਰ


**ਬਾਘਾ ਪੁਰਾਣਾ, (ਮਨੀ ਸਿੰਗਲਾ)** ਸੀ.ਬੀ.ਐੱਸ.ਈ ਬੋਰਡ ਵੱਲੋਂ ਦਸਵੀਂ ਕਲਾਸ ਦੇ ਨਤੀਜੇ ਦੇ ਐਲਾਨ ਨਾਲ ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਪੰਜਾਬ ਕਾਨਵੈਂਟ ਸਕੂਲ ਨੇ




ਇੱਕ ਵਾਰ ਫਿਰ ਆਪਣੀ ਉਤਕ੍ਰਿਸ਼ਟ ਪ੍ਰਦਰਸ਼ਨ ਦੀ ਪ੍ਰਪਰਾ ਕਾਇਮ ਰੱਖੀ ਹੈ। ਸਕੂਲ ਦਾ ਨਤੀਜਾ ਇਸ ਸਾਲ ਵੀ 100 ਫ਼ੀਸਦੀ ਰਿਹਾ, ਜਿਸ ਨਾਲ ਸਕੂਲ ਪ੍ਰਬੰਧਕਾਂ, ਅਧਿਆਪਕਾਂ ਤੇ ਮਾਪਿਆਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇਸ ਸਾਲ ਦੇ ਨਤੀਜਿਆਂ ਵਿਚ ਹਰਸਿਮਰਨ ਕੌਰ ਨੇ 96.8 ਫ਼ੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਰਸਿਮਰਨ ਕੌਰ ਨੇ 96.6 ਫ਼ੀਸਦੀ ਨਾਲ ਦੂਜਾ ਤੇ ਜਸਮੀਨ ਕੌਰ ਨੇ 95.6 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਜਸਮੀਨ ਕੌਰ ਗਿੱਲ ਨੇ 95.2 ਫ਼ੀਸਦੀ, ਜਸਮੀਤ ਕੌਰ ਨੇ 94.6 ਫ਼ੀਸਦੀ, ਖੁਸ਼ਨੂਰ ਕੌਰ ਨੇ 93.4 ਫ਼ੀਸਦੀ, ਇਕਬਾਲਜੋਤ ਸਿੰਘ ਗਿੱਲ ਨੇ 93.2 ਫ਼ੀਸਦੀ ਤੇ ਵੰਸ਼ਿਕਾ ਅਰੋੜਾ ਨੇ 91.4 ਫ਼ੀਸਦੀ ਅੰਕ ਪ੍ਰਾਪਤ ਕਰਕੇ ਉੱਚ ਪ੍ਰਦਰਸ਼ਨ ਕੀਤਾ। ਹੋਰ ਵਿਦਿਆਰਥੀਆਂ ਵਿੱਚ ਹਰਸ਼ਤ ਨੇ 90.8 ਫ਼ੀਸਦੀ, ਕੇਸ਼ਵ ਜੈਨ ਅਤੇ ਜਸ਼ਨਵੀਰ ਕੌਰ ਨੇ 90.6 ਫ਼ੀਸਦੀ, ਸ਼ਹਿਨਾਜ਼ਦੀਪ ਕੌਰ ਨੇ 90.4 ਫ਼ੀਸਦੀ, ਸ਼ੁਭਮ ਕੁਮਾਰ ਨੇ 89.8 ਫ਼ੀਸਦੀ, ਸਤਵੀਰ ਕੌਰ ਨੇ 89.6 ਫ਼ੀਸਦੀ, ਹਰਜੋਤ ਕੌਰ ਨੇ 89.2 ਫ਼ੀਸਦੀ, ਭੁਪਿੰਦਰਵੀਰ ਕੌਰ ਨੇ 88.8 ਫ਼ੀਸਦੀ, ਪਰਨਾਜਪ੍ਰੀਤ ਕੌਰ ਨੇ 87.6 ਫ਼ੀਸਦੀ, ਸ਼ਿਕਨਦੀਪ ਕੌਰ ਨੇ 86.6 ਫ਼ੀਸਦੀ, ਅਰਸ਼ਨੂਰ ਸਿੰਘ ਨੇ 86 ਫ਼ੀਸਦੀ, ਅਨੁਪਰੀਤ ਕੌਰ ਨੇ 85.6 ਫ਼ੀਸਦੀ, ਪਰਸ਼ਪ੍ਰੀਤ ਕੌਰ ਨੇ 84 ਫ਼ੀਸਦੀ, ਅਮਨਜੋਤ ਕੌਰ ਮਾਹਲ ਨੇ 83.8 ਫ਼ੀਸਦੀ, ਗੌਰਵਪ੍ਰੀਤ ਸਿੰਘ ਨੇ 83.4 ਫ਼ੀਸਦੀ, ਹਰਵੀਰ ਸਿੰਘ ਨੇ 81.4 ਫ਼ੀਸਦੀ ਤੇ ਮਨਵੀਰ ਕੌਰ ਗਿੱਲ ਨੇ 80 ਫ਼ੀਸਦੀ ਅੰਕ ਹਾਸਲ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਨਤੀਜੇ ਦੇ ਐਲਾਨ ਤੋਂ ਬਾਅਦ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ ਤੇ ਵਿਦਿਆਰਥੀਆਂ ਦੇ ਮਾਪਿਆਂ ਦੇ ਚਿਹਰਿਆਂ 'ਤੇ ਮਾਣ ਅਤੇ ਖੁਸ਼ੀ ਸਪਸ਼ਟ ਤੌਰ 'ਤੇ ਦਿਖਾਈ ਦਿੱਤੀ। ਮਾਪਿਆਂ ਨੇ ਸਕੂਲ ਦੀ ਪ੍ਰਬੰਧਕੀ ਤੇ ਅਧਿਆਪਕਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸੰਸਥਾ ਦੇ ਸਹਿਯੋਗ ਦੀ ਕਾਮਨਾ ਕੀਤੀ। ਸਕੂਲ ਦੀ ਪ੍ਰਿੰਸੀਪਲ ਮੈਡਮ ਨੀਲਿਮਾ ਅਰੋੜਾ ਤੇ ਡਾਇਰੈਕਟਰ ਮੈਡਮ ਰਜਨੀਸ਼ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਸੀ ਐਚ ਸੀ ਵਿਖੇ ਗਰਭਵਤੀ ਔਰਤਾਂ ਲਈ ਮੁਫ਼ਤ ਜਾਂਚ ਕੈਂਪ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਅਤੇ ਸਿਹਤ ਬਲਾਕ ਮਹਿਲ ਕਲਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਸੀ ਐਚ ਸੀ ਮਹਿਲ ਕਲਾਂ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਵ ਅਭਿਆਨ ਤਹਿਤ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ 'ਚ ਡਾ.



ਅੰਜੂ ਵਰਮਾ ਵੱਲੋਂ ਗਰਭਵਤੀ ਔਰਤਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਡਾ. ਗੁਰਤੇਜਿੰਦਰ ਕੌਰ ਨੇ ਦੱਸਿਆ ਕਿ ਇਸ ਕੈਂਪ ਦਾ ਮੁੱਖ ਉਦੇਸ਼ ਗਰਭਕਾਲ ਅਤੇ ਜਣੇਪੇ ਦੌਰਾਨ ਹੋਣ ਵਾਲੀ ਮੌਤ ਦਰ ਨੂੰ ਘੱਟ ਕਰਨਾ ਅਤੇ ਜੱਚਾ ਬੱਚਾ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਗਰਭਵਤੀ ਔਰਤਾਂ ਦਾ ਬੀ ਪੀ, ਸ਼ੂਗਰ, ਹੀਮੋਗਲੋਬਿਨ ਅਤੇ ਹੋਰ ਲੋੜੀਂਦੇ ਟੈਸਟ ਕੀਤੇ ਜਾਂਦੇ ਹਨ ਅਤੇ ਹਾਈ ਰਿਸਕ ਗਰਭਵਤੀ ਔਰਤਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਸੁਰੱਖਿਅਤ ਜਣੇਪੇ ਲਈ ਐਕਸ਼ਨ ਪਲਾਨ ਤਿਆਰ ਕੀਤਾ ਜਾਂਦਾ ਹੈ। ਇਸ ਮੌਕੇ ਸਿਹਤ ਸਟਾਫ ਵੱਲੋਂ ਗਰਭਵਤੀ ਔਰਤਾਂ ਨੂੰ ਗਰਭਅ ਅਵਸਥਾ ਦੌਰਾਨ ਸਹੀ ਖੁਰਾਕ ਅਤੇ ਕਸਰਤ, ਬੱਚੇ ਨੂੰ ਦੁੱਧ ਪਿਲਾਉਣ ਦੇ ਸਹੀ ਤਰੀਕਿਆਂ, ਸੰਪੂਰਨ ਟੀਕਾਕਰਣ ਅਤੇ ਬੱਚਿਆਂ ਵਿਚਕਾਰ ਅੰਤਰਾਲ ਦੇ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

## ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਅਰਥ ਡੇ ਮਨਾਇਆ

**ਬਾਘਾ ਪੁਰਾਣਾ (ਮਨੀ ਸਿੰਗਲਾ)** ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਅਰਥ ਡੇ 2026 ਬੜੇ ਹੀ ਉਤਸ਼ਾਹ ਅਤੇ ਜਾਗਰੂਕਤਾ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਵਾਤਾਵਰਨ ਦੀ ਸੁਰੱਖਿਆ ਸੰਬੰਧੀ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਕਾਰਜਕ੍ਰਮ ਦੀ ਸ਼ੁਰੂਆਤ ਸਵੇਰੇ ਅਸੈਂਬਲੀ ਵਿੱਚ ਕੀਤੀ ਗਈ, ਜਿੱਥੇ ਵਿਦਿਆਰਥੀਆਂ



ਨੇ ਧਰਤੀ ਨੂੰ ਬਚਾਉਣ ਲਈ ਸ਼ਪਥ ਲਈ। ਬੱਚਿਆਂ ਵੱਲੋਂ ਭਾਸ਼ਣ, ਕਵਿਤਾਵਾਂ ਅਤੇ ਸਕਿੱਟਾਂ ਰਾਹੀਂ ਪਲਾਸਟਿਕ ਦੇ ਨੁਕਸਾਨ ਅਤੇ ਪੌਦੇ ਲਗਾਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਦਿੱਤੀ ਗਈ। ਇਸ ਦਿਨ ਸਕੂਲ ਵਿੱਚ ਪੌਦਾ ਰੋਪਣ ਮੁਹਿੰਮ ਵੀ ਚਲਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਪੌਦੇ ਲਗਾਏ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦਾ ਵਾਅਦਾ ਕੀਤਾ। ਨਾਲ ਹੀ, ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਬੱਚਿਆਂ ਅਤੇ ਅਧਿਆਪਕਾਂ ਨੇ ਰਚਨਾਤਮਕ ਢੰਗ ਨਾਲ ਵਾਤਾਵਰਣ ਸੰਰੱਖਣ ਦੇ ਸੁਨੇਹੇ ਦਿੱਤੇ। ਪ੍ਰਿੰਸੀਪਲ ਜੀਨਮ ਗਰਗ ਅਤੇ ਚੇਅਰਮੈਨ ਮਨੋਜ ਕੁਮਾਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਧਰਤੀ ਸਾਡਾ ਘਰ ਹੈ ਅਤੇ ਇਸ ਦੀ ਸੰਭਾਲ ਕਰਨਾ ਸਾਡੀ ਜ਼ਿੰਮੇਵਾਰੀ ਹੈ। ਅੰਤ ਵਿੱਚ ਸਾਰੇ ਵਿਦਿਆਰਥੀਆਂ ਨੇ ਇਹ ਸੰਕਲਪ ਲਿਆ ਕਿ ਉਹ ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਹਰਿਆ ਭਰਾ ਬਣਾਉਣ ਵਿੱਚ ਆਪਣਾ ਯੋਗਦਾਨ ਦੇਣਗੇ।

## ਪੁਲਸ ਪ੍ਰਸ਼ਾਸਨ ਤੇ ਅਫ਼ਸਰਸ਼ਾਹੀ ਕਾਰੋਬਾਰੀਆਂ ਤੇ ਵਪਾਰੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਤੋਂ ਬਾਜ਼ ਆਏ : ਹਰਦਿਆਲ ਕੰਬੋਜ

**ਪਟਿਆਲਾ (ਰਜਿੰਦਰ ਸਿੰਘ ਥਿੰਦ)**- ਪੰਜਾਬ ਦੀ ਅਫਸਰਸ਼ਾਹੀ ਅਤੇ ਪੁਲਸ ਪ੍ਰਸ਼ਾਸਨ ਬਹਾਵਲਪੁਰ ਭਾਈਚਾਰੇ ਦੇ ਕਾਰੋਬਾਰੀਆਂ ਅਤੇ ਵਪਾਰੀਆਂ ਨੂੰ ਜਾਣਬੁੱਝ ਕੇ ਤੰਗ ਪ੍ਰੇਸ਼ਾਨ ਕਰ ਰਹੀ ਹੈ। ਜੇਕਰ ਇਹਨਾਂ ਨੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਨਜਾਇਜ਼ ਤੰਗ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਤਾਂ ਪੰਜਾਬ ਦੀ ਕਾਂਗਰਸ ਪਾਰਟੀ ਇਹਨਾਂ ਖ਼ਿਲਾਫ਼ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ। ਇਥੋਂ ਦੇ ਬਿਹਾਰ ਆਸ਼ਰਮ ਦੇ ਹਾਲ 'ਚ ਬਲਾਕ ਕਾਂਗਰਸ ਰਾਜਪੁਰਾ ਸ਼ਹਿਰੀ ਦੇ ਪ੍ਰਧਾਨ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਨਰਿੰਦਰ ਸ਼ਾਸਤਰੀ ਦੀ ਅਗਵਾਈ 'ਚ ਬਹਾਵਲਪੁਰ ਭਾਈਚਾਰੇ ਨਾਲ ਸਬੰਧਤ ਵਪਾਰੀਆਂ ਅਤੇ ਕਾਰੋਬਾਰੀਆਂ ਦੀਆਂ ਸਮੱਸਿਆਵਾਂ ਸਬੰਧੀ ਇਕ ਮੀਟਿੰਗ ਸੱਦੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਹਲਕਾ ਰਾਜਪੁਰਾ ਦੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਵੱਲੋਂ ਇਸ ਦਾ ਖੁਲਾਸਾ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਵਪਾਰੀਆਂ ਅਤੇ ਕਾਰੋਬਾਰੀਆਂ ਨੇ ਆਪਣੀਆਂ ਸਮੱਸਿਆਵਾਂ ਬਾਰੇ ਦੱਸਿਆ। ਇਸ ਮੌਕੇ ਵਪਾਰੀਆਂ ਨੇ ਦੱਸਿਆ ਕਿ ਮੌਜੂਦਾ ਸਰਕਾਰ ਦੇ ਸਮੇਂ ਸਿਵਲ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਉਹਨਾਂ ਨੂੰ ਹਰ ਰੋਜ਼ਾਨਾ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਹਰਦਿਆਲ ਕੰਬੋਜ ਨੇ ਕਿਹਾ ਕਿ ਜਦੋਂ ਕਿ ਮੌਜੂਦਾ ਸਰਕਾਰ ਦੇ ਨੁਮਾਇੰਦਿਆਂ ਦਾ ਕੰਮ ਇਲਾਕੇ ਦੀ ਬਿਹਤਰੀ ਲਈ ਵਿਕਾਸ ਕਰਵਾਉਣਾ ਤੇ ਲੋਕਾਂ ਨੂੰ ਦਿਵਾਇਆ ਕਿ ਕੁਝ ਮਹੀਨੇ ਹੋਰ ਇੰਤਜ਼ਾਰ ਕਰ ਲਓ, ਕਾਂਗਰਸ ਦੀ ਸਰਕਾਰ ਆਉਣ 'ਤੇ ਅਫ਼ਸਰਸ਼ਾਹੀ ਦੇ ਨਕੇਲ ਕੱਸਦਿਆਂ ਵਪਾਰੀਆਂ ਨੂੰ ਰਾਹਤ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਮੌਜੂਦਾ ਸਰਕਾਰ ਦਾ



ਲੋਕ ਡਰ ਦੇ ਮਾਹੌਲ ਵਿਚ ਰਹਿ ਰਹੇ ਹਨ ਤੇ ਕੋਈ ਪਤਾ ਨਹੀਂ ਕਦੋਂ ਕਿਸ ਦਾ ਕਤਲ ਹੋ ਜਾਣਾ ਹੈ ਤੇ ਕਦੋਂ ਕਿਸ ਦੇ ਘਰ ਚੋਰੀ-ਡਾਕਾ ਪੈ ਜਾਣਾ ਹੈ। ਉਹਨਾ ਕਾਂਗਰਸ ਰਾਜ ਸਮੇਂ ਹਲਕਾ ਰਾਜਪੁਰਾ 'ਚ ਹੋਏ ਵਿਕਾਸ ਸਬੰਧੀ ਦੱਸਦਿਆਂ ਕਿਹਾ ਕਿ ਇਸ ਰਾਜਪੁਰਾ ਹਲਕੇ ਨੂੰ ਪਹਿਲੇ ਸਥਾਨ ਪ੍ਰਾਪਤ ਕਰਨ 'ਤੇ 3 ਸਰਕਾਰ ਪੱਧਰੀ ਅਵਾਰਡ ਮਿਲੇ ਸਨ ਤੇ ਹੁਣ ਉਹੀ ਰਾਜਪੁਰਾ ਸ਼ਹਿਰ ਅੱਜ ਗੰਦਗੀ ਦੇ ਢੇਰ ਕਾਰਨ 366ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਇਸ ਮੌਕੇ ਸਾਬਕਾ ਪੇਂਪਸੂ ਵਿਕਾਸ ਬੋਰਡ ਦੇ ਵਾਈਸ ਚੇਅਰਮੈਨ ਵਿਨੈ ਨਿਰੰਕਾਰੀ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਮਨੋਹਰ ਲਾਲ, ਕਾਂਗਰਸ ਆਗੂ ਪ੍ਰਮੋਦ ਸ਼ਰਮਾ, ਵਕੀਲ ਚਰਨਜੀਵ ਖੁਰਾਣਾ, ਅਨਿਲ ਕੁਮਾਰ ਟੰਨੀ, ਮੁਨੀਸ਼ ਮੁੰਜਾਲ, ਸੁਰਿੰਦਰ ਸ਼ਰਮਾ, ਜਗਦੀਸ਼ ਮੁੰਜਾਲ, ਬਲਦੇਵ ਰਾਜ ਬਿੱਲੂ, ਹਰੀ ਚੰਦ ਵੱਡੀ ਸਮੇਤ ਕਾਰੋਬਾਰੀ ਅਤੇ ਵਪਾਰੀ ਮੌਜੂਦ ਸਨ।

ਸਹੂਲਤਾ ਦੇਣਾ ਹੁੰਦਾ ਹੈ ਪਰ ਸਰਕਾਰ ਦੇ ਨੁਮਾਇੰਦੇ ਅਫ਼ਸਰਸ਼ਾਹੀ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਭੇਜਦੇ ਰਹਿੰਦੇ ਹਨ। ਉਹਨਾ ਦੱਸਿਆ ਕਿ ਰੋਜ਼ਾਨਾ ਹੀ ਕਦੀ ਕਿਸੇ, ਕਦੀ ਕਿਸੇ ਵਿਭਾਗ ਵੱਲੋਂ ਫੈਕਟਰੀਆਂ ਜਾਂ ਦੁਕਾਨਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਦੁਕਾਨਦਾਰਾਂ ਦੱਸਿਆ ਕਿ ਜਦੋਂ ਉਹ ਦੁਕਾਨਾਂ ਬੰਦ ਕਰਕੇ ਰਾਤ ਆਪਣੇ ਘਰਾਂ ਨੂੰ ਜਾਂਦੇ ਹਨ ਤਾਂ ਰਸਤੇ ਵਿਚ ਲੁੱਟਾਂ ਖੋਹਾਂ ਹੁੰਦੀਆਂ ਹਨ ਤੇ ਪੁਲਸ ਪ੍ਰਸ਼ਾਸਨ ਕੁਝ ਨਹੀਂ ਕਰ ਰਿਹਾ। ਇਸ ਮੌਕੇ ਸਾਬਕਾ ਵਿਧਾਇਕ ਕੰਬੋਜ ਨੇ ਵਪਾਰੀਆਂ ਨੂੰ ਵਿਸ਼ਵਾਸ

## ਹੈਰੀਟੇਜ ਸਕੂਲ ਦੇ ਵਿਦਿਆਰਥੀਆਂ ਕਈ ਵਿਸ਼ਿਆਂ 'ਚ ਹਾਸਲ ਕੀਤੇ 100 ਫ਼ੀਸਦੀ ਅੰਕ

**ਝਵਾਨੀਗੜ੍ਹ (ਰਾਜ ਖੁਰਮੀ)** ਹੈਰੀਟੇਜ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸੀ.ਬੀ.ਐੱਸ.ਈ. ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਬੇਹਤਰੀਨ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸਾਲ ਸਕੂਲ ਦਾ ਨਤੀਜਾ ਕਾਫ਼ੀ ਸ਼ਾਨਦਾਰ ਰਿਹਾ, ਜਿਸ ਵਿੱਚ ਕਈ ਵਿਦਿਆਰਥੀਆਂ ਨੇ ਉੱਚ ਅੰਕ ਪ੍ਰਾਪਤ ਕਰਕੇ ਆਪਣੀ ਯੋਗਤਾ ਦਾ ਲੋਹਾ ਮਨਵਾਇਆ। ਨਤੀਜਿਆਂ ਅਨੁਸਾਰ ਵਿਦਿਆਰਥਣ ਏਕਮਦੀਪ ਕੌਰ ਨੇ 99 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਬਾਬੂਲ ਕਾਂਸਲ ਨੇ 97.4 ਫ਼ੀਸਦੀ, ਅਰਪਣਾ ਸ਼ਰਮਾ ਤੇ ਕੁਲਜੀਤ ਸਿੰਘ ਨੇ 96.4 ਫ਼ੀਸਦੀ, ਹਰਨੂਰ ਕੌਰ ਨੇ 93.4 ਫ਼ੀਸਦੀ, ਚੈਤੰਨਯ ਸ਼ਰਮਾ ਨੇ 92.4 ਫ਼ੀਸਦੀ, ਗੁਨਤਾਸ ਨੇ 92.2 ਫ਼ੀਸਦੀ, ਡਾਲਸੀ ਨੇ 90.6 ਫ਼ੀਸਦੀ ਅਤੇ ਅਭਿਸ਼ੇਕ ਸ਼ਰਮਾ ਤੇ ਸੁਖਮਨਦੀਪ ਕੌਰ ਨੇ 90.4 ਫ਼ੀਸਦੀ ਅੰਕ ਪ੍ਰਾਪਤ ਕਰਕੇ ਉਲੇਖਣਯੋਗ ਪ੍ਰਦਰਸ਼ਨ ਕੀਤਾ। ਅੰਕੜਿਆਂ ਮੁਤਾਬਕ 10 ਵਿਦਿਆਰਥੀਆਂ



ਨੇ 90 ਫ਼ੀਸਦੀ ਤੋਂ ਵੱਧ, 17 ਵਿਦਿਆਰਥੀਆਂ ਨੇ 80 ਫ਼ੀਸਦੀ ਤੋਂ ਵੱਧ ਅਤੇ 33 ਵਿਦਿਆਰਥੀਆਂ ਨੇ 70 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। ਵਿਸ਼ੇਸ਼ ਗੱਲ ਇਹ ਰਹੀ ਕਿ ਕਈ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚੋਂ 100 ਫ਼ੀਸਦੀ ਅੰਕ ਵੀ ਹਾਸਲ ਕੀਤੇ। ਏਕਮਦੀਪ ਕੌਰ, ਹਰਨੂਰ ਕੌਰ ਅਤੇ ਗੁਨਤਾਸ ਨੇ ਪੰਜਾਬੀ ਵਿੱਚੋਂ 100 ਅੰਕ ਪ੍ਰਾਪਤ ਕੀਤੇ, ਜਦਕਿ ਕੁਲਜੀਤ ਸਿੰਘ ਨੇ ਸਮਾਜਿਕ ਸਿੱਖਿਆ ਵਿੱਚੋਂ 100 ਅੰਕ ਲਏ। ਇਸ ਤੋਂ ਇਲਾਵਾ ਏਕਮਦੀਪ ਕੌਰ ਨੇ ਸਾਇੰਸ ਅਤੇ ਆਈ.ਟੀ. ਵਿੱਚ ਵੀ ਪੂਰੇ ਅੰਕ ਹਾਸਲ ਕਰਕੇ ਵਿਸ਼ੇਸ਼ ਉਪਲਬਧੀ ਦਰਜ ਕਰਾਈ। ਸਕੂਲ ਦੇ ਪ੍ਰਬੰਧਕ ਸ੍ਰੀ ਅਨਿੱਲ ਮਿੱਤਲ ਤੇ ਸ੍ਰੀਮਤੀ ਆਸ਼ਿਮਾ ਮਿੱਤਲ ਸਮੇਤ ਮੁੱਖ ਅਧਿਆਪਕਾ ਡਾ. ਗੁਰਪ੍ਰੀਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੀ ਲਗਨ ਅਤੇ ਮਾਪਿਆਂ ਦੇ ਸਹਿਯੋਗ ਦਾ ਸਾਫ਼ ਦਰਪਣ ਹਨ।

## ਅਕਾਲ ਅਕੈਡਮੀ ਭਦੌੜ ਦਾ ਦਸਵੀਂ ਬੋਰਡ ਦਾ ਨਤੀਜਾ ਰਿਹਾ ਸ਼ਾਨਦਾਰ

**ਚੀਮਾ ਮੰਡੀ (ਰਵਿੰਦਰ ਚੀਮਾ)** ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ ਭਦੌੜ ਦੇ ਦਸਵੀਂ ਜਮਾਤ ਦੇ ਬੋਰਡ ਨਤੀਜੇ ਹਰ ਸਾਲ ਦੀ ਤਰ੍ਹਾਂ ਬਿਹਤਰ ਰਹੇ ਹਨ। ਸਕੂਲ ਦੇ ਵਿਦਿਆਰਥੀਆਂ ਨੇ ਉੱਚ ਅੰਕ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਅਕੈਡਮੀ ਦੇ ਕੁੱਲ 95 ਵਿਦਿਆਰਥੀਆਂ ਪ੍ਰੀਖਿਆ ਵਿੱਚ ਸ਼ਾਮਲ ਹੋਏ ਅਤੇ ਸਭ ਨੇ ਹੀ ਉੱਤਮ ਅੰਕ ਹਾਸਲ ਕਰਦੇ ਹੋਏ 100% ਨਤੀਜਾ ਪ੍ਰਾਪਤ ਕੀਤਾ। ਇਸ ਸਾਲ ਦੇ ਨਤੀਜਿਆਂ ਵਿੱਚ ਤੇਜਵੀਰ ਸਿੰਘ ਨੇ 97% ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਪਨੀਤ ਕੌਰ ਤੇ ਅਸ਼ਮਨਪ੍ਰੀਤ ਕੌਰ 96.8% ਅੰਕ ਪ੍ਰਾਪਤ ਕਰਕੇ ਦੂਜਾ, ਇਸ਼ਮੀਤ ਕੌਰ ਨੇ 96.4% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਤੋਂ ਇਲਾਵਾ 30 ਵਿਦਿਆਰਥੀਆਂ ਨੇ 85% ਤੋਂ ਵੱਧ ਅੰਕ ਪ੍ਰਾਪਤ ਕੀਤੇ। 31 ਵਿਦਿਆਰਥੀਆਂ ਨੇ 75% ਤੇ 22 ਵਿਦਿਆਰਥੀਆਂ ਨੇ 65% ਤੋਂ ਵੱਧ ਅਤੇ ਬਾਕੀ ਸਭ ਨੇ 60% ਤੋਂ ਵੱਧ ਅੰਕ ਹਾਸਲ ਕੀਤੇ। ਸਮੂਹ ਵਿਦਿਆਰਥੀਆਂ ਦੀ ਪ੍ਰਦਰਸ਼ਨਸ਼ੀਲਤਾ ਕਾਬਲ-ਏ-ਤਾਰੀਫ਼ ਰਹੀ ਹੈ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਪ੍ਰੀਤੀ ਗਰੋਵਰ ਨੇ ਸਾਰੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੰਦਿਆਂ ਉਨ੍ਹਾਂ ਦੀ ਕਰੜੀ ਮਿਹਨਤ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਸਕੂਲ ਦੇ ਮੈਨੇਜਮੈਂਟ ਅਤੇ ਅਧਿਆਪਕਾਂ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਦੀ ਰਹਿਨੁਮਾਈ ਅਤੇ ਮਿਹਨਤ ਨਾਲ ਵਿਦਿਆਰਥੀਆਂ ਨੇ ਇਹ ਕਾਮਯਾਬੀ ਹਾਸਲ ਕੀਤੀ। ਪ੍ਰਿੰਸੀਪਲ ਨੇ ਵਿਦਿਆਰਥੀਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਪੂਰਾ ਸਹਿਯੋਗ ਦਿੱਤਾ।




## ਪ੍ਰਧਾਨ ਮੰਤਰੀ ਦੀ ਇੱਛਾ ਪੂਰੀ ਕਰਨ ਲਈ ਕਿਸੇ ਵੀ ਅਗੰਮੀ ਸ਼ਕਤੀ ਨੇ ਸਾਥ ਨਾ ਦਿੱਤਾ : ਬਲਕੌਰ ਸਿੰਘ

**ਲੁਧਿਆਣਾ, (ਰੈਕਟਰ ਕਥੂਰੀਆ)** ਬੀਜੇਪੀ ਦੀ ਮਨੂੰਵਾਦੀ ਸਰਕਾਰ ਵੱਲੋਂ ਚਾਲਬਾਜ਼ੀ ਨਾਲ ਮਹਿਲਾ ਰਿਜ਼ਰਵੇਸ਼ਨ ਬਿੱਲ ਦੇ ਨਾਂਅ ਹੇਠ ਲਿਆਂਦਾ ਗਿਆ ਬਿੱਲ ਆਪਣੇ ਆਪ ਨੂੰ ਨਾਨ ਬਾਇਓਲੌਜੀਕਲੀ ਪੈਦਾ ਹੋਏ ਕਹਿਣ ਵਾਲੇ ਪ੍ਰਧਾਨ ਮੰਤਰੀ ਦੀ ਅਪੀਲ ਨਾਲ ਵੀ ਪਾਸ ਨਾ ਹੋ ਸਕਿਆ। ਇਕਜੁੱਟ ਹੋਈ ਅਪੋਜ਼ੀਸ਼ਨ ਨੇ 528 ਵਿੱਚੋਂ 230 ਮੈਂਬਰਾਂ ਨੇ ਇਸ ਵਿਰੁੱਧ ਵੋਟਾਂ ਪਾ ਕੇ ਬਿੱਲ ਪਾਸ ਕਰਕੇ ਮੂਧੇ ਮੂੰਹ ਡੇਗ ਦਿੱਤਾ। ਨਾਨ ਬਾਇਓਲੌਜੀਕਲੀ ਪੈਦਾ ਕਰਨ ਵਾਲੀ ਕੋਈ ਵੀ ਅਜਿਹੀ ਅਗੰਮੀ ਸ਼ਕਤੀ ਪ੍ਰਧਾਨ ਮੰਤਰੀ ਦੇ ਕੰਮ ਨਾ ਆ ਸਕੀ। ਇਸ ਬਿੱਲ ਦੇ ਡਿੱਗਣ ਉਪਰੰਤ ਸਰਕਾਰ ਹਲਕਾ ਬੰਦੀ ਸੰਧ ਬਿੱਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਸੋਧ ਬਿੱਲ 'ਤੇ ਵੋਟਿੰਗ ਕਰਾਉਣ ਦੀ ਹਿੰਮਤ ਵੀ ਨਾ ਕਰ ਸਕੀ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੇ ਜੱਥੇਬੰਦਕ ਮੁਖੀ ਜਸਵੰਤ ਜੀਰਖ ਅਤੇ ਅਹਾ ਸ਼ਰਮਾ ਲੁਧਿਆਣਾ ਦੇ ਮੁਖੀ ਬਲਕੌਰ ਸਿੰਘ ਗਿੱਲ ਨੇ ਲੋਕਾਂ ਨੂੰ ਹਰ ਗੁੰਮਰਾਹਕੁੰਨ 'ਪ੍ਰਵਚਨ' ਰਾਹੀਂ ਸੱਤਾ 'ਤੇ ਬਣੇ ਰਹਿਣ ਲਈ ਕੀਤੇ ਜਾਂਦੇ ਡਰਾਮਿਆਂ ਨੂੰ ਸਮਝਣ ਦੀ ਅਪੀਲ ਕੀਤੀ ਹੈ। ਆਗੂਆਂ ਨੇ ਦੇਸ਼ ਦੇ ਪਬਲਿਕ ਅਦਾਰਿਆਂ ਨੂੰ ਕਾਰਪੋਰੇਟਾਂ ਅਤੇ ਨਿੱਜੀ ਹੱਥਾਂ ਵਿੱਚ ਵੇਚਣ ਦੇ ਰਾਹ ਪਏ ਸਿਆਸਤਦਾਨਾਂ ਤੋਂ ਦੇਸ਼ ਨੂੰ ਬਚਾਉਣ ਲਈ ਇਕਜੁੱਟ ਹੋ ਕੇ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਪਾਰਲੀਮੈਂਟ ਦੀਆਂ ਸੀਟਾਂ ਵਧਾਉਣ ਨੂੰ ਲੋਕਾਂ ਨਾਲ ਖਿਲਵਾੜ ਕਰਾਰ ਦਿੱਤਾ, ਕਿਉਂਕਿ ਇਹ ਪਹਿਲਾਂ ਹੀ ਦੁੱਭਰ ਜ਼ਿੰਦਗੀ ਜਿਉਂ ਰਹੇ ਲੋਕਾਂ ਉਪਰ ਹੋਰ ਬੋਝ ਸਾਬਤ ਹੋਵੇਗਾ। ਲੋਕਾਂ ਦੇ ਬੇਰੁਜ਼ਗਾਰੀ, ਗਰੀਬੀ, ਵਿੱਦਿਆ, ਮਹਿੰਗਾਈ, ਭ੍ਰਿਸ਼ਟਾਚਾਰ ਵਰਗੇ ਅਸਲ ਮੁੱਦਿਆਂ ਵੱਲ ਧਿਆਨ ਦੇਣ ਦੀ ਬਜਾਏ ਆਪਣੀ ਸੱਤਾ ਕਿਵੇਂ ਬਣਾਈ ਰੱਖਣੀ ਹੈ, ਦੀ ਵੱਧ ਚਿੰਤਾ ਬਣੀ ਹੋਈ ਹੈ। ਇਨ੍ਹਾਂ ਦੇ ਰਾਜ ਵਿੱਚ ਦੇਸ਼ ਦੀਆਂ ਔਰਤਾਂ ਸੁਰੱਖਿਅਤ ਨਹੀਂ। ਉਨ੍ਹਾਂ ਕਿਹਾ ਕਿ ਮਨੀਪੁਰ ਵਿੱਚ ਔਰਤਾਂ ਨਾਲ ਕਿਵੇਂ ਦਾ ਵਰਤਾਓ ਹੋ ਰਿਹਾ ਹੈ, ਸਭ ਦੇ ਸਾਹਮਣੇ ਹੈ। ਸੰਵਿਧਾਨ ਦੀ ਬਜਾਏ ਮੰਨੂ ਸਿਮਰਤੀ ਨੂੰ ਮਹੱਤਵ ਦੇਣ ਵਾਲੇ ਮਹਿਲਾਵਾਂ ਨੂੰ ਕੀ ਸਸ਼ਕਤ ਹਨ ਕੋਈ ਭੁੱਲਿਆ ਨਹੀਂ। ਦੇਸ਼ ਸਾਹਮਣੇ ਦਰਪੇਸ਼ ਸਮੱਸਿਆਵਾਂ ਦਾ ਹੱਲ ਅਜਿਹੇ ਬਿੱਲ ਲਿਆਉਣ ਨਾਲ ਨਹੀਂ, ਸਗੋਂ ਲੋਕਾਂ ਨੂੰ ਸਿੱਖਿਅਤ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਖਤਮ ਕਰਨ ਨਾਲ ਹੋਵੇਗਾ। ਉਹ ਕਾਰਣ ਕਿਸੇ ਅਗੰਮੀ ਸ਼ਕਤੀ ਨੇ ਪੈਦਾ ਨਹੀਂ ਕੀਤੇ ਸਗੋਂ ਇੱਥੋਂ ਦੇ ਰਾਜ ਪ੍ਰਬੰਧਕਾਂ ਵੱਲੋਂ ਸਥਾਪਤ ਕੀਤੇ ਹੋਏ ਹਨ। ਇਸ ਲਈ ਲੋਕਾਂ ਨੂੰ ਖੁਦ ਸਿੱਖਿਅਤ ਹੋਕੇ ਅੱਗੇ ਆਉਣ ਦੀ ਲੋੜ ਹੈ।

## ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਸੰਘਰਸ਼ ਦਾ ਐਲਾਨ

### 26 ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਦਾ ਐਲਾਨ

**ਅਜੀਤਵਾਲ (ਲਵਲੀ ਕੁਮਾਰ)**- ਸੂਬਾ ਸਰਕਾਰ ਅਤੇ ਵਿਭਾਗੀ ਅਫ਼ਸਰਸ਼ਾਹੀ ਵੱਲੋਂ ਮੁਲਾਜ਼ਮ ਮਾਰੂ ਨੀਤੀਆਂ ਦੇ ਖ਼ਿਲਾਫ਼ 26 ਅਪ੍ਰੈਲ ਨੂੰ ਵੈਟਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਦਾ ਐਲਾਨ ਕੀਤਾ ਗਿਆ, ਜਿਸ ਕਰਵਾਇਆ। ਇਸ ਮੌਕੇ ਸੂਬਾ ਪ੍ਰਧਾਨ ਗੁਰਦੀਪ ਸਿੰਘ ਬਾਸੀ ਨੇ ਕਿਹਾ ਕਿ ਇਸ ਸਰਕਾਰ ਵੱਲੋਂ ਨਾਂਹਪੱਖੀ ਅਤੇ ਅੜੀਅਲ ਰਵੱਈਆ ਅਪਣਾਇਆ ਜਾ ਰਿਹਾ ਹੈ, ਜਿਸ ਕਰਕੇ ਕੇਡਰ ਨੂੰ ਆਪਣਾ ਕੰਮ ਛੱਡ ਕੇ ਸਰਕਾਰ ਖ਼ਿਲਾਫ਼ ਸੜਕਾਂ 'ਤੇ



ਉਤਰਨ ਲਈ ਮਜਬੂਰ ਹੋਣਾ ਪਿਆ ਅਤੇ 26 ਅਪ੍ਰੈਲ ਨੂੰ ਮੋਹਾਲੀ ਵਿਖੇ ਧਰਨਾ ਦਿੱਤਾ ਜਾਵੇਗਾ ਅਤੇ ਭਾਰੀ ਗਿਣਤੀ ਵਿੱਚ ਸ਼ਾਮਲ ਹੋ ਕੇ ਇਸ ਗੂੰਗੀ ਬੋਲੀ ਸਰਕਾਰ ਦਾ ਵੱਡੇ ਪੱਧਰ 'ਤੇ ਵਿਰੋਧ ਕੀਤਾ ਜਾਵੇਗਾ। ਜ਼ਿਲ੍ਹਾ ਮੋਗਾ ਤੋਂ ਸੂਬਾ ਕਮੇਟੀ ਮੈਂਬਰ ਹਰਦੀਪ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਪੁੱਜੇ ਸੂਬਾ ਪ੍ਰਧਾਨ ਅਤੇ ਸਾਰੇ ਵੈਟਨਰੀ ਇੰਸਪੈਕਟਰ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਸੇਵਕ ਸਿੰਘ, ਡੀ ਵੀ ਆਈ ਮੋਗਾ ਜਸਵੀਰ ਸਿੰਘ, ਸਾਰੇ ਤਹਿਸੀਲਾਂ ਅਤੇ ਜ਼ਿਲ੍ਹਾ ਕਮੇਟੀ ਦੇ ਅਹੁਦੇਦਾਰ ਹਾਜ਼ਰ ਸਨ।

ਸਬੰਧੀ ਜ਼ਿਲ੍ਹਾ ਮੋਗਾ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਗੁਰਦੀਪ ਸਿੰਘ ਬਾਸੀ ਦੀ ਪ੍ਰਧਾਨਗੀ ਹੇਠ ਕਾਮਰੇਡ ਨਛੱਤਰ ਸਿੰਘ ਯਾਦਗਾਰੀ ਹਾਲ ਮੋਗਾ ਵਿਖੇ ਹੋਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਦੀ ਪੂਰਤੀ ਕਰਨ ਲਈ ਵਿਭਾਗ ਅਤੇ ਪੰਜਾਬ ਸਰਕਾਰ ਕੋਲੋਂ ਕੀਤੀ ਜਾ ਰਹੀ ਆਨਾਕਾਨੀ ਤੋਂ ਸਾਥੀਆਂ ਨੂੰ ਜਾਣੂ

## ਦਸਮੇਸ਼ ਸਕੂਲ 'ਚ ਰੁੱਖ ਲਗਾਉਣ ਦੀ ਮੁਹਿੰਮ



**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਦਸਮੇਸ਼ ਸਕੂਲ ਬਠਿੰਡਾ ਵਿਖੇ ਪ੍ਰਬੰਧਕ ਗੁਰਵਿੰਦਰ ਸਿੰਘ ਮਾਨ ਦੀ ਅਗਵਾਈ 'ਚ ਵਾਤਾਵਰਣ ਸੰਰੱਖਣ ਨੂੰ ਸਮਰਪਤ ਰੁੱਖ ਲਗਾਉਣ ਦੀ ਮੁਹਿੰਮ ਆਯੋਜਿਤ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਏ.ਐਸ.ਆਈ ਭਜਨ ਸਿੰਘ (ਅਸਿਸਟੈਂਟ ਟ੍ਰੈਫ਼ਿਕ ਇੰਚਾਰਜ) ਅਤੇ ਵਿਸ਼ੇਸ਼ ਮਹਿਮਾਨ ਵਜੋਂ ਏ.ਐਸ.ਆਈ ਬਲਜਿੰਦਰ ਸਿੰਘ ਹਾਜ਼ਰ ਰਹੇ। ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਵੱਲੋਂ ਰੁੱਖ ਲਗਾ ਕੇ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਰੁੱਖ ਸਾਡੀ ਜ਼ਿੰਦਗੀ ਲਈ ਬਹੁਤ ਜ਼ਰੂਰੀ ਹਨ ਅਤੇ ਇਹ ਸਾਡੀ ਧਰਤੀ ਨੂੰ ਹਰਾ-ਭਰਾ ਬਣਾਉਂਦੇ ਹਨ। ਮੁੱਖ ਮਹਿਮਾਨਾਂ ਨੇ ਵੀ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੰਭਾਲ ਕਰਨ ਅਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਰੁੱਖ ਲਗਾਉਣ ਦੀ ਅਪੀਲ ਕੀਤੀ। ਅੰਤ ਵਿੱਚ ਸਕੂਲ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਇਹ ਸੰਕਲਪ ਲਿਆ ਕਿ ਉਹ ਵਾਤਾਵਰਣ ਦੀ ਰੱਖਿਆ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।

## ਸਾਬਕਾ ਸਰਪੰਚ ਜੰਡ ਸਿੰਘ ਨੂੰ ਸਦਮਾ, ਮਾਤਾ ਦਾ ਦੇਹਾਂਤ

**ਮਮਦੋਟ (ਜਸਬੀਰ ਸਿੰਘ ਕੰਬੋਜ)**- ਸੀਨੀਅਰ ਆਗੂ ਜੰਡ ਸਿੰਘ (ਕੋਟ ਆਸਾ ਸਿੰਘ) ਸਾਬਕਾ ਸਰਪੰਚ ਟਿੰਬੀ ਖੁਰਦ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦ ਉਹਨਾਂ ਦੇ ਮਾਤਾ ਸਰਦਾਰਨੀ



ਕ੍ਰਿਸ਼ਨ ਕੌਰ (95) ਦਾ ਅਚਨਚੇਤ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਕਾਂਗਰਸ ਪਾਰਟੀ ਦੇ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ, ਗੁਰਚਰਨ ਸਿੰਘ ਕਾਲਾ ਟਿੱਬਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਮਮਦੋਟ, ਬਲਬੀਰ ਸਿੰਘ ਬਾਠ ਮੈਂਬਰ ਜ਼ਿਲ੍ਹਾ ਪਰਿਸ਼ਦ ਫਿਰੋਜ਼ਪੁਰ, ਜਸਮੇਲ ਸਿੰਘ ਲਾਡੀ ਗਹਿਰੀ ਮੈਂਬਰ ਜ਼ਿਲ੍ਹਾ ਪਰਿਸ਼ਦ ਫਿਰੋਜ਼ਪੁਰ, ਸਰਮ ਸਿੰਘ ਸਾਬਕਾ ਸਰਪੰਚ ਪੀਰ੍ਹਵਾਲਾ, ਅਮੀਰ ਸਿੰਘ ਸਾਬਕਾ ਸਰਪੰਚ ਪੀਰ੍ਹਵਾਲਾ, ਹਰਪਾਲ ਸਿੰਘ ਨੀਟਾ ਸੰਧੀ ਬਲਾਕ ਪ੍ਰਧਾਨ ਮਮਦੋਟ (ਕਾਂਗਰਸ) ਕਰਨ (ਕਾਲੀ) ਮਨਚੰਦਾ, ਪ੍ਰਗਟ ਸਿੰਘ ਝੋਕ ਨੌਧ ਸਿੰਘ, ਗੁਰਭੇਜ ਸਿੰਘ ਖਾਰਾ (ਕਾਲਾ ਟਿੱਬਾ), ਸੁਖਵਿੰਦਰ ਸਿੰਘ ਸੁੱਖਾ ਨੰਬਰਦਾਰ, ਰਛਪਾਲ ਸਿੰਘ ਸਾਬਕਾ ਸਰਪੰਚ ਕਾਲਾ ਟਿੱਬਾ, ਗੁਰਭੇਜ ਸਿੰਘ ਨੱਥਾ ਜੋਧਪੁਰ, ਜਸਬੀਰ ਸਿੰਘ ਮਹਿਰੋਕ ਜੋਧਪੁਰ, ਸਮੇਤ ਵੱਡੀ ਗਿਣਤੀ ਵਿੱਚ ਆਗੂਆਂ ਨੇ ਜੰਡ ਸਿੰਘ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਕ੍ਰਿਸ਼ਨ ਕੌਰ ਨਮਿਤ ਪਾਠ ਦਾ ਭੋਗ ਤੇ ਅੰਤਮ ਅਰਦਾਸ 24 ਅਪ੍ਰੈਲ ਨੂੰ ਖਾਲਸਾ ਗੁਰਦੁਆਰਾ ਸਾਹਿਬ ਫਿਰੋਜ਼ਪੁਰ ਛਾਉਣੀ ਵਿਖੇ 11 ਵਜੇ ਤੋਂ 1 ਵਜੇ ਹੋਵੇਗੀ।

## ਸਪਰਿੰਗ ਫੀਲਡ ਕਾਨਵੈਂਟ ਸਕੂਲ ਦਾ ਸੀ ਬੀ ਐੱਸ ਈ 10ਵੀਂ ਦਾ ਨਤੀਜਾ ਸ਼ਾਨਦਾਰ

**ਬਾਘਾ ਪੁਰਾਣਾ (ਮਨੀ ਸਿੰਗਲਾ)** ਸਪਰਿੰਗ ਫੀਲਡ ਕਾਨਵੈਂਟ ਸਕੂਲ ਦਾ ਸੀ.ਬੀ.ਐੱਸ.ਈ ਬੋਰਡ ਦੀ 10ਵੀਂ ਕਲਾਸ ਦਾ ਨਤੀਜਾ ਇਸ ਵਾਰ ਵੀ ਬਹੁਤ ਹੀ ਸ਼ਾਨਦਾਰ ਰਿਹਾ। ਹਮੇਸ਼ਾ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਉੱਤਮ ਪ੍ਰਦਰਸ਼ਨ ਕਰਦੇ ਹੋਏ ਵਧੀਆ ਅੰਕ ਹਾਸਲ ਕੀਤੇ, ਜਿਸ ਨਾਲ ਸਕੂਲ ਪ੍ਰਬੰਧਕਾਂ, ਅਧਿਆਪਕਾਂ ਤੇ ਮਾਪਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਨਤੀਜੇ ਵਿੱਚ ਕਰਨ ਸਿੰਗਲਾ ਨੇ 96.6 ਫ਼ੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਮਲਵੀਰ ਕੌਰ ਨੇ 93.6 ਫ਼ੀਸਦੀ, ਖ਼ੁਸ਼ਮੀਤ ਸਿੰਘ ਗਿੱਲ ਨੇ 92.4 ਫ਼ੀਸਦੀ ਤੇ ਮਹਿਕਪ੍ਰੀਤ ਕੌਰ ਨੇ 92 ਫ਼ੀਸਦੀ ਅੰਕ ਹਾਸਲ ਕਰਕੇ ਉੱਚ ਸਥਾਨਾਂ 'ਤੇ ਰਹੇ। ਇਸ ਤੋਂ ਇਲਾਵਾ ਕੰਚਨ ਤੇ ਰੋਹਿਤ ਮਿੱਤਲ ਨੇ 90.6 ਫ਼ੀਸਦੀ, ਖੁਸ਼ਮੀਤ ਕੌਰ ਬਰਾੜ ਨੇ 90 ਫ਼ੀਸਦੀ, ਸੁਖਮਨੀ ਕੌਰ ਨੇ 89.6 ਫ਼ੀਸਦੀ, ਗੁਰਸ਼ਨਦੀਪ ਸਿੰਘ ਬਰਾੜ ਨੇ 89.2 ਫ਼ੀਸਦੀ ਤੇ ਇਸ਼ਪ੍ਰੀਤ ਕੌਰ ਨੇ 88.8 ਫ਼ੀਸਦੀ ਅੰਕ ਪ੍ਰਾਪਤ ਕੀਤੇ। ਹੋਰ ਵਿਦਿਆਰਥੀਆਂ ਵਿੱਚ ਉਮੰਗ ਚੌਹਾਨ



ਨੇ 87.6 ਫ਼ੀਸਦੀ, ਸੁਖਮਨਪ੍ਰੀਤ ਬਰਾੜ ਨੇ 87.2 ਫ਼ੀਸਦੀ, ਮੋਹਿਤ ਸ਼ਰਮਾ ਨੇ 85.8 ਫ਼ੀਸਦੀ, ਸੌਰਵ ਗਰੋਵਰ ਨੇ 85.6 ਫ਼ੀਸਦੀ, ਨੈਤਿਕ ਗਰਗ ਨੇ 85.4 ਫ਼ੀਸਦੀ, ਵੰਸ਼ਦੀਪ ਸਿੰਘ ਨੇ 84.4 ਫ਼ੀਸਦੀ, ਅਰਮੀਨ ਕੌਰ ਨੇ 83 ਫ਼ੀਸਦੀ, ਨਵਪ੍ਰੀਤ ਸਿੰਘ ਨੇ 81.8 ਫ਼ੀਸਦੀ, ਅਰੰਸ਼ਪ੍ਰਤਾਪ ਸਿੰਘ ਨੇ 81.2 ਫ਼ੀਸਦੀ ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਹੋਰ ਵਿਦਿਆਰਥੀਆਂ ਨੇ ਵੀ 80 ਫ਼ੀਸਦੀ ਦੇ ਆਸ-ਪਾਸ ਅੰਕ ਲੈ ਕੇ ਕਾਮਯਾਬੀ ਹਾਸਲ ਕੀਤੀ। ਨਤੀਜੇ ਦੇ ਐਲਾਨ ਤੋਂ ਬਾਅਦ ਸਕੂਲ ਵਿਚ ਖੁਸ਼ੀ ਦਾ ਮਾਹੌਲ ਬਣ ਗਿਆ ਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਆਪਣੇ ਬੱਚਿਆਂ ਦੀ ਪ੍ਰਾਪਤੀ 'ਤੇ ਮਾਣ ਮਹਿਸੂਸ ਕੀਤਾ। ਸਕੂਲ ਦੇ ਚੇਅਰਮੈਨ ਨਰ ਸਿੰਘ ਬਰਾੜ ਅਤੇ ਪ੍ਰਿੰਸੀਪਲ ਬਾਜਿਦ ਵਿਜੇ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜਾ ਉਨ੍ਹਾਂ ਦੀ ਲਗਨ, ਮਿਹਨਤ ਤੇ ਅਧਿਆਪਕਾਂ ਦੀ ਸਹੀ ਰਹਿਨੁਮਾਈ ਦਾ ਨਤੀਜਾ ਹੈ। ਉਨ੍ਹਾਂ ਅਧਿਆਪਕਾਂ ਦੀ ਵੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਟਾਫ਼ ਦੀ ਮਿਹਨਤ ਸਦਕਾ ਹੀ ਵਿਦਿਆਰਥੀ ਇਸ ਤਰ੍ਹਾਂ ਦੇ ਉੱਚ ਨਤੀਜੇ ਹਾਸਲ ਕਰਦੇ ਹਨ।

## ਘੰਟਾ ਘਰ ਚੌਕ ਤੇ ਡਾ. ਭੀਮ ਰਾਓ ਅੰਬੇਡਕਰ ਭਵਨ ਦਾ ਅਰੋੜਾ ਵੱਲੋਂ ਉਦਘਾਟਨ

**ਮੋਗਾ, (ਇਕਬਾਲ ਸਿੰਘ ਖਹਿਰਾ)** ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਯਤਨਾਂ ਸਦਕਾ ਮੋਗਾ ਸ਼ਹਿਰ ਦੇ ਘੰਟਾ ਘਰ ਚੌਕ ਨਜ਼ਦੀਕ ਗੁਰੂ ਨਾਨਕ ਕਾਲਜ ਚੌਕ ਦੇ ਨਾਲ ਲੱਗਦੇ ਨੇੜਲ ਪਾਰਕ ਨੇੜੇ 22 ਲੱਖ ਦੀ ਲਾਗਤ ਨਾਲ ਉਸਾਰੇ ਗਏ ਡਾ. ਭੀਮ ਰਾਓ ਅੰਬੇਡਕਰ ਭਵਨ ਦਾ ਉਦਘਾਟਨ ਕੀਤਾ ਗਿਆ। ਇਸ ਤੋਂ ਬਾਅਦ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਵਿੱਚ 'ਹਾਕਮ ਕਾ ਅਗਵਾੜਾ' ਨੇੜੇ 40 ਲੱਖ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਡਾ. ਭੀਮ ਰਾਓ ਅੰਬੇਡਕਰ ਦੀ ਯਾਦ ਵਿੱਚ ਡਾ. ਭੀਮ ਰਾਓ ਅੰਬੇਡਕਰ ਭਵਨ ਦਾ ਨੀਂਹ ਪੱਥਰ ਰੱਖਿਆ। ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ, ਡਿਪਟੀ ਮੇਅਰ ਅਸ਼ੋਕ ਧਮੀਜਾ, 'ਆਪ' ਸ਼ਹਿਰੀ ਪ੍ਰਧਾਨ ਪ੍ਰਮ ਚੰਦ ਚੱਕੀ ਵਾਲਾ, ਗੌਰਵ ਗਰਗ, ਕੌਂਸਲਰ ਕੁਲਵਿੰਦਰ ਸਿੰਘ ਚੱਕੀਆਂ ਵਾਲਾ, ਕੌਂਸਲਰ ਪ੍ਰਵੀਨ ਮੱਕੜ, ਪ੍ਰਿੰਸ ਕੁਮਾਰ ਅਰੋੜਾ, 'ਆਪ' ਵਪਾਰ ਵਿੰਗ ਦੇ ਨੁਮਾਇੰਦੇ ਸੰਜੀਵ ਨਰੂਲਾ, ਵਿੱਕੀ ਠੱਠਰਈਆ, ਮੱਖਣ ਦੇ ਪਤੀ ਡਾ. ਜੋਹਲ, ਜਗਦੀਪ ਸਿੰਘ ਮੱਕੜ, ਜਗਜੀਤ ਮੱਕੜ ਦੇ ਪਤੀ ਡਾ. ਜੋਹਲ, ਸੰਜੇ ਸ਼ਰਮਾ, ਰਾਕੇਸ਼ ਸਿਤਾਰਾ, ਲੱਖਾ ਸਿੰਘ, ਸੰਨੀ ਧਾਲੀਵਾਲ, ਕੌਂਸਲਰ ਬੂਟਾ ਸਿੰਘ, ਅਰਜੀਤ ਸਿੰਘ ਗਿੱਲ, ਕੌਂਸਲਰ ਹਰੀ ਰਾਮ, ਨਗਰ ਨਿਗਮ ਦੇ ਵੱਖ-ਵੱਖ ਅਧਿਕਾਰੀ, ਪਤਵੰਤਿਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਅਹੁਦੇਦਾਰ ਵੀ ਹਾਜ਼ਰ ਸਨ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮੋਗਾ ਹਲਕੇ ਨੂੰ ਦਿੱਤੀਆਂ ਗ੍ਰਾਂਟਾਂ ਤਹਿਤ, ਮੋਗਾ ਦੇ ਗੁਰੂ ਨਾਨਕ ਕਾਲਜ ਚੌਕ ਕੋਲ ਕਿਹਾ ਕਿ ਮੋਗਾ ਸ਼ਹਿਰ 'ਚ ਵਿਕਾਸ ਕਾਰਜ ਬਿਨਾਂ ਕਿਸੇ



ਨੇੜੇ 22 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਘੰਟਾ ਘਰ ਚੌਕ ਲਗਭਗ ਇੱਕ ਮਹੀਨੇ ਦੇ ਅੰਦਰ ਪੂਰਾ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਮੋਗਾ ਦੇ ਵਸਨੀਕ ਲੰਬੇ ਸਮੇਂ ਤੋਂ ਡਾ. ਭੀਮ ਰਾਓ ਅੰਬੇਡਕਰ ਦੀ ਯਾਦ ਵਿੱਚ ਇੱਕ ਇਮਾਰਤ ਦੀ ਉਸਾਰੀ ਦੀ ਮੰਗ ਕਰ ਰਹੇ ਸਨ। ਇਸ ਲੋੜ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ 40 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਇਸ ਦੇ ਪੂਰਾ ਹੋਣ ਉਪਰੰਤ ਡਾ. ਭੀਮ ਰਾਓ ਅੰਬੇਡਕਰ ਦੇ ਸਨਮਾਨ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਮੋਗਾ ਵਿੱਚ ਬਣਾਏ ਜਾਣ ਵਾਲੇ ਡਾ. ਭੀਮ ਰਾਓ ਅੰਬੇਡਕਰ ਭਵਨ ਦੀ ਉਸਾਰੀ ਦਾ ਕੰਮ ਤੇਜ਼ੀ ਨਾਲ ਪੂਰਾ ਹੋਵੇਗਾ। ਇਸ ਸਮੇਂ ਜੱਗੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਨਵਾਂ ਘੰਟਾ ਘਰ ਇੱਕ ਪ੍ਰਮੁੱਖ ਆਕਰਸ਼ਣ ਵਜੋਂ ਕੰਮ ਕਰੇਗਾ ਤੇ ਮੋਗਾ ਸ਼ਹਿਰ ਦੀ ਸੁੰਦਰਤਾ ਨੂੰ ਇੱਕ ਨਵੀਂ ਸੁਹਜ ਦਿਸ਼ਾ ਦੇਵੇਗਾ। ਉਨ੍ਹਾਂ ਜਨਤਾ ਨੂੰ ਭਰੋਸਾ ਦਿੱਤਾ ਕਿ ਮੋਗਾ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਗਤੀ ਜਾਂ ਗੁਣਵੱਤਾ ਵਿੱਚ ਕੋਈ ਢਿੱਲ ਨਹੀਂ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਯੋਜਨਾਬੱਧ ਢੰਗ ਨਾਲ ਪੂਰਾ ਕਰ ਰਹੀ ਹੈ। ਰਾਓ ਅੰਬੇਡਕਰ ਭਵਨ ਦੀ ਉਸਾਰੀ ਦਾ ਰਸਮੀ ਤੌਰ 'ਤੇ ਨੀਂਹ ਪੱਥਰ ਰੱਖਣ ਨਾਲ ਹੋ ਗਈ ਹੈ। ਇਹ ਪ੍ਰੋਜੈਕਟ ਛੇ ਮਹੀਨਿਆਂ ਦੇ ਅੰਦਰ ਪੂਰਾ ਹੋਣ ਦੀ ਉਮੀਦ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੋਗਾ ਸ਼ਹਿਰ 'ਚ ਵਿਕਾਸ ਕਾਰਜ ਬਿਨਾਂ ਕਿਸੇ ਭੇਦਭਾਵ ਦੇ ਜਾਰੀ ਹਨ। ਉਨ੍ਹਾਂ ਕਿਹਾ ਕਿ ਜਦੋਂ ਕਿ ਸਮੇਂ ਦੇ ਨਾਲ ਕਈ ਸਰਕਾਰਾਂ ਆਈਆਂ ਅਤੇ ਗਈਆਂ ਹਨ, ਪਹਿਲਾਂ ਕਿਸੇ ਨੇ ਵੀ ਇਸ ਵਾਅਦੇ ਨੂੰ ਪੂਰਾ ਨਹੀਂ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮੋਗਾ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਦਿੱਤੀਆਂ ਹਨ, ਜਿਸ ਦੇ ਨਤੀਜੇ ਵਜੋਂ ਵਿਕਾਸ ਕਾਰਜ

## ਦੁਸ਼ਿਅੰਤ ਚੌਟਾਲਾ ਦੇ ਸਮਰਥਨ 'ਚ ਉਤਰਿਆ 22 ਗਰੁੱਪ

**ਸਿਰਸਾ (ਸੁਰਿੰਦਰਪਾਲ ਸਿੰਘ)** ਸਾਬਕਾ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਦੇ ਸਮਰਥਨ ਵਿੱਚ 22 ਗਰੁੱਪ ਸਾਹਮਣੇ ਆਇਆ ਹੈ। 22 ਗਰੁੱਪ ਦੇ ਵਾਈਸ ਚੇਅਰਮੈਨ ਦਲਬੀਰ ਸਿੰਘ ਧੀਰਾ ਦਾ ਕਹਿਣਾ ਹੈ ਕਿ ਅਸੀਂ ਸਾਬਕਾ ਉਪ ਮੁੱਖ



ਮੰਤਰੀ ਦੁਸ਼ਯੰਤ ਚੌਟਾਲਾ ਨਾਲ ਵਾਪਰੀ ਸਬੰਧਤ ਘਟਨਾ ਦੇ ਵਿਰੋਧ ਵਿੱਚ ਖੁੱਲ੍ਹ ਕੇ ਦੁਸ਼ਿਅੰਤ ਦੇ ਨਾਲ ਖੜੇ ਹਾਂ। ਉਨ੍ਹਾਂ ਹਰਿਆਣਾ 'ਚ ਵਿਗੜ ਰਹੀ ਕਾਨੂੰਨ ਵਿਵਸਥਾ 'ਤੇ ਗੰਭੀਰ ਸਵਾਲ ਖੜੇ ਕੀਤੇ। ਦੁਸ਼ਿਅੰਤ ਨਾਲ ਵਾਪਰੀ ਘਟਨਾ ਨੂੰ ਘੋਰ ਗੁੰਡਾਗਰਦੀ ਦੱਸਦੇ ਦਲਬੀਰ ਸਿੰਘ ਧੀਰਾ ਨੇ ਕਿਹਾ ਕਿ ਜੇਕਰ ਸਾਬਕਾ ਉਪ ਮੁੱਖ ਮੰਤਰੀ ਵਰਗੇ ਵੱਡੇ ਆਗੂ ਵੀ ਸੁਰੱਖਿਅਤ ਨਹੀਂ ਤਾਂ ਆਮ ਲੋਕਾਂ ਦੀ ਸੁਰੱਖਿਆ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ 22 ਗਰੁੱਪ ਦੁਸ਼ਯੰਤ ਚੌਟਾਲਾ ਦੇ ਨਾਲ ਚਟਾਨ ਵਾਂਗ ਖੜ੍ਹਾ ਹੈ। 22 ਗਰੁੱਪ ਦਾ ਕਹਿਣਾ ਹੈ ਕਿ ਇਹ ਮਾਮਲਾ ਲੋਕਤੰਤਰ ਲਈ ਚਿੰਤਾ ਵਿਸ਼ਾ ਨਹੀਂ ਹੈ ਤੇ ਇਸ ਦੇ ਦੋਸ਼ੀ ਪੁਲਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਪਿਸਤੌਲ ਤੇ 6 ਜ਼ਿੰਦਾ ਰੌਂਦ ਸਮੇਤ 3 ਗ੍ਰਿਫ਼ਤਾਰ, ਮੁਕੱਦਮਾ ਦਰਜ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 1 ਪਿਸਟਲ ਸਮੇਤ ਮੈਗਜ਼ੀਨ ਤੇ 6 ਜਿੰਦਾ ਰੌਂਦਾਂ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਰਾਧੇ ਸ਼ਾਮ (ਸੀ.ਆਈ.ਏ. ਫ਼ਾਜ਼ਿਲਕਾ) ਨੇ ਦੱਸਿਆ ਕਿ ਬੀਤੇ ਦਿਨ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਢਾਣੀ ਮਾਘ ਸਿੰਘ ਤੋਂ ਚੱਕ ਬਜੀਦਾ ਤੋਂ 1 ਕਿਲੋਮੀਟਰ ਅੱਗੇ ਨਾਕਾਬੰਦੀ ਕੀਤੀ ਹੋਈ ਸੀ ਤਾਂ 3 ਨੌਜਵਾਨ ਆਉਦੇ ਦਿਖਾਈ ਦਿੱਤੇ, ਜਿਨ੍ਹਾਂ ਨੂੰ ਸ਼ੱਕ ਦੀ ਬਿਨ੍ਹਾ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ 1 ਪਿਸਟਲ ਸਮੇਤ ਮੈਗਜ਼ੀਨ ਅਤੇ 6 ਜ਼ਿੰਦਾ ਰੌਂਦ ਬਰਾਮਦ ਕੀਤੀ ਹੈ। ਪੁਲਸ ਨੇ ਕ੍ਰਾਂਤੀ ਪੁੱਤਰ ਸੁਨੀਲ ਸਿੰਘ ਵਾਸੀ ਚੱਕ ਬਜੀਦਾ, ਗਗਨਦੀਪ ਸਿੰਘ ਉਰਫ ਗੱਗੀ ਪੁੱਤਰ ਗੁਰਜੀਤ ਸਿੰਘ ਵਾਸੀ ਸ਼ੇਰ ਸਿੰਘ ਵਾਲਾ ਗੁਰੂਹਰਸਹਾਏ ਜ਼ਿਲ੍ਹਾ ਫ਼ਿਰੋਜ਼ਪੁਰ ਤੇ ਮਨਪ੍ਰੀਤ ਕੁਮਾਰ ਉਰਫ਼ ਰਾਹੁਲ ਕੁਮਾਰ ਪੁੱਤਰ ਸਵਰਨ ਸਿੰਘ ਵਾਸੀ ਚੱਕ ਸੁਕੜ (ਜਲਾਲਾਬਾਦ) ਨੂੰ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 68 ਮਿਤੀ 21 ਅਪ੍ਰੈਲ 2026 ਧਾਰਾ 25/54/59 ਆਰਮਜ਼ ਐਕਟ 1959 ਅਧੀਨ ਦਰਜ ਕੀਤਾ ਗਿਆ ਹੈ।

## ਭਰਾਜ ਵੱਲੋਂ ਤਿੰਨ ਪਿੰਡਾਂ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ

**ਸੰਗਰੂਰ/ਭਵਾਨੀਗੜ੍ਹ (ਪੱਤਰ ਪ੍ਰੇਰਕ)** ਹਲਕੇ ਦੇ ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਹਲਕੇ ਦੇ ਤਿੰਨ ਪਿੰਡਾਂ ਚੰਨੋ, ਬਾਲਦ ਖੁਰਦ ਤੇ ਰਾਜਪੁਰਾ ਵਿੱਚ ਲਗਭਗ



12 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਾਈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੰਗਰੂਰ ਹਲਕੇ ਨੂੰ ਨਮੂਨੇ ਦਾ ਹਲਕਾ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਪਿੰਡ ਚੰਨੋ ਵਿਖੇ 5 ਲੱਖ ਰੁਪਏ ਦੀ ਲਾਗਤ ਨਾਲ ਐਸ ਸੀ ਭਾਈਚਾਰੇ ਦੀ ਧਰਮਸ਼ਾਲਾ ਦਾ ਨਵੀਨੀਕਰਨ ਕੀਤਾ ਜਾਵੇਗਾ।ਇਸੇ ਤਰ੍ਹਾਂ ਪਿੰਡ ਬਾਲਦ ਖੁਰਦ ਵਿੱਚ ਤਿੰਨ ਕੰਮਾਂ ਦੀ ਸ਼ੁਰੂਆਤ ਕਰਵਾਈ, ਜਿਸ 'ਚ 2 ਲੱਖ ਰੁਪਏ ਚੌਕ ਲਈ, 3 ਲੱਖ ਰੁਪਏ ਸ੍ਰੀ ਰਵਿਦਾਸ ਧਰਮਸਾਲਾ ਤੇ ਵਾਲਮੀਕਿ ਧਰਮਸ਼ਾਲਾ ਦੇ ਨਵੀਨੀਕਰਨ ਲਈ 3 ਲੱਖ ਰੁਪਏ ਖਰਚੇ ਜਾਣਗੇ, ਜਦਕਿ ਪਿੰਡ ਰਾਜਪੁਰਾ ਵਿੱਚ 4 ਲੱਖ ਰੁਪਏ ਦੀ ਲਾਗਤ ਨਾਲ ਐਸ ਸੀ ਧਰਮਸ਼ਾਲਾ ਦੇ ਵਾਧੇ ਅਤੇ ਨਵੀਨੀਕਰਨ ਦੇ ਕੰਮ ਸ਼ੁਰੂ ਕਰਾਏ ਗਏ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਨਾਲ ਪਿੰਡਾਂ ਵਿੱਚ ਸਮਾਜਿਕ ਢਾਂਚੇ ਨੂੰ ਮਜ਼ਬੂਤੀ ਮਿਲੇਗੀ ਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਾਪਤ ਹੋਣਗੀਆਂ। ਵਿਧਾਇਕ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਮਾਵਾਂ-ਧੀਆਂ ਸਤਿਕਾਰ ਯੋਜਨਾ ਲਾਗੂ ਕਰਕੇ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਤੇ ਵਾਅਦੇ ਪੂਰੇ ਕੀਤੇ ਹਨ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਜਨਰਲ ਵਰਗ ਦੀਆਂ ਮਹਿਲਾਵਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਅਤੇ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ ਨਾਲ ਸਬੰਧਤ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਆਰਥਿਕ ਸਹਾਇਤਾ ਦਿੱਤੀ ਜਾ ਰਹੀ ਹੈ।

## ਫਰੀਡਮ ਫਾਈਟਰ ਉਤਰਾਧਿਕਾਰੀ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਦਾ ਵਿਸ਼ੇਸ਼ ਸਨਮਾਨ

**ਨਾਭਾ (ਵਰਿੰਦਰ ਵਰਮਾ)** ਮਿੰਨੀ ਸਕੱਤਰੇਤ ਪਟਿਆਲਾ ਵਿਖੇ ਬਤੌਰ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲਣ ਤੋਂ ਬਾਅਦ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਵਲੋਂ ਵੱਖ ਵੱਖ ਸੰਸਥਾਵਾਂ, ਸਥਾਨਕ ਲੋਕਾਂ, ਜਥੇਬੰਦੀਆਂ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ।ਆਪਣੀਆਂ ਸਮੱਸਿਆਵਾਂ ਨੂੰ ਲੈ ਕੇ ਮਿੰਨੀ ਸਕੱਤਰੇਤ ਵਿਖੇ ਪਹੁੰਚ ਰਹੇ ਲੋਕਾਂ ਨੂੰ ਮਿਲਣ ਲਈ ਟੋਕਨ ਨੰਬਰ ਦੀ ਵਿਵਸਥਾ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ, ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਦੀ ਭਲਾਈ ਲਈ ਜਾਰੀ ਸਨਮਾਨ ਸਹੂਲਤਾਂ ਨੂੰ ਪਰਿਵਾਰਾਂ ਤੱਕ ਪੁਚਾਉਣ ਲਈ ਜ਼ਿਲ੍ਹਾ ਪੱਧਰ ਤੇ ਨੋਡਲ ਅਫ਼ਸਰ ਨਿਯੁਕਤ ਕਰਨ ਦੀ ਤਜਵੀਜ਼ 'ਤੇ ਵਿਚਾਰ ਕਰਨ ਲਈ ਸਹਿਮਤੀ ਪ੍ਰਗਟਾਈ।ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ 234 ਦੀ ਜ਼ਿਲ੍ਹਾ ਇਕਾਈ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਜਾਣੂ ਕਰਾਇਆ।ਜਥੇਬੰਦੀ ਦੇ ਸੂਬਾ ਕਨਵੀਨਰ ਪ੍ਰਕਾਸ਼ ਸਿੰਘ ਧਾਲੀਵਾਲ ਤੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਫਰੀਡਮ ਫਾਈਟਰ ਪਰਵਾਰਾਂ ਦੇ ਮਾਣ-ਸਨਮਾਨ ਨੂੰ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਅੰਦਰ ਜ਼ਮੀਨੀ ਪੱਧਰ 'ਤੇ ਲਾਗੂ ਕਰਾਉਣ ਦੀ ਮੰਗ ਕੀਤੀ। ਜਥੇਬੰਦੀ ਦੇ ਵਫ਼ਦ ਨੇ ਸੁਤੰਤਰਤਾ ਸੰਗਰਾਮੀ ਬੰਤਾ ਸਿੰਘ ਧਾਲੀਵਾਲ ਮਾਰਗ ਪਿੰਡ ਕਲਿਹਾਣਾ-ਰਾਮਗੜ੍ਹ ਸੜਕ ਦੇ ਨਵੀਨੀਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ।ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ ਤੇ ਦਫ਼ਤਰ ਇੰਚਾਰਜ ਕਮਲਦੀਪ ਸਿੰਘ ਗਿੱਲ ਨੇ ਸੁਤੰਤਰਤਾ ਸੰਗਰਾਮੀ ਤੇਜਾ ਸਿੰਘ ਗਿੱਲ ਦੇ ਨਾਂਅ 'ਤੇ ਸਰਕਾਰੀ ਮਾਡਲ ਟਾਊਨ ਸਕੂਲ਼ ਦਾ ਨਾਂਅ ਰੱਖਣ ਦੀ ਪ੍ਰਕਿਰਿਆ ਨੂੰ ਪੂਰਾ ਜਲਦ ਕਰਨ ਅਤੇ ਸੁਤੰਤਰਤਾ ਸੰਗਰਾਮੀ ਹਰਚਰਨ ਸਿੰਘ ਮਾਰਗ ਕੋਹਲੀ ਸਵੀਟਸ ਤ੍ਰਿਪੜੀ ਤੋਂ ਸ਼ਿੱਲ ਰੋਡ ਨੂੰ ਬਣਾਉਣ ਦੀ ਤਜਵੀਜ਼ ਰੱਖੀ।ਡਿਪਟੀ ਕਮਿਸ਼ਨਰ ਪਟਿਆਲਾ ਹਿਮਾਂਸ਼ੂ ਅਗਰਵਾਲ ਨੇ ਫਰੀਡਮ ਫਾਈਟਰ ਪਰਵਾਰਾਂ ਵੱਲੋਂ ਸਨਮਾਨ ਦੇਣ ਲਈ ਧੰਨਵਾਦ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੇਸ਼ ਭਗਤ ਆਜ਼ਾਦੀ ਘੁਲਾਟੀਆਂ ਦੀਆ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਅੰਦਰ ਫਰੀਡਮ ਫਾਈਟਰ ਪਰਿਵਾਰਾਂ ਦੇ ਮਾਣ ਸਨਮਾਨ ਨੂੰ ਯਕੀਨੀ ਬਣਾਇਆ ਜਾਵੇ।ਫਰੀਡਮ ਫਾਈਟਰ ਪਰਿਵਾਰਾਂ ਦੇ ਕੰਮ ਪਹਿਲ ਦੇ ਆਧਾਰ ਤੇ ਹੱਲ ਕੀਤੇ ਜਾਣ।ਉਨ੍ਹਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਗੱਲ ਕੀਤੀ।



## ਜ਼ਿਲ੍ਹੇ ਦੀਆਂ ਦਾਣਾ ਮੰਡੀਆਂ 'ਚੋਂ 2.80 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ : ਡੀ ਸੀ

**ਬੁਢਲਾਡਾ (ਅਸ਼ੋਕ ਲਾਕੜਾ)** ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਦੀਆਂ ਅਨਾਜ ਮੰਡੀਆਂ ਵਿੱਚ ਕੁੱਲ 3 ਲੱਖ 21 ਹਜ਼ਾਰ 689 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ ਵੱਖ-ਵੱਖ ਸਰਕਾਰੀ ਖਰੀਦ ਏਜੰਸੀਆਂ ਵੱਲੋਂ 2 ਲੱਖ 80 ਹਜ਼ਾਰ 431 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।ਡੀਸੀ ਨਵਜੋਤ ਕੌਰ ਨੇ ਦੱਸਿਆ ਕਿ ਖਰੀਦੀ ਗਈ ਕਣਕ 'ਚੋਂ 79 ਹਜ਼ਾਰ 491 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕਰਾਈ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਸਮਾਂ ਸੀਮਾ ਅਨੁਸਾਰ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਜਿਣਸ ਦੀ ਕਿਸਾਨਾਂ ਨੂੰ 528.69 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਾਰਕਫੈੱਡ ਵੱਲੋਂ 78710, ਵੇਅਰ ਹਾਊਸ ਵੱਲੋਂ 41240, ਪਨਗਰੇਨ ਵੱਲੋਂ 96615 ਅਤੇ ਪਨਸਪ ਵੱਲੋਂ 63866 ਮੀਟ੍ਰਿਕ ਟਨ ਕਣਕ ਖਰੀਦੀ ਗਈ।ਉਨ੍ਹਾਂ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਵੀ ਕੀਤੀ ਕਿ ਉਹ ਕੇਵਲ ਸੁੱਕੀ ਕਣਕ ਹੀ ਅਨਾਜ ਮੰਡੀਆਂ ਵਿੱਚ ਲਿਆਉਣ ਤਾਂ ਜੁ ਕਣਕ ਦੀ ਨਾਲੋ ਨਾਲ ਖਰੀਦ ਕੀਤੀ ਜਾ ਸਕੇ।

## ਰਿਧੀਮਾ ਨੌਹਰੀਆ ਤੇ ਪ੍ਰਦੀਪ ਨੌਹਰੀਆ ਪਰਵਾਰ ਨੂੰ ਦਿੱਤੀਆਂ ਵਧਾਈਆਂ

**ਬਾਘਾ ਪੁਰਾਣਾ (ਮਨੀ ਸਿੰਗਲਾ)** ਪ੍ਰਦੀਪ ਨੌਹਰੀਆ ਦੀ ਸਪੁੱਤਰੀ ਬੇਟੀ ਰਿਧੀਮਾ ਨੇ 'ਡਾਕਟਰ ਕਿਚਲੂ ਪਬਲਿਕ ਸੀਨੀਅਰ ਸੈਕੰਡਰੀ ਸਕੂਲ' ਵਿੱਚੋਂ ਸੀਬੀਐਸਈ ਬੋਰਡ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਵਿਚ ਪਹਿਲਾ ਸਥਾਨ ਹਾਸਲ ਕਰਕੇ ਆਪਣੇ



ਮਾਪਿਆਂ, ਸ਼ਹਿਰ ਅਤੇ ਸਮੁੱਚੇ ਅਗਰਵਾਲ ਸਮਾਜ ਦਾ ਨਾਂਅ ਰੋਸ਼ਨ ਕੀਤਾ ਹੈ।ਰਿਧੀਮਾ ਦੀ ਇਸ ਸ਼ਾਨਦਾਰ ਉਪਲਬਧੀ ਨਾਲ ਇਲਾਕੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਤੇ ਹਰ ਪਾਸੇ ਉਸ ਦੀ ਪ੍ਰਸੰਸਾ ਕੀਤੀ ਜਾ ਰਹੀ ਹੈ।ਰਿਧੀਮਾ ਨੇ ਆਪਣੇ ਲਗਨ, ਮਿਹਨਤ ਤੇ ਨਿਰੰਤਰ ਅਧਿਐਨ ਨਾਲ ਇਹ ਮੁਕਾਮ ਹਾਸਲ ਕੀਤਾ ਹੈ।ਉਸ ਦੀ ਸਫ਼ਲਤਾ ਵਿੱਚ ਉਸਦੇ ਮਾਪਿਆਂ ਤੇ ਅਧਿਆਪਕਾਂ ਦੀ ਰਹਿਨੁਮਾਈ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ।ਸਕੂਲ ਦੇ ਅਧਿਆਪਕਾਂ ਨੇ ਵੀ ਉਸਦੀ ਮਿਹਨਤ ਦੀ ਸਰਾਹਨਾ ਕਰਦਿਆਂ ਕਿਹਾ ਕਿ ਰਿਧੀਮਾ ਸ਼ੁਰੂ ਤੋਂ ਹੀ ਹੋਣਹਾਰ ਤੇ ਅਨੁਸ਼ਾਸਤ ਵਿਦਿਆਰਥਣ ਰਹੀ ਹੈ।ਇਸ ਮਾਣਮੱਤੀ ਪ੍ਰਾਪਤੀ ਦੇ ਮੌਕੇ 'ਤੇ ਯੂਥ ਅਗਰਵਾਲ ਸਭਾ ਦੇ ਪ੍ਰਧਾਨ ਅਮਿਤ ਅਗਰਵਾਲ ਤੇ ਚੇਅਰਮੈਨ ਪਵਨ ਗੋਇਲ ਦੀ ਟੀਮ ਵੱਲੋਂ ਇੱਕ ਵਿਸ਼ੇਸ਼ ਸਮਾਗਮ ਦੌਰਾਨ ਰਿਧੀਮਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉਸ ਨੂੰ ਸਨਮਾਨ ਚਿੰਨ੍ਹ ਦੇ ਕੇ ਉਸਦੀ ਹੌਸਲਾ ਅਫ਼ਜ਼ਾਈ ਕੀਤੀ ਗਈ।ਸਭਾ ਦੇ ਮੈਂਬਰਾਂ ਨੇ ਕਿਹਾ ਕਿ ਰਿਧੀਮਾ ਵਰਗੀਆਂ ਹੋਣਹਾਰ ਬੇਟੀਆਂ ਸਮਾਜ ਲਈ ਪ੍ਰੇਰਣਾ ਦਾ ਸਰੋਤ ਹੁੰਦੀਆਂ ਹਨ ਤੇ ਹੋਰ ਬੱਚਿਆਂ ਨੂੰ ਵੀ ਅੱਗੇ ਵਧਣ ਲਈ ਉਤਸ਼ਾਹਤ ਕਰਦੀਆਂ ਹਨ।ਸਭਾ ਦੇ ਪ੍ਰਤੀਨਿਧੀਆਂ ਨੇ ਪ੍ਰਦੀਪ ਨੌਹਰੀਆ ਜੀ ਅਤੇ ਸਮੂਹ ਨੌਹਰੀਆ ਪਰਵਾਰ ਨੂੰ ਇਸ ਵੱਡੀ ਸਫਲਤਾ 'ਤੇ ਦਿਲੋਂ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਉਪਲਬਧੀ ਸਿਰਫ਼ ਇਕ ਪਰਵਾਰ ਹੀ ਨਹੀਂ, ਸਗੋਂ ਪੂਰੇ ਸ਼ਹਿਰ ਤੇ ਅਗਰਵਾਲ ਭਾਈਚਾਰੇ ਲਈ ਮਾਣ ਦੀ ਗੱਲ ਹੈ।

## ਬੇਅਦਬੀ ਖ਼ਿਲਾਫ਼ ਬਣਾਏ ਸਖ਼ਤ ਕਾਨੂੰਨ ਕਰਕੇ ਸਰਕਾਰ ਦੀ ਹੋ ਰਹੀ ਸ਼ਲਾਘਾ : ਕੰਮੇਆਣਾ/ਸ਼ਰਮਾ

**ਕੋਟਕਪੂਰਾ, (ਰਛਪਾਲ ਭੁੱਲਰ)** ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਆਮ ਅਦਾਮੀ ਪਾਰਟੀ ਦੇ ਬਲਾਕ ਪ੍ਰਧਾਨਾ ਸੰਦੀਪ ਸਿੰਘ ਕੰਮੇਆਣਾ ਤੇ ਗੁਰਦੀਪ ਸ਼ਰਮਾ ਨੇ ਦੱਸਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਬੇਅਦਬੀ ਖ਼ਿਲਾਫ਼ ਬਣਾਏ ਸਖ਼ਤ ਕਾਨੂੰਨ ਦੀ ਦੁਨੀਆ ਭਰ ਵਿੱਚ ਵਸਦੇ ਹਰ ਇੱਕ ਪੰਜਾਬੀ ਵੱਲੋਂ ਭਰਪੂਰ ਸ਼ਲਾਘਾ



ਕੀਤੀ ਜਾ ਰਹੀ ਹੈ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ 'ਆਪ' ਲੀਡਰਸ਼ਿਪ ਦਾ ਇਸ ਸਖ਼ਤ ਕਾਨੂੰਨ ਨੂੰ ਬਣਾਉਣ ਲਈ ਧੰਨਵਾਦ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਉੱਤੇ ਵਾਰੋ ਵਾਰੀ ਰਾਜ ਕਰਨ ਵਾਲੀਆਂ ਦੋਵੇਂ ਰਵਾਇਤੀ ਪਾਰਟੀਆਂ ਵੱਲੋਂ ਗੁਰੂ ਸਾਹਿਬ ਜੀ ਦੀ ਸੁਰੱਖਿਆ ਨੂੰ [illegible] ਜਿੱਥੇ ਆਪਣੇ ਕਾਰਜਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਬਜਾਏ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਰੂਪ ਦੀ ਸ਼ਰੇਆਮ ਬੇਅਦਬੀ ਕਰਨ ਵਾਲੇ ਲੋਕਾਂ ਦੀ ਖੁੱਲੇਆਮ ਪੁਸ਼ਤ ਪਨਾਹੀ ਕੀਤੀ ਅਤੇ ਸਤਨਾਮ-ਵਾਹਿਗੁਰੂ ਜੀ ਦਾ ਜਾਪ ਕਰਦੀਆਂ ਸਿੱਖ ਸੰਗਤਾਂ ਉਤੇ ਸ਼ਰੇਆਮ ਗੋਲੀਆਂ ਚਲਵਾਈਆਂ, ਇੱਥੇ ਹੀ ਬਸ ਨਹੀਂ ਇਸ ਅਖੌਤੀ ਪੰਥਕ ਸਰਕਾਰ ਦੇ ਰਾਜ ਵਿੱਚ ਜਿੰਨੀਆਂ ਬੇਅਦਬੀਆਂ ਅਤੇ ਜਿੰਨੀ ਬੇਕਦਰੀ ਸਾਡੇ ਗੁਰੂ ਸਾਹਿਬ ਦੀ ਕੀਤੀ ਤੇ ਕਰਾਈ ਗਈ, ਓਨੀ ਤਾਂ ਮੁਗਲਾਂ ਦੇ ਰਾਜ ਵਿੱਚ ਵੀ ਕਰਨ ਦੀ ਕਿਸੇ ਦੀ ਹਿੰਮਤ ਨਹੀਂ ਪਈ।

## ਮੇਰੇ ਹਲਕੇ ਦੇ ਲੋਕਾਂ ਦਾ ਪਿਆਰ ਹੀ ਮੇਰੀ ਅਸਲ ਤਾਕਤ : ਗੋਲਡੀ

**ਜਲਾਲਾਬਾਦ (ਨਿਸ਼ਾ ਸ਼ਰਮਾ)-** ਹਲਕਾ ਜਲਾਲਾਬਾਦ ਦੇ ਲੋਕਾਂ ਦੀ ਸੇਵਾ ਵਿੱਚ ਲਗਾਤਾਰ ਸਰਗਰਮ ਵਿਧਾਇਕ ਜਗਦੀਪ ਕੰਬੋਜ ਗੋਲਡੀ ਦਾ ਜਨਮ ਦਿਨ ਇਲਾਕੇ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਬੜੇ ਹੀ ਵਿਲੱਖਣ ਅਤੇ ਮਾਨਵਤਾ ਭਰਪੂਰ ਢੰਗ ਨਾਲ ਮਨਾਇਆ ਗਿਆ। ਇਸ ਸ਼ੁੱਭ ਮੌਕੇ ਸਥਾਨਕ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਇੱਕ ਵਿਸ਼ਾਲ ਮੈਡੀਕਲ ਚੈਕਅਪ ਅਤੇ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ 'ਚ ਸਿਹਤ ਸੇਵਾਵਾਂ ਦੇ ਨਾਲ-ਨਾਲ ਲੋੜਵੰਦਾਂ ਦੀ ਮਦਦ ਕਰਕੇ ਵਿਧਾਇਕ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਕੈਂਪ ਦੌਰਾਨ ਸਮਾਜ ਸੇਵੀ ਸੰਸਥਾਵਾਂ ਅਤੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਸਾਂਝੇ ਤੌਰ 'ਤੇ ਕੇਕ ਕੱਟ ਕੇ ਜਨਮ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ। ਇਸ ਮੌਕੇ ਲਗਾਏ ਗਏ ਅੱਖਾਂ ਅਤੇ ਹੱਡ-ਜੋੜਾਂ ਦੇ ਵਿਸ਼ੇਸ਼ ਕੈਂਪ 'ਚ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਬਿਮਾਰੀਆਂ ਨਾਲ ਪੀੜਤ ਲੋਕ ਵੱਡੀ ਗਿਣਤੀ ਵਿੱਚ ਪੁੱਜੇ। ਮਾਹਿਰ ਡਾਕਟਰਾਂ ਦੀਆਂ ਟੀਮਾਂ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੌਕੇ 'ਤੇ ਹੀ ਮੁਫ਼ਤ ਦਵਾਈਆਂ ਅਤੇ ਐਨਕਾਂ ਮੁਹੱਈਆ ਕਰਵਾਈਆਂ ਗਈਆਂ। ਇਸ ਦੇ ਨਾਲ ਹੀ ਨੌਜਵਾਨਾਂ ਨੇ ਖੂਨਦਾਨ ਕੈਂਪ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਵਿਧਾਇਕ ਗੋਲਡੀ ਨੇ ਕਿਹਾ ਕਿ ਮੇਰੇ ਹਲਕੇ ਦੇ ਲੋਕਾਂ ਦਾ ਪਿਆਰ ਹੀ ਮੇਰੀ ਅਸਲ ਤਾਕਤ ਹੈ, ਮੈਨੂੰ ਬੇਹੱਦ ਖੁਸ਼ੀ ਹੈ ਕਿ ਅੱਜ ਪਿੰਡਾਂ ਤੋਂ ਆਏ ਲੋੜਵੰਦ ਪਰਵਾਰਾਂ ਨੂੰ ਇੱਥੇ ਮੁਫ਼ਤ ਇਲਾਜ ਅਤੇ ਦਵਾਈਆਂ ਮਿਲੀਆਂ ਹਨ। ਇਸ ਮੌਕੇ ਸ਼ਹਿਰ ਦੇ ਪਤਵੰਤੇ ਸੱਜਣ, ਰਾਜਨੀਤਿਕ ਆਗੂ ਅਤੇ ਵੱਡੀ ਗਿਣਤੀ 'ਚ ਹਲਕਾ ਨਿਵਾਸੀ ਮੌਜੂਦ ਸਨ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਦੇਵ ਰਾਜ ਸ਼ਰਮਾ, ਆੜ੍ਹਤੀ ਯੂਨੀਅਨ ਦੇ ਪ੍ਰਧਾਨ ਮਨਜੀਤ ਸਿੰਘ ਜੱਜ ਦਰਗਨ, ਬਲਾਕ ਸੰਮਤੀ ਚੇਅਰਮੈਨ ਜਰਨੈਲ ਸਿੰਘ, ਓ.ਬੀ.ਸੀ ਚੇਅਰਮੈਨ ਪੰਜਾਬ ਸੁਖਵਿੰਦਰ ਸਿੰਘ ਕੰਬੋਜ, ਆਪ ਆਗੂ ਅੰਕੁਸ਼ ਮੁਟਨੇਜਾ, ਆਪ ਆਗੂ ਜਰਨੈਲ ਸਿੰਘ ਮੁਖੀਜਾ, ਆਪ ਆਗ ਤਨੂੰ ਵਿੱਜ, ਸਰਪੰਚ ਯੂਨੀਅਨ ਪ੍ਰਧਾਨ ਗਣੇਸ਼ ਸਿੰਘ ਧਰਮੂ ਵਾਲਾ, ਵਿੱਕੀ ਬਹਿਲ ਸਰਪੰਚ, ਸਰਪੰਚ ਅਮਰੀਕ ਸਿੰਘ ਮੌਲਵੀਵਾਲਾ ਹੋਰ ਵੀ ਪਤਵੰਤੇ ਸੱਜਣ ਹਾਜ਼ਰ ਸਨ।

## ਸੈਂਟੀਨਲ ਸਕੂਲ 'ਚ ਕ੍ਰਾਸ ਕੰਟਰੀ ਰੇਸ

**ਸਮਰਾਲਾ, (ਸੁਰਜੀਤ ਸਿੰਘ)-** ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਵਿੱਚ ਅੰਤਰਰਾਸ਼ਟਰੀ ਅਥਲੈਟਿਕਸ ਦਿਵਸ ਦੇ ਮੌਕੇ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਦੀ ਅਗਵਾਈ ਵਿੱਚ ਵਿਦਿਆਰਥੀਆਂ ਦੀ ਸਰੀਰਕ ਤੰਦਰੁਸਤੀ ਅਤੇ ਖੇਡ ਪ੍ਰਤੀ ਰੁਝਾਨ ਵਧਾਉਣ ਲਈ ਮੈਰਾਥਨ



(ਕ੍ਰਾਸ ਕੰਟਰੀ ਰੈਸ) ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਕੂਲ ਦੀ ਸਾਰੀਆਂ ਜਮਾਤਾਂ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਸਕੂਲ ਵੱਲੋਂ ਮੈਰਾਥਨ ਦੌਰਾਨ ਬੱਚਿਆਂ ਲਈ ਐਨਰਜੀ ਡ੍ਰਿੰਕਸ, ਪਾਣੀ ਅਤੇ ਹੋਰ ਜ਼ਰੂਰੀ ਸਹੂਲਤਾਂ ਦਾ ਪੂਰਾ ਧਿਆਨ ਰੱਖਿਆ ਗਿਆ, ਤਾਂ ਜੋ ਉਹ ਆਪਣੀ ਦੌੜ ਨੂੰ ਸੁਚੱਜੇ ਤਰੀਕੇ ਨਾਲ ਪੂਰਾ ਕਰ ਸਕਣ।ਅੰਤ ਵਿੱਚ ਡਾ. ਪੂਨਮ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਉਹਨਾਂ ਨੂੰ ਅੱਗੇ ਵੀ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਅੱਖਾਂ ਦੇ ਕੈਂਪ 'ਚ 300 ਮਰੀਜ਼ਾਂ ਦਾ ਚੈੱਕਅੱਪ

**ਦਿੜ੍ਹਬਾ (ਜਸਵੀਰ ਲਾਡੀ)** ਪਿੰਡ ਛਾਜਲੀ ਵਿਖੇ ਸੋਸ਼ਲ ਯੂਥ ਸਪੋਰਟਸ ਕਲਚਰਲ ਵੈਲਫੇਅਰ ਕਲੱਬ ਵੱਲੋਂ ਗੁਰਦੁਆਰਾ ਸੰਗਤਸਰ ਵਿਖੇ ਅੱਖਾਂ ਦਾ ਤੀਜਾ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਮਹੰਤ ਸ੍ਰੀ ਅਮ੍ਰਿਤ ਬਣ ਵੱਡਾ ਡੇਰਾ ਛਾਜਲੀ ਨੇ ਕੀਤਾ।ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਕੀਤਾ ਜਾ ਰਿਹਾ ਇਹ ਕੰਮ ਸ਼ਲਾਘਾਯੋਗ ਹੈ ਤੇ ਮਨੁੱਖਤਾ ਦੇ ਭਲੇ ਲਈ ਐਸੇ



ਕੈਂਪ ਲੱਗਦੇ ਰਹਿਣੇ ਚਾਹੀਦੇ ਹਨ।ਕੈਂਪ ਵਿੱਚ ਡਾਕਟਰ ਨਿੱਧੀ ਗੁਪਤਾ ਆਈ ਸਰਜਨ ਸੰਗਰੂਰ ਨੇ ਆਪਣੀ ਟੀਮ ਨਾਲ ਵਿਸ਼ੇਸ਼ ਤੌਰ ਤੇ ਹਾਜ਼ਰੀ ਲਵਾਈ ਅਤੇ 300 ਮਰੀਜ਼ਾਂ ਦਾ ਚੈੱਕਅਪ ਕੀਤਾ, ਜਿਨ੍ਹਾਂ 'ਚੋਂ 40 ਮਰੀਜ਼ ਲੈਂਜ਼ ਪਾਉਣ ਦੇ ਯੋਗ ਪਾਏ ਗਏ, ਜਿਨ੍ਹਾਂ ਦੇ ਕਾਮਰੇਡ ਜਗਦੀਸ਼ ਚੰਦਰ ਸਿਵਲ ਹਸਪਤਾਲ ਵਿਖੇ ਲੈਂਜ਼ ਪਾਏ ਗਏ। ਕਲੱਬ ਵੱਲੋਂ ਦਵਾਈਆਂ ਤੇ ਲੈਂਜ਼ ਮੁਫ਼ਤ ਪਾਏ ਗਏ।ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਛਾਜਲੀ ਨੇ ਡਾਕਟਰਾਂ ਦੀ ਟੀਮ, ਪਤਵੰਤੇ ਸੱਜਣ, ਮਰੀਜ਼ਾਂ ਅਤੇ ਉਹਨਾਂ ਦੇ ਨਾਲ ਆਏ ਸਾਰਿਆਂ ਦਾ ਧੰਨਵਾਦ ਕਰਦਿਆ ਕਿਹਾ ਕਿ ਜੇ ਤੁਸੀਂ ਸਾਰੇ ਇਸੇ ਤਰ੍ਹਾਂ ਕਲੱਬ ਦਾ ਸਾਥ ਦਿੰਦੇ ਰਹੇ ਅਸੀਂ ਹਰ ਸਾਲ ਇਸੇ ਤਰ੍ਹਾਂ ਇਹੋ ਜਿਹੇ ਕੈਂਪ ਲਵਾਉਂਦੇ ਰਹਾਂਗੇ।



## ਵਿਸ਼ਵ ਧਰਤੀ ਦਿਵਸ ਮੌਕੇ ਬੂਟੇ ਲਾਉਣ ਦੀ ਸ਼ੁਰੂਆਤ

**ਪਟਿਆਲਾ (ਰਾਜਿੰਦਰ ਸਿੰਘ)** ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਰਤਨ ਸਿੰਘ ਵੱਲੋਂ ਵਿਸ਼ਵ ਧਰਤੀ ਦਿਵਸ ਮੌਕੇ ਵਾਤਾਵਰਨ ਦੀ ਸਾਂਭ-ਸਭਾਲ ਲਈ ਬੂਟੇ ਲਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰੋ1 ਦਲੀਪ ਯੂ.ਕੇ ਵਾਈਸ ਚਾਂਸਲਰ ਨੈਸ਼ਨਲ ਲਾਅ ਯੂਨੀਵਰਸਿਟੀ ਮਹਾਰਾਸ਼ਟਰ, ਮੁੰਬਈ ਉਚੇਚੇ ਤੌਰ 'ਤੇ ਯੂਨੀਵਰਸਿਟੀ ਵਿਖੇ ਪੁਹੰਚੇ ਅਤੇ ਇਸ ਸੁਚੱਜੇ ਕਾਰਜ ਦੀ ਸ਼ੁਰੂਆਤ ਵਿੱਚ ਆਪਣਾ ਵਿਸ਼ੇਸ ਯੋਗਦਾਨ ਪ੍ਰਦਾਨ ਕੀਤਾ। ਮਾਨਯੋਗ ਵਾਈਸ ਚਾਂਸਲਰ ਨੇ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ 'ਮਾਤਾ ਧਰਤਿ ਮਹਤੁ' ਉਪਰ ਚੱਲਦਿਆਂ ਧਰਤੀ ਨੂੰ ਮਾਂ ਦੇ ਸਮਾਨ ਸਤਿਕਾਰ ਲਈ ਪ੍ਰੇਰਿਤ ਕੀਤਾ।ਪ੍ਰੋ. ਰਤਨ ਸਿੰਘ ਨੇ ਵਿਸ਼ੇਸ ਤੌਰ 'ਤੇ ਪਹੁੰਚੇ ਹੋਏ ਪ੍ਰੋ. ਦਲੀਪ ਯੂ.ਕੇ. ਦਾ ਸਨਮਾਨ ਪੰਜਾਬ ਦੀ ਪ੍ਰੰਪਰਾ ਅਨੁਸਾਰ ਕੀਤਾ।

## ਹੁਨਰਮੰਦ ਕਾਮਿਆਂ ਦੀ ਘਾਟ ਤੇ ਸਿਖਲਾਈ ਕੰਬਾਈਨ ਉਦਯੋਗ ਨੂੰ ਪ੍ਰਭਾਵਤ ਕਰ ਰਹੀ : ਕੈਂਥ

**ਨਾਭਾ (ਵਰਿੰਦਰ ਵਰਮਾ)-** ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਕੰਬਾਈਨ ਹਾਰਵੈਸਟਰ ਉਦਯੋਗ ਇਸ ਸਮੇਂ ਗੰਭੀਰ ਢਾਂਚਾਗਤ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਦਾ ਉਦਯੋਗ ਅਤੇ ਕਿਸਾਨਾਂ ਦੋਵਾਂ 'ਤੇ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵੱਖ-ਵੱਖ ਕੰਬਾਈਨ ਹਾਰਵੈਸਟਰ ਉਦਯੋਗਾਂ ਦਾ ਸਰਵੇਖਣ ਕੀਤਾ, ਜਿਸ ਤੋਂ ਪਤਾ ਲੱਗਾ ਕਿ ਇਹ ਖੇਤਰ ਇਸ ਸਮੇਂ ਡੂੰਘੇ ਸੰਕਟ ਵਿੱਚੋਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਮਾਮਲੇ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਅਤੇ ਉਦਯੋਗ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਵਾਲੇ ਉਪਾਵਾਂ ਵੱਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹੁਨਰਮੰਦ ਕਾਮਿਆਂ ਦੀ ਘਾਟ, ਕੰਬਾਈਨ ਡਰਾਈਵਿੰਗ ਸਿਖਲਾਈ ਕੇਂਦਰਾਂ ਦੀ ਅਣਹੋਂਦ, ਆਈ.ਟੀ.ਆਈ. ਵਿੱਚ ਸੰਬੰਧਤ ਵਪਾਰਾਂ ਦੀ ਘਾਟ ਅਤੇ ਮਾੜਾ ਅੰਤਰ-ਵਿਭਾਗੀ ਤਾਲਮੇਲ ਜ਼ਮੀਨੀ ਪੱਧਰ 'ਤੇ ਮਹੱਤਵਪੂਰਨ ਮੁੱਦੇ ਪੈਦਾ ਕਰ ਰਿਹਾ ਹੈ। ਟਰਾਂਸਪੋਰਟ ਵਿਭਾਗ ਵੱਲੋਂ ਸਪੱਸ਼ਟ ਨਿਯਮਾਂ ਦੀ ਅਣਹੋਂਦ ਵੀ ਕੰਬਾਈਨ ਹਾਰਵੈਸਟਰਾਂ ਦੀ ਅੰਤਰ-ਰਾਜੀ ਆਵਾਜਾਈ ਵਿੱਚ ਬੇਲੋੜੀਆਂ ਰੁਕਾਵਟਾਂ ਪੈਦਾ ਕਰ ਰਹੀ ਹੈ। ਕੈਂਥ ਨੇ ਅੱਗੇ ਕਿਹਾ ਕਿ ਜੀ ਐਸ ਟੀ ਅਤੇ ਆਮਦਨ ਟੈਕਸ ਨਾਲ ਸਬੰਧਤ ਜਟਿਲਤਾਵਾਂ, ਇਨਪੁੱਟ ਟੈਕਸ ਕ੍ਰੈਡਿਟ ਵਿੱਚ ਦੇਰੀ ਅਤੇ ਇੱਕ ਅਸਮਾਨ ਟੈਕਸ ਢਾਂਚੇ ਨੇ ਛੋਟੇ ਅਤੇ ਦਰਮਿਆਨੇ ਨਿਰਮਾਤਾਵਾਂ 'ਤੇ ਵਾਧੂ ਵਿੱਤੀ ਬੋਝ ਪਾਇਆ ਹੈ। ਕੱਚੇ ਮਾਲ ਦੀ ਵਧਦੀ ਲਾਗਤ ਅਤੇ ਨਿਰਮਾਣ ਖੇਤਰ ਵਿੱਚ ਵਿੱਤ ਤੱਕ ਸੀਮਤ ਪਹੁੰਚ ਉਦਯੋਗ ਦੇ ਵਿਕਾਸ ਨੂੰ ਹੋਰ ਵੀ ਹੌਲੀ ਕਰ ਰਹੀ ਹੈ।ਉਨ੍ਹਾਂ ਕੇਂਦਰ ਅਤੇ ਰਾਜ ਸਰਕਾਰਾਂ ਦੋਵਾਂ ਨੂੰ ਇੱਕ ਸਮਾਨ ਨੀਤੀ ਢਾਂਚਾ ਲਾਗੂ ਕਰਨ ਦੀ ਅਪੀਲ ਕੀਤੀ, ਜਿਸ ਵਿੱਚ ਇੱਕ ਦੇਸ਼ ਵਿਆਪੀ ਏਕੀਕ੍ਰਿਤ ਰਜਿਸਟ੍ਰੇਸ਼ਨ ਪ੍ਰਣਾਲੀ, ਆਵਾਜਾਈ ਨਿਯਮਾਂ ਵਿੱਚ ਸਪੱਸ਼ਟਤਾ, ਢਾਂਚਾਗਤ ਹੁਨਰ ਵਿਕਾਸ ਵਿਧੀਆਂ ਅਤੇ ਟੈਕਸ ਸੁਧਾਰ ਸ਼ਾਮਲ ਹਨ। ਭਾਜਪਾ ਨੇਤਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਉਪਾਅ ਨਾ ਸਿਰਫ਼ ਉਦਯੋਗ ਨੂੰ ਸਥਿਰ ਕਰਨਗੇ, ਸਗੋਂ ਕਿਸਾਨਾਂ ਦੀ ਉਤਪਾਦਕਤਾ ਵਿੱਚ ਵੀ ਵਾਧਾ ਕਰਨਗੇ ਅਤੇ ਦੇਸ਼ ਦੀ ਖੇਤੀਬਾੜੀ ਆਰਥਿਕਤਾ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਯੋਗਦਾਨ ਪਾਉਣਗੇ।

## ਸੇਂਟ ਜ਼ੇਵੀਅਰ ਇੰਟਰਨੈਸ਼ਨਲ ਸਕੂਲ ਅਤਾਲਾਂ 'ਚ ਵਿਸ਼ਵ ਧਰਤੀ ਦਿਵਸ ਮਨਾਇਆ

**ਸਮਾਣਾ (ਗੁਰਪਿਆਰ ਸਿੰਘ ਬੱਲ)** ਸੇਂਟ ਜ਼ੇਵੀਅਰ ਇੰਟਰਨੈਸ਼ਨਲ ਸਕੂਲ, ਪਿੰਡ ਅਤਾਲਾਂ ਵਿਖੇ ਵਿਸ਼ਵ ਧਰਤੀ ਦਿਵਸ ਬੜੀ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਦਾ ਮੁੱਖ



ਉਦੇਸ਼ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕ ਕਰਨਾ ਸੀ।ਸਕੂਲ ਦੇ ਡਾਇਰੈਕਟਰ ਸ੍ਰੀ ਅਰਨਬ ਸਰਕਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਧਰਤੀ ਦਿਵਸ ਦੀ ਮਹੱਤਤਾ ਬਾਰੇ ਦੱਸਿਆ।ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਧਰਤੀ ਸਾਡੀ ਮਾਂ ਹੈ ਤੇ ਇਸ ਦੀ ਰੱਖਿਆ ਕਰਨਾ ਸਾਡਾ ਸਭ ਦਾ ਮੁੱਢਲਾ ਫ਼ਰਜ਼ ਹੈ।ਉਨ੍ਹਾਂ ਨੇ ਵੱਧ ਤੋਂ ਵੱਧ ਰੁੱਖ ਲਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਅਸੀਂ ਅੱਜ ਪੌਦੇ ਲਾਵਾਂਗੇ ਤਾਂ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸੁਰੱਖਿਅਤ ਰਹਿ ਸਕਣਗੀਆਂ।ਇਸੇ ਦੌਰਾਨ ਵਿਕਾਸ ਸਿੰਘਾ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਤੇ ਉਨ੍ਹਾਂ ਨੂੰ ਕੁਦਰਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸਮਾਗਮ ਵਿੱਚ ਐਸ.ਡੀ.ਐਮ. ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਵਿੱਚ ਨਵਾਂ ਜੋਸ਼ ਭਰਿਆ।ਐਸ.ਡੀ.ਐਮ. ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਧਰਤੀ ਨੂੰ ਹਰਾ-ਭਰਾ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ।ਰੁੱਖ ਲਾਉਣ ਦੇ ਨਾਲ-ਨਾਲ ਉਨ੍ਹਾਂ ਨੇ ਪਾਣੀ ਦੀ ਬੱਚਤ ਕਰਨ ਬਾਰੇ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।

## ਨਸ਼ਿਆਂ ਖ਼ਿਲਾਫ਼ ਲੜਾਈ ਹਰ ਜ਼ਿੰਮੇਵਾਰ ਨਾਗਰਿਕ ਦੀ ਸਾਂਝੀ : ਪ੍ਰਿੰ. ਇੰਦਰਜੀਤ ਕੌਰ



**ਲੁਧਿਆਣਾ (ਰਾਜ ਸਿੰਗਲਾ)** ਸੀ.ਟੀ. ਯੂਨੀਵਰਸਿਟੀ ਵੱਲੋਂ ਵੱਲੋਂ ਆਯੋਜਤ ਯੂਥ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਇੱਕ ਮਹੱਤਵਪੂਰਨ ਮੀਟਿੰਗ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਿੰਸੀਪਲ ਇੰਦਰਜੀਤ ਕੌਰ ਵੱਲੋਂ ਸ਼ਿਰਕਤ ਕੀਤੀ ਗਈ। ਸਮਾਗਮ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਖ਼ਤਰਨਾਕ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਤੇ ਸਮਾਜ ਨੂੰ ਸੁਰੱਖਿਅਤ ਅਤੇ ਸਿਹਤਮੰਦ ਬਣਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਸਿਰਫ਼ ਸਰਕਾਰ ਜਾਂ ਸੰਸਥਾਵਾਂ ਦੀ ਨਹੀਂ, ਸਗੋਂ ਹਰ ਇੱਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ।ਸਾਨੂੰ ਆਪਣੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣੀ ਹੋਵੇਗੀ ਤਾਂ ਜੁ ਉਹ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾ ਸਕਣ।

## ਅਲਾਇੰਸ ਇੰਟਰਨੈਸ਼ਨਲ ਸਕੂਲ 'ਚ ਧਰਤੀ ਦਿਵਸ ਮਨਾਇਆ

**ਜੈਤੋ (ਸਤੀਸ਼ ਕੁਮਾਰ ਭੀਰੀ)-** ਅਲਾਇੰਸ ਇੰਟਰਨੈਸ਼ਨਲ ਸਕੂਲ ਜੈਤੋ ਵਿੱਚ ਵਿਸ਼ਵ ਧਰਤੀ ਦਿਵਸ 'ਤੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕਰਦੇ ਹੋਏ ਬਹੁਤ ਹੀ ਗੰਭੀਰਤਾ



ਨਾਲ ਮਨਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਧਰਤੀ ਨਾਲ ਸਬੰਧਤ ਭਾਸ਼ਣ ਦਿੱਤੇ ਅਤੇ ਬੱਚਿਆਂ ਦੀ ਕਲਾ ਦਾ ਨਾਟਕ ਰਾਹੀਂ ਪ੍ਰਦਰਸ਼ਨ ਕਰਕੇ ਜਾਗਰੂਕ ਹੋਣ ਦਾ ਸੰਦੇਸ਼ ਦਿੱਤਾ। ਇਸ ਪ੍ਰੋਗਰਾਮ ਵਿੱਚ ਸਾਰੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ। ਸਕੂਲ ਦੀ ਮੁੱਖ ਅਧਿਆਪਕਾ ਗੁਰਸੇਵਕ ਮਾਨ ਨੇ ਵਿਦਿਆਰਥੀਆਂ ਨੂੰ ਵਧ ਰਹੇ ਅਸੰਤੁਲਨ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।

## ਲਾਲ ਝੰਡਾ ਮਿੱਡ ਡੇਅ ਮੀਲ ਵਰਕਰ ਯੂਨੀਅਨ ਦਾ ਵਫ਼ਦ ਵਿੱਤ ਮੰਤਰੀ ਨੂੰ ਮਿਲਿਆ

**ਸੰਗਰੂਰ (ਪ੍ਰਵੀਨ ਸਿੰਘ)** ਝੰਡਾ ਮਿੱਡ ਡੇਅ ਮੀਲ ਵਰਕਰ ਯੂਨੀਅਨ (ਸੀਟੂ) ਦੀ ਇੱਕ ਮੀਟਿੰਗ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਚੰਡੀਗੜ੍ਹ ਵਿਖੇ ਹੋਈ।ਇਸ ਮੌਕੇ ਸੀਟੂ ਦੇ ਆਲ ਇੰਡੀਆ ਮੀਤ ਪ੍ਰਧਾਨ ਊਸ਼ਾ ਰਾਣੀ, ਸੂਬਾ ਮੀਤ



ਪ੍ਰਧਾਨ ਕਾਮਰੇਡ ਦੇਵ ਰਾਜ ਵਰਮਾ, ਮਿੱਡ ਡੇਅ ਮੀਲ ਵਰਕਰ ਯੂਨੀਅਨ ਦੇ ਸੂਬਾਈ ਪ੍ਰਧਾਨ ਜਸਮੇਲ ਕੌਰ, ਭੱਠਾ ਵਰਕਰ ਯੂਨੀਅਨ ਦੇ ਪ੍ਰਧਾਨ ਮੱਖਣ ਜਖੇਪਲ ਤੇ ਨਿਰਮਲ ਕੌਰ ਮੌਜੂਦ ਸਨ।ਸੀਟੂ ਆਗੂਆਂ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਮਿੱਡ ਡੇਅ ਮੀਲ ਵਰਕਰਾਂ ਆਪਣੇ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰ ਰਹੀਆਂ ਹਨ।ਭਾਵੇਂ ਪਹਿਲਾਂ ਵੀ ਕਈ ਵਾਰ ਮੀਟਿੰਗਾਂ ਰੱਖੀਆਂ, ਪਰ ਕੈਂਸਲ ਹੁੰਦੀਆਂ ਰਹੀਆਂ ਤੇ ਨਾ ਹੀ ਮਸਲੇ ਹੱਲ ਹੋਏ।ਅੱਜ ਦੀ ਮੀਟਿੰਗ ਬਹੁਤ ਹੀ ਸੁਖਾਵੇ ਮਾਹੌਲ 'ਚ ਹੋਈ ਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਖੁਦ ਮਿੱਡ ਡੇਅ ਮੀਲ ਵਰਕਰਾਂ ਦੀਆਂ ਸਮੱਸਿਆਵਾਂ ਨੂੰ ਜਾਣਿਆ ਤੇ ਜਲਦੀ ਹੀ ਇਨ੍ਹਾਂ ਦੇ ਠੋਸ ਹੱਲ ਲਈ ਵਿਸ਼ਵਾਸ ਦਿਵਾਇਆ। ਉਨ੍ਹਾਂ ਕਿਹਾ ਮਿੱਡ ਡੇ ਮੀਲ ਵਰਕਰਾਂ ਦਾ ਹੁਣ ਐਕਸੀਡੈਂਟਲ ਬੀਮਾ 16 ਲੱਖ ਦਾ ਕਰ ਦਿੱਤਾ ਗਿਆ ਹੈ।ਵਰਕਰਾਂ ਦੇ ਮਾਣਭੱਤੇ 'ਚ ਇਕ ਹਜਾਰ ਦਾ ਵਾਧਾ ਕਰਨ ਵਾਲੀ ਫਾਈਲ ਵਿਚਾਰ ਅਧੀਨ ਹੈ।ਹਰੇਕ ਵਰਕਰ ਨੂੰ ਵਰਦੀ ਲਈ ਇੱਕ ਹਜ਼ਾਰ ਰੁਪਏ ਸਾਲਾਨਾ ਦਿੱਤੇ ਜਾਣਗੇ।ਆਗੂਆਂ ਨੇ ਦੱਸਿਆ ਕਿ ਮੰਤਰੀ ਸਾਹਿਬ ਨੇ ਇਹ ਵੀ ਕਿਹਾ ਕਿ 250 ਜਾਂ ਇਸ ਤੋਂ ਘੱਟ ਬੱਚਿਆਂ ਵਾਲੇ ਸਕੂਲ ਵਿਚ ਕਿਸੇ ਵੀ ਮਿੱਡ ਡੇ ਮੀਲ ਵਰਕਰ ਨੂੰ ਹਟਾਇਆ ਨਹੀਂ ਜਾਵੇਗਾ, ਜਿਸ ਕੇਂਦਰ 'ਤੇ ਬੱਚਿਆਂ ਦੀ ਗਿਣਤੀ 100 ਤੋਂ ਵੀ ਘੱਟ ਹੈ, ਉਥੇ ਸਫਾਈ ਸੇਵਕ ਆਪਣੀ ਡਿਊਟੀ ਨਿਭਾਉਣਗੇ।ਇਸ ਤੋਂ ਇਲਾਵਾ ਹੋਰ ਵੀ ਮੰਗਾਂ ਸਨ ਜਿਨ੍ਹਾਂ ਦੇ ਜਲਦੀ ਪੂਰਾ ਕਰਨ ਦਾ ਮੰਤਰੀ ਸਾਹਿਬ ਵਲੋਂ ਭਰੋਸਾ ਦਿੱਤਾ ਗਿਆ ਹੈ।ਸੀਟੂ ਦੀ ਆਲ ਇੰਡੀਆ ਮੀਤ ਪ੍ਰਧਾਨ ਊਸ਼ਾ ਰਾਣੀ, ਦੇਵ ਰਾਜ ਵਰਮਾ ਤੇ ਜਸਮੇਲ ਕੌਰ ਨੇ ਕਿਹਾ ਕਿ ਸਾਨੂੰ ਉਮੀਦ ਹੈ ਸਰਕਾਰ ਸਾਡੀਆਂ ਇਨ੍ਹਾਂ ਮੰਨੀਆਂ ਮੰਗਾਂ ਨੂੰ ਜਲਦੀ ਲਾਗੂ ਕਰੇਗੀ।

## ਅੱਗ ਨੂੰ ਬੁਝਾਉਣ ਸਮੇਂ ਮਾਰੇ ਗਏ ਕਿਸਾਨ ਦੇ ਘਰ ਪੁੱਜੇ ਜਗਜੀਤ ਸਿੰਘ ਡੱਲੇਵਾਲ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-** ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਭਾਰਤ ਦੇ ਕੌਮੀ ਕਨਵੀਨਰ ਅਤੇ ਬੀਕੇਯੂ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਿਜਲੀ ਬੋਰਡ ਦੀ ਅਣਗਹਿਲੀ ਨਾਲ ਕਣਕ ਦੀ ਫਸਲ ਨੂੰ ਲੱਗੀ ਅੱਗ ਨੂੰ ਬੁਝਾਉਣ ਸਮੇਂ ਹਾਰਟ ਅਟੈਕ ਨਾਲ ਮਰੇ ਪਿੰਡ ਸਲਾਣਾ ਬੇਟ ਦੇ ਕਿਸਾਨ ਮਨਦੀਪ ਸਿੰਘ ਅਤੇ ਬਿਜਲੀ ਬੋਰਡ ਦੀ ਅਣਗਹਿਲੀ ਨਾਲ ਹੀ ਮੱਚੀ ਕਣਕ ਦੇ ਪੀੜਤ ਪਿੰਡ ਨੀਲੋਂ ਕਲਾਂ ਦੇ ਕਿਸਾਨ ਕੁਲਵਿੰਦਰ ਸਿੰਘ ਦੇ ਘਰ ਅਫਸੋਸ ਕਰਨ ਲਈ ਪੁੱਜੇ ਅਤੇ ਪੀੜਤ ਪਰਵਾਰਾਂ ਨੂੰ ਇਨਸਾਫ ਦਿਵਾਉਣ ਲਈ ਹਰ ਇੱਕ ਸੰਘਰਸ਼ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ। ਜਗਜੀਤ ਸਿੰਘ ਡੱਲੇਵਾਲ ਨੇ ਗੰਭੀਰ ਨੋਟਿਸ ਲੈਂਦਿਆਂ ਹੋਇਆਂ ਕਿਹਾ ਕਿ ਬਿਜਲੀ ਬੋਰਡ ਦੀ ਅਣਗਹਿਲੀ ਦਾ ਸ਼ਿਕਾਰ ਹੋ ਕੇ ਜਾਨ ਗਵਾਉਣ ਵਾਲੇ ਨੌਜਵਾਨ ਕਿਸਾਨ ਮਨਦੀਪ ਸਿੰਘ ਦੀ ਮੌਤ ਹੋਈ ਨੂੰ ਦੋ ਦਿਨ ਬੀਤ ਚੁੱਕੇ ਹਨ ਪ੍ਰੰਤੂ ਕਿਸਾਨ ਦੀ ਮੌਤ ਲਈ ਜ਼ਿੰਮੇਵਾਰ ਬਿਜਲੀ ਬੋਰਡ ਹੈ ਜਿਸ ਦੇ ਕਾਰਨ ਹੀ ਕਣਕ ਦੀ ਫਸਲ ਨੂੰ ਅੱਗ ਲੱਗੀ ਹੈ ਉਸ ਦੇ ਵਿਰੁੱਧ ਪੰਜਾਬ ਪੁਲਸ ਵੱਲੋਂ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਝੋਨੇ ਦੇ ਸੀਜ਼ਨ ਵਿੱਚ ਇਹ ਹੀ ਧਾੜਵੀਆਂ ਦੀਆਂ ਡਾਰਾਂ ਕਿਸਾਨਾਂ ਦੇ ਖੇਤਾਂ ਵਿੱਚ ਪੰਜ ਮਿੰਟ ਤੋਂ ਪਹਿਲਾਂ ਕਿਸਾਨ ਉੱਪਰ ਮੁਕੱਦਮਾ ਦਰਜ ਕਰਨ ਅਤੇ ਕਿਸਾਨ ਦੀ ਜ਼ਮੀਨ ਦੀ ਫਰਦ ਵਿੱਚ ਰੈਡ ਐਂਟਰੀਆਂ ਕਰਨ ਲਈ ਪੁੱਜ ਜਾਂਦੀਆਂ ਹਨ ਅਤੇ ਸਰਕਾਰੀ ਸੈਟੇਲਾਈਟ ਪੰਜ ਮਿੰਟ ਵਿੱਚ ਹੀ ਕਿਸਾਨਾਂ ਦੇ ਖੇਤਾਂ ਦੀਆਂ ਲੋਕੇਸ਼ਨਾਂ ਦੱਸ ਦਿੰਦੇ ਹਨ ਪ੍ਰੰਤੂ ਹੁਣ ਸਰਕਾਰ ਦੇ ਆਪਣੇ ਮਹਿਕਮੇ ਬਿਜਲੀ ਬੋਰਡ ਦੀ ਅਣਗਹਿਲੀ ਕਾਰਨ ਲੱਗੀ ਹੋਈ ਅੱਗ ਵਾਲੇ ਖੇਤ ਨਾ ਤਾਂ ਕਿਸੇ ਸਰਕਾਰੀ ਸੈਟਲਾਈਟ ਨੂੰ ਦਿਖਾਈ ਦਿੱਤੇ ਅਤੇ ਨਾ ਹੀ ਕਿਸੇ ਸਰਕਾਰੀ ਅਫਸਰ ਨੂੰ ਕਿਸਾਨ ਦੀ ਮੱਚ ਰਹੀ ਕਣਕ ਦੀ ਫਸਲ ਦਿਖਾਈ ਦਿੱਤੀ ਅਤੇ ਨਾ ਹੀ ਛੋਟੇ ਛੋਟੇ ਬੱਚਿਆਂ ਦਾ ਉਹ ਬਾਪ ਦਿਖਾਈ ਦਿੱਤਾ ਹੈ ਜੋ ਆਪਣੀ ਕਣਕ ਦੀ ਫਸਲ ਨੂੰ ਅੱਗ ਤੋਂ ਬਚਾਉਣ ਸਮੇਂ ਇਸ ਦੁਨੀਆ ਤੋਂ ਰੁਖਸਤ ਹੋ ਗਿਆ ਹੈ ਅਤੇ ਜਿਸ ਦੀ ਮ੍ਰਿਤਕ ਦੇਹ ਨੂੰ ਵੀ ਦੋ ਦਿਨ ਘਰ ਵਿੱਚ ਪਈ ਨੂੰ ਹੋ ਗਏ ਹਨ। ਡੱਲੇਵਾਲ ਨੇ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ



ਕਿ ਸਰਕਾਰ ਤੁਰੰਤ ਬਿਜਲੀ ਬੋਰਡ ਦੀ ਅਣਗਹਿਲੀ ਕਾਰਨ ਸੜੀ ਕਣਕ ਦਾ ਮੁਆਵਜ਼ਾ ਪੀੜਤ ਕਿਸਾਨਾਂ ਨੂੰ ਦੇਵੇ ਅਤੇ ਸਰਕਾਰੀ ਮਹਿਕਮੇ ਦੀ ਅਣਗਹਿਲੀ ਕਾਰਨ ਆਪਣੀ ਜਾਨ ਗੁਆਉਣ ਵਾਲੇ ਮਨਦੀਪ ਸਿੰਘ ਦੇ ਪਰਵਾਰ ਨੂੰ ਇਨਸਾਫ ਦਿੰਦੇ ਹੋਏ ਮਾਲੀ ਸਹਾਇਤਾ ਅਤੇ ਮਨਦੀਪ ਸਿੰਘ ਦੇ ਪਿੱਛੇ ਪਰਵਾਰ ਵਿੱਚ ਰਹਿ ਗਈ ਉਸ ਦੀ ਪਤਨੀ ਨੂੰ ਆਪਣੇ ਦੋ ਛੋਟੇ ਬੱਚਿਆਂ ਨਾਲ ਜ਼ਿੰਦਗੀ ਦਾ ਗੁਜ਼ਾਰਾ ਕਰਨ ਲਈ ਨੌਕਰੀ ਦੇਵੇ। ਇਸ ਮੌਕੇ ਜਸਵੀਰ ਸਿੰਘ ਸਿੱਧੂਪੁਰ, ਸੁਪਿੰਦਰ ਸਿੰਘ ਬੱਗਾ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਅਵਤਾਰ ਸਿੰਘ, ਮਲਕੀਤ ਘੁਲਾਲ, ਮਲਕੀਤ ਪੂੰਨੀਆਂ, ਰਜਵੰਤ ਸਿੰਘ ਗਿੱਲ, ਹਰਦੀਪ ਰਾਣਵਾਂ, ਕੁਲਦੀਪ ਸਿੰਘ, ਸਤਨਾਮ ਸਿੰਘ, ਨਾਹਰ ਸਿੰਘ, ਕਸ਼ਮੀਰਾ ਸਿੰਘ, ਹਰਵਿੰਦਰ ਬੱਗਾ, ਅਵਤਾਰ ਗਿੱਲ, ਪਾਲੀ ਗਰੇਵਾਲ ਆਦਿ ਕਿਸਾਨ ਆਗੂ ਹਾਜ਼ਰ ਸਨ।

## ਸਰਕਾਰੀ ਸੈਕੰਡਰੀ ਸਕੂਲ ਧਰਮਪੁਰਾ 'ਚ ਆਧੁਨਿਕ ਕਲਾਸ ਰੂਮ ਦਾ ਉਦਘਾਟਨ

**ਬੁਢਲਾਡਾ (ਅਸ਼ੋਕ ਲਾਕੜਾ)** ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਨਵੀਨਤਾ ਤੇ ਆਧੁਨਿਕਤਾ



ਵੱਲ ਲਿਜਾਣ ਦਾ ਨਿਵੇਕਲਾ ਉਪਰਾਲਾ ਹੈ।ਸਰਕਾਰ ਦਾ ਟੀਚਾ ਸਿਰਫ਼ ਢਾਂਚਾਗਤ ਸੁਧਾਰ ਨਹੀਂ, ਸਗੋਂ ਸਿੱਖਿਆ ਦੀ ਗੁਣਵੱਤਾ ਵਿੱਚ ਤਬਦੀਲੀ ਲਿਆਉਣਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਸਰਕਾਰੀ ਸੈਕੰਡਰੀ ਸਕੂਲ ਧਰਮਪੁਰਾ ਵਿਖੇ 9 ਲੱਖ 55 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਆਧੁਨਿਕ ਕਲਾਸ ਰੂਮ ਦਾ ਉਦਘਾਟਨ ਕਰਨ ਮੌਕੇ ਕੀਤਾ। ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਬੱਚੇ ਹੀ ਦੇਸ਼ ਦਾ ਭਵਿੱਖ ਹੁੰਦੇ ਨੇ। ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਆਧੁਨਿਕ ਸਿੱਖਿਆ ਦੇਣਾ ਬਹੁਤ ਜ਼ਰੂਰੀ ਹੈ।ਪੰਜਾਬ ਸਰਕਾਰ ਦਾ ਸਿੱਖਿਆ ਦੇ ਖੇਤਰ ਵਿੱਚ ਇਹ ਨਿਵੇਕਲਾ ਕਦਮ ਨਾ ਸਿਰਫ਼ ਸਿੱਖਿਆ ਪ੍ਰਣਾਲੀ ਨੂੰ ਨਵੀਂ ਦਿਸ਼ਾ ਦੇ ਰਿਹਾ ਹੈ, ਸਗੋਂ ਪੰਜਾਬ ਦੇ ਹਰ ਬੱਚੇ ਲਈ ਚੰਗੇ ਭਵਿੱਖ ਦੇ ਦਰਵਾਜ਼ੇ ਵੀ ਖੋਲ੍ਹ ਰਿਹਾ ਹੈ।

## 'ਮਾਨ ਸਰਕਾਰ ਅਦਾਲਤ ਦਾ ਫੈਸਲਾ ਸਹੀ ਦਿਸ਼ਾ 'ਚ ਤੁਰੰਤ ਲਾਗੂ ਕਰੇ'

**ਲੁਧਿਆਣਾ (ਰੈਕਟਰ ਕਥੂਰੀਆ)** ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ 8 ਅਪ੍ਰੈਲ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਡੀ ਏ ਦੇਣ ਸਬੰਧੀ ਦਿੱਤੇ ਗਏ ਇਤਿਹਾਸਕ ਫ਼ੈਸਲੇ ਦਾ ਵੱਖ ਵੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਪੁਰਜ਼ੋਰ ਸਵਾਗਤ ਕਰਦੇ ਹੋਏ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਦਾਲਤ ਦਾ ਫੈਸਲਾ ਤੁਰੰਤ ਸਹੀ ਦਿਸ਼ਾ ਵਿੱਚ ਲਾਗੂ ਕੀਤਾ ਜਾਵੇ।ਇਹ ਮੰਗ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ1680 ਸੈਕਟਰ 22ਬੀ, ਚੰਡੀਗੜ੍ਹ ਦੀ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਵੱਖ ਵੱਖ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂਆਂ ਦੀ ਹੋਈ ਮੀਟਿੰਗ ਦੌਰਾਨ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਸਰਪ੍ਰਸਤ ਚਰਨ ਸਿੰਘ ਸਰਾਭਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਗੁਰਮੇਲ ਸਿੰਘ ਮੈਲਡੇ, ਸੂਬਾਈ ਆਗੂ ਸੁਖਦੇਵ ਸਿੰਘ ਸੁਰਤਾਪੁਰੀ, ਰਣਦੀਪ ਸਿੰਘ ਫ਼ਤਿਹਗੜ੍ਹ ਸਾਹਿਬ, ਮਨਜੀਤ ਸਿੰਘ ਗਿੱਲ, ਸੰਜੀਵ ਕੁਮਾਰ ਲੁਧਿਆਣਾ, ਜਗਮੇਲ ਸਿੰਘ ਪੱਖੋਵਾਲ, ਮੇਲਾ ਸਿੰਘ ਪੁੰਨਾਂਵਾਲ ਨੇ ਅਦਾਲਤ ਵੱਲੋਂ ਸਾਰੇ ਨੁਕਤਿਆਂ ਨੂੰ ਵਿਚਾਰਨ ਉਪਰੰਤ ਫੈਸਲਾ ਦਿੱਤਾ ਹੈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਿਲਣ ਵਾਲਾ ਡੀ ਏ ਕੋਈ ਤੋਹਫਾ ਜਾਂ ਦਾਨ ਨਹੀਂ, ਬਲਕਿ ਸੰਵਿਧਾਨਕ ਹੱਕ ਹੈ

- ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਡੀ.ਏ ਤੇ ਪੁਰਾਣੀ ਪੈਨਸ਼ਨ ਸਕੀਮ ਨਹੀਂ ਤਾਂ ਵੋਟ ਨਹੀਂ, ਦੀ ਚਿਤਾਵਨੀ



ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ 1 ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਬਣਦਾ ਬਕਾਇਆ ਦੇਣ ਸਬੰਧੀ 18 ਫਰਵਰੀ 2025 ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੂੰ ਗ਼ੈਰ ਤਰਕ ਸੰਗਤ ਕਰਾਰ ਦਿੰਦੇ ਹੋਏ ਰੱਦ ਕਰਨ ਦਾ ਫੈਸਲਾ ਦਿੱਤਾ ਅਤੇ ਕਿਹਾ ਕਿ 75 ਸਾਲ ਤੋਂ ਘੱਟ ਉਮਰ ਦੇ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਨੂੰ ਵੀ 85 ਸਾਲ ਤੋਂ ਵੱਧ ਉਮਰ ਵਾਲੇ ਪੈਨਸ਼ਨਰਾਂ ਦੀ ਤਰਜ਼ ਤੇ ਬਣਦਾ ਸਾਰਾ ਬਕਾਇਆ 2 ਕਿਸ਼ਤਾਂ ਵਿੱਚ 30 ਜੂਨ 2026 ਤੋਂ ਪਹਿਲਾਂ ਅਦਾ ਕਰਨਾ ਯਕੀਨੀ ਬਣਾਇਆ ਜਾਵੇ।

ਮੀਟਿੰਗ ਨੇ ਸਰਵ ਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਮਾਨੇਸਰ ਅਤੇ ਨੋਇਡਾ ਦੀਆਂ ਘਟਨਾਵਾਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਇਹਨਾਂ ਘਟਨਾਵਾਂ ਲਈ ਹਰਿਆਣਾ ਅਤੇ ਯੂ ਪੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਮਜ਼ਦੂਰਾਂ ਦੇ ਹੱਕ ਵਿੱਚ ਏਟਕ ਅਤੇ ਹੋਰ ਜਥੇਬੰਦੀਆਂ ਨਾਲ ਰਲਕੇ ਆਵਾਜ਼ ਬੁਲੰਦ ਕਰਨ ਦਾ ਨਿਰਣਾ ਲਿਆ। ਮੀਟਿੰਗ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਸਮੂਹ ਹੱਕੀ ਅਤੇ ਜ਼ਾਇਜ਼ ਮੰਗਾਂ ਜਿਵੇਂ ਕਿ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ, ਡੀ.ਏ ਦੀਆਂ ਬਕਾਇਆ ਪਈਆਂ ਕਿਸ਼ਤਾਂ ਜਾਰੀ ਕਰਨਾ, ਪੁਰਾਣੀ ਪੈਨਸ਼ਨ ਸਕੀਮ ਤੁਰੰਤ ਲਾਗੂ ਕਰਨਾ, 15 ਜਨਵਰੀ 2015 ਤੇ 17 ਜੁਲਾਈ 2020 ਦੇ ਪੱਤਰ ਤੁਰੰਤ ਰੱਦ ਕਰਕੇ ਪੂਰੀਆਂ ਤਨਖਾਹਾਂ ਦੇਣਾ, ਪੈਨਸ਼ਨਰਾਂ 2.59 ਦਾ ਗੁਣਾਂਕ ਦੇਣਾ ਆਦਿ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ।

ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਹਾੜਾ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਪੰਜਾਬ ਤੇ ਕੇਂਦਰ ਸਰਕਾਰ ਵਿਰੋਧੀ ਦਿਵਸ ਵਜੋਂ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।17 ਮਈ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਸੂਬਾਈ ਕਨਵੈਨਸ਼ਨ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ ।

ਮੀਟਿੰਗ ਦੌਰਾਨ ਇਹ ਵੀ ਨਿਰਣਾ ਲਿਆ ਗਿਆ ਕਿ ਫੈਡਰੇਸ਼ਨ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਦੀਆਂ ਸੂਬਾ ਕਮੇਟੀਆਂ ਦੀਆਂ ਮੀਟਿੰਗਾਂ 15 ਜੂਨ ਤੱਕ ਕੀਤੀਆਂ ਜਾਣਗੀਆਂ ਤੇ ਇਨ੍ਹਾਂ ਮੀਟਿੰਗਾਂ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਵੱਖ-ਵੱਖ ਸੂਬਾਈ ਆਗੂ ਉਚੇਚੇ ਤੌਰ 'ਤੇ ਸੰਬੋਧਨ ਕਰਨਗੇ।

## ਲਾਈਫ਼ ਸਕਿਲਜ਼ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)** ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਘੱਗਾ ਵੱਲੋਂ ਸੀਬੀਐਸਈ ਸੈਂਟਰ ਆਫ ਐਕਸੀਲੈਂਸ ਦੇ ਅਧੀਨ ਲਾਈਫ ਸਕਿਲਜ਼-ਐਡਵਾਂਸਡ ਵਿਸ਼ੇ 'ਤੇ ਇੱਕ ਸਮਰੱਥਾ ਵਿਕਾਸ



ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਵਿੱਚ ਸ੍ਰੀਮਤੀ ਵੀਣਾ ਸੰਗਵਾਨ ਤੇ ਸ੍ਰੀ ਅਨਿਲ ਕੁਮਾਰ ਨੇ ਬਤੌਰ ਰਿਸੋਰਸ ਪਰਸਨਜ਼ ਵੱਲੋਂ ਸਮੂਲੀਅਤ ਕੀਤੀ ਜਿਨ੍ਹਾਂ ਨੇ ਆਧੁਨਿਕ ਸਿੱਖਿਆ ਵਿੱਚ ਲਾਈਫ ਸਕਿਲਜ਼ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ।ਸ੍ਰੀਮਤੀ ਵੀਣਾ ਸੰਗਵਾਨ ਨੇ ਲਾਈਫ ਸਕਿਲਜ਼ ਦੇ ਪ੍ਰਯੋਗ, ਸਕੂਲ ਦੇ ਪਾਠਕ੍ਰਮ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਤੇ ਵਿਦਿਆਰਥੀਆਂ ਵਿੱਚ ਲਾਈਫ ਸਕਿਲਜ਼ ਦੀ ਪ੍ਰਭਾਵਸ਼ਾਲੀ ਮੁਲਾਂਕਣ ਵਿਧੀਆਂ 'ਤੇ ਜੋਰ ਦਿੱਤਾ।ਸ੍ਰੀ ਅਨਿਲ ਕੁਮਾਰ ਨੇ ਆਪਣੇ ਸੈਸ਼ਨ ਦੀ ਸ਼ੁਰੂਆਤ ਲਾਈਫ ਸਕਿਲਜ਼ ਦੀ ਮੁੱਢਲੀ ਜਾਣਕਾਰੀ ਦਿੰਦੇ ਦੱਸਿਆ ਕਿ ਕਿਸ ਤਰ੍ਹਾਂ ਲਾਈਫ ਸਕਿਲਜ਼ ਸਿੱਖਿਆ ਨੂੰ ਆਧੁਨਿਕ ਸਕੂਲੀ ਸਿੱਖਿਆ ਨਾਲ ਜੋੜ ਕੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਵਰਕਸ਼ਾਪ ਵਿੱਚ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਦੇ ਲਗਭਗ 60 ਅਧਿਆਪਕਾਂ ਨੇ ਭਾਗ ਲਿਆ।ਵਰਕਸ਼ਾਪ ਦੌਰਾਨ ਇੰਟਰਐਕਟਿਵ ਚਰਚਾਵਾਂ ਗਰੁੱਪ ਗਤੀਵਿਧੀਆਂ ਤੇ ਅਧਿਆਤਮਕ ਅਭਿਆਸ ਕਰਾਏ ਗਏ, ਜਿਨ੍ਹਾਂ ਨੇ ਅਧਿਆਪਕਾਂ ਨੂੰ ਆਪਣੇ ਪਾਠਣ ਢੰਗਾਂ ਨੂੰ ਨਵੀਂ ਤਰੀਕੇ ਨਾਲ ਸੋਚਣ ਅਤੇ ਸੁਧਾਰਣ ਲਈ ਪ੍ਰੇਰਿਤ ਕੀਤਾ।ਸਕੂਲ ਚੇਅਰਮੈਨ ਡਾ ਅੰਮ੍ਰਿਤਪਾਲ ਸਿੰਘ ਕਾਲੇਕਾ ਅਤੇ ਸਕੂਲ ਪ੍ਰਿੰਸੀਪਲ ਡਾ ਪਰਮਿੰਦਰ ਕੌਰ ਨੇ ਸੀਬੀਐਸਈ ਸੈਂਟਰ ਆਫ ਐਕਸੀਲੈਂਸ ਅਤੇ ਰਿਸੋਰਸ ਪਰਸਨਜ਼ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਲਾਈਫ ਸਕਿਲਜ਼ ਵਿਦਿਆਰਥੀਆਂ ਨੂੰ ਆਤਮਵਿਸ਼ਵਾਸੀ, ਜ਼ਿੰਮੇਵਾਰ ਅਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਵਿਅਕਤੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਉਨ੍ਹਾਂ ਜ਼ੋਰ ਦਿੱਤਾ ਕਿ ਇਸ ਤਰ੍ਹਾਂ ਦੇ ਟ੍ਰੇਨਿੰਗ ਪ੍ਰੋਗਰਾਮ ਅਧਿਆਪਕਾਂ ਨੂੰ ਆਧੁਨਿਕ ਸਿੱਖਣ-ਸਿਖਲਾਈ ਤਰੀਕਿਆਂ ਨਾਲ ਸਮਰੱਥ ਕਰਨ ਲਈ ਬਹੁਤ ਜ਼ਰੂਰੀ ਹਨ।

# ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਕਿਸਾਨਾਂ ਵੱਲੋਂ ਜੰਡੋਕੇ ਸਰਹਾਲੀ ਵਿਖੇ ਰੋਸ ਪ੍ਰਦਰਸ਼ਨ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਅਤੇ ਜਬਰੀ ਹੋ ਰਹੀ ਉਸਾਰੀ ਦਾ ਵਿਰੋਧ ਕਰਨ ਲਈ ਜੰਡੋਕੇ ਸਰਹਾਲੀ ਪਿੰਡ ਵਿੱਚ ਕਿਸਾਨਾ ਵੱਲੋਂ ਵੱਡੀ ਇਕੱਤਰਤਾ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਅੰਗਰੇਜ਼ ਸਿੰਘ ਇਕਾਈ ਪ੍ਰਧਾਨ ਸਰਹਾਲੀ ਖੁਰਦ ਨੇ ਕੀਤੀ।ਇਸ ਮੌਕੇ ਬੋਲਦਿਆਂ ਨਛੱਤਰ ਸਿੰਘ ਪੰਨੂ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਤਰਸੇਮ ਸਿੰਘ ਲੁਹਾਰ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਮਨਜੀਤ ਸਿੰਘ ਬੱਗੂ ਜ਼ਿਲ੍ਹਾ ਪ੍ਰਧਾਨ ਜਮਹੂਰੀ ਕਿਸਾਨ ਸਭਾ, ਮੇਹਰ ਸਿੰਘ ਸਖੀਰਾ ਬੀਕੇਯੂ ਉਗਰਾਹਾਂ, ਸਰਦਾਰਾ ਸਿੰਘ ਸਖੀਰਾ ਆਦਿ ਬੁਲਾਰਿਆਂ ਨੇ ਪੰਜਾਬ ਸਰਕਾਰ ਦੇ ਜਬਰੀ ਮਿੱਲ ਦੀ ਮਾਲਕੀ ਬਦਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਦਲਵੀਂ ਖੇਤੀ ਮਾਡਲ ਨੂੰ ਅਪਣਾਉਣ ਲਈ ਕਿਹਾ ਜਾ ਰਿਹਾ ਹੈ ਪਰ ਸਰਕਾਰ ਆਪ ਹੀ ਸ਼ੂਗਰ ਮਿੱਲ ਬੰਦ ਕਰਕੇ ਬਦਲਵੀਂ ਖੇਤੀ ਦਾ ਬਦਲ ਗੰਨਾ ਬੀਜਣ ਤੋਂ ਰੋਕਿਆ ਜਾ ਰਿਹਾ।ਸੰਘਰਸ਼ਸ਼ੀਲ ਕਿਸਾਨਾਂ ਨੂੰ ਜਬਰੀ ਉਸਾਰੀ ਵਾਲੀ ਥਾਂ ਤੋਂ ਚੁੱਕ ਕੇ ਜੇਲਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ ਜੋ ਕਿ ਜਥੇਬੰਦਕ ਦਬਾਅ ਕਾਰਨ ਰਿਹਾਅ ਹੋਏ ਹਨ।ਆਉਣ ਵਾਲੇ ਦਿਨਾਂ ਵਿੱਚ ਮੁੜ ਤੋਂ ਪੱਕਾ ਮੋਰਚਾ ਲਗਾਇਆ ਜਾਵੇਗਾ ਅਤੇ ਸਰਕਾਰ ਨੂੰ ਸਹਿਕਾਰੀ ਖੰਡ ਮਿੱਲ ਸ਼ੇਰੋਂ ਨੂੰ ਮੁੜ ਤੋਂ ਚਾਲੂ ਕਰਨ ਲਈ ਮਜਬੂਰ ਕੀਤਾ ਜਾਏਗਾ।ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਿੰਡ ਵਾਸੀਆਂ ਨਾਜਰ ਸਿੰਘ ਸਰਹਾਲੀ ਖੁਰਦ ਸੁਖਦੇਵ ਸਿੰਘ ਜਵੰਦਾ, ਇੰਦਰ ਸਿੰਘ ਖੱਬੇ ,ਤਾਰਾ ਸਿੰਘ, ਅੰਗਰੇਜ ਸਿੰਘ, ਕਸ਼ਮੀਰ ਸਿੰਘ, ਗੁਰਮੁਖ ਸਿੰਘ, ਸੁਖਜੀਤ ਸਿੰਘ, ਨਿਰਮਲ ਸਿੰਘ ਸੋਨੀ, ਮੁਖਤਾਰ ਸਿੰਘ, ਜਸਬੀਰ ਸਿੰਘ, ਸਰਦਾਰਾ ਸਿੰਘ ਸਖੀਰਾ, ਜਗਵੰਤ ਸਿੰਘ ਸਖੀਰਾ, ਖਜਾਨ ਸਿੰਘ ਸਰਪੰਚ ਆਦਿ ਹਾਜ਼ਰ ਸਨ।

# ਰਿਹਾਣਾ ਜੱਟਾਂ 'ਚ 14ਵਾਂ ਵਿਸ਼ਾਲ ਖ਼ੂਨਦਾਨ ਕੈਂਪ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਰਿਹਾਣਾ ਜੱਟਾਂ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਸਤਿਗੁਰੂ ਮਾਤਾ ਸੁਦੀਕਸ਼ਾ ਦੀ ਅਪਾਰ ਕਿਰਪਾ ਨਾਲ ਸੰਤ ਨਿਰੰਕਾਰੀ ਸਤਿਸੰਗ ਭਵਨ ਦੇ ਅਸਥਾਨ ਤੇ ਸਾਲਾਨਾ 14ਵਾਂ ਵਿਸ਼ਾਲ ਖ਼ੂਨਦਾਨ ਕੈਂਪ 24 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸੰਤ ਨਿਰੰਕਾਰੀ ਸਤਿਸੰਗ ਭਵਨ ਬ੍ਰਾਂਚ ਰਿਹਾਣਾ ਜੱਟਾਂ ਦੇ ਮੁੱਖੀ ਨਰਿੰਦਰ ਪਾਲ ਰਿਹਾਣਾ ਜੱਟਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ 14ਵਾਂ ਵਿਸ਼ਾਲ ਖ਼ੂਨਦਾਨ ਕੈਂਪ ਦਾ ਇਲਾਕੇ ਭਰ ਤੋ ਸਰਪੰਚ,ਪੰਚ, ਜ਼ਿਲ੍ਹਾ ਪ੍ਰੀਸ਼ਦ ਸਾਝੇ ਤੌਰ ਤੇ ਰੀਬਨ ਕੱਟ ਕੇ ਸਾਝੇ ਤੌਰ ਤੇ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ 24 ਅਪ੍ਰੈਲ ਨੂੰ ਸਲਾਨਾ 14ਵੇਂ ਵਿਸ਼ਾਲ ਖ਼ੂਨਦਾਨ ਕੈਂਪ ਦੌਰਾਨ ਇਲਾਕੇ ਭਰ ਤੋਂ ਪ੍ਰਮੁੱਖ ਸਖਸ਼ੀਅਤਾਂ ਪੁੱਜ ਰਹੀਆਂ ਸੰਗਤਾਂ ਹਨ। ਉਨ੍ਹਾਂ ਦੱਸਿਆ ਕਿ ਸਲਾਨਾ 14ਵੇਂ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਵੱਖ ਵੱਖ ਸ਼ਹਿਰਾਂ ਬਲੱਡ ਬੈਂਕਾਂ ਖ਼ੂਨ ਪ੍ਰਾਪਤ ਕਰਨ ਲਈ ਪੁੱਜ ਰਹੀਆਂ ਹਨ।ਇਸ ਪ੍ਰੋਗਰਾਮ ਦੀ ਜਾਣਕਾਰੀ ਡਾਕਟਰ ਪਰਮਜੀਤ ਸਿੰਘ ਬੱਧਣ ਭੁੰਗਰਨੀ, ਡਾਕਟਰ ਕੁਲਦੀਪ ਕੌਰ ਬੱਧਣ ਭੁੰਗਰਨੀ ਨੇ ਪ੍ਰੈਸ ਨੂੰ ਦਿੱਤੀ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਐੱਨ ਸੀ ਏ ਪੀ ਤਹਿਤ 'ਮਿਸ਼ਨ ਕਲੀਨ ਏਅਰ ਮੰਡੀ ਗੋਬਿੰਦਗੜ੍ਹ' ਦੀ ਸ਼ੁਰੂਆਤ



**ਚੰਡੀਗੜ੍ਹ** : ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਨੇ ਰਾਸ਼ਟਰੀ ਸਾਫ਼ ਹਵਾ ਪ੍ਰੋਗਰਾਮ (ਐਨ.ਸੀ.ਏ.ਪੀ.) ਦੇ ਤਹਿਤ ਮਿਸ਼ਨ ਕਲੀਨ ਏਅਰ ਮੰਡੀ ਗੋਬਿੰਦਗੜ੍ਹ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇੱਕ ਉੱਚ-ਪੱਧਰੀ ਮੀਟਿੰਗ ਪੀ.ਪੀ.ਸੀ.ਬੀ. ਦੀ ਚੇਅਰਪਰਸਨ ਰੀਨਾ ਗੁਪਤਾ ਅਤੇ ਮੈਂਬਰ ਸਕੱਤਰ ਡਾ. ਲਵਨੀਤ ਕੁਮਾਰ ਦੁਬੇ ਦੀ ਅਗਵਾਈ ਵਿੱਚ ਕਾਰਵਾਈ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਅਤੇ ਐਡੀਸ਼ਨਲ ਡਿਪਟੀ ਕਮਿਸ਼ਨਰ ਪੂਜਾ ਸਿਆਲ ਸਮੇਤ ਮੁੱਖ ਵਿਭਾਗ ਮਿਊਂਸਪਲ ਕੌਂਸਲ, ਲੋਕ ਨਿਰਮਾਣ ਵਿਭਾਗ, ਐਨ.ਐਚ.ਏ.ਆਈ., ਪੀ.ਐਸ.ਆਈ.ਈ.ਸੀ, ਜੰਗਲਾਤ ਵਿਭਾਗ ਅਤੇ ਜਲ ਸਪਲਾਈ ਤੇ ਸੀਵਰੇਜ ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।ਮੰਡੀ ਗੋਬਿੰਦਗੜ੍ਹ ਨੂੰ ਨਿਰਧਾਰਤ ਐਮਬੀਐਂਟ ਏਅਰ ਕੁਆਲਿਟੀ ਮਿਆਰਾਂ ਨੂੰ ਪੂਰਾ ਨਾ ਕਰਨ ਕਰਕੇ 'ਨਾਨ-ਅਟੇਨਮੈਂਟ ਸਿਟੀ' ਵਜੋਂ ਦਰਜ ਕੀਤਾ ਗਿਆ ਹੈ ਅਤੇ ਇਹ ਐਨ.ਸੀ.ਏ.ਪੀ. ਹੇਠ ਇੱਕ ਵਿਸ਼ੇਸ਼ ਤਵੱਜੋ ਵਾਲਾ ਸ਼ਹਿਰ ਹੈ। ਮੀਟਿੰਗ ਦੌਰਾਨ ਪੀ.ਪੀ.ਸੀ.ਬੀ. ਵੱਲੋਂ ਫੀਲਡ ਸਰਵੇ ਅਤੇ ਸੋਰਸ ਅਪੋਰਸ਼ਨਮੈਂਟ ਅਧਿਐਨ ਦੇ ਨਤੀਜੇ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਸੜਕ ਦੀ ਧੂੜ, ਵਾਹਨਾਂ ਤੋਂ ਨਿਕਲਣ ਵਾਲੇ ਧੂੰਏਂ, ਉਦਯੋਗਿਕ ਰਹਿੰਦ ਖੂੰਹਦ ਅਤੇ ਠੋਸ ਕਚਰੇ ਦੀ ਅਣਵਿਉਂਤ ਪ੍ਰਬੰਧਨਾਂ ਨੂੰ ਪ੍ਰਦੂਸ਼ਣ ਦੇ ਮੁੱਖ ਸਰੋਤ ਵਜੋਂ ਦਰਸਾਇਆ ਗਿਆ। ਇਨ੍ਹਾਂ ਦੇ ਆਧਾਰ 'ਤੇ ਪੀ.ਪੀ.ਸੀ.ਬੀ. ਨੇ ਵੱਖ-ਵੱਖ ਵਿਭਾਗਾਂ ਲਈ ਸਮੇਂ-ਬੱਧ ਅਤੇ ਕਾਰਗਰ ਸਿਫਾਰਸ਼ਾਂ ਦਿੱਤੀਆਂ, ਜਿਨ੍ਹਾਂ ਵਿੱਚ ਸੜਕਾਂ ਦੇ ਸੁਧਾਰ, ਕਚਰਾ ਪ੍ਰਬੰਧਨ, ਟ੍ਰੈਫਿਕ ਭੀੜ ਘਟਾਉਣ ਅਤੇ ਉਦਯੋਗਿਕ ਉਤਸਰਜਨ ਕੰਟਰੋਲ ਸ਼ਾਮਲ ਹਨ।ਚੇਅਰਪਰਸਨ ਪੀ.ਪੀ.ਸੀ.ਬੀ. ਨੇ ਕਿਹਾ ਕਿ ਇਹ ਪਹਿਲ ਕਿਸੇ 'ਤੇ ਦੋਸ਼ ਲਗਾਉਣ ਲਈ ਨਹੀਂ, ਸਗੋਂ ਸਾਂਝੇ ਯਤਨਾਂ ਨਾਲ ਮਿਸ਼ਨ ਮੋਡ ਵਿੱਚ ਕੰਮ ਕਰਕੇ ਹਵਾ ਦੀ ਗੁਣਵੱਤਾ ਵਿੱਚ ਠੋਸ ਸੁਧਾਰ ਲਿਆਉਣ ਲਈ ਹੈ। ਇਹ ਫ਼ੈਸਲਾ ਕੀਤਾ ਗਿਆ ਕਿ ਅਗਲੇ 12 ਮਹੀਨਿਆਂ ਦੌਰਾਨ ਪ੍ਰਗਤੀ ਦੀ ਨਿਗਰਾਨੀ ਤਿਮਾਹੀ ਸਮੀਖਿਆ ਮੀਟਿੰਗਾਂ ਰਾਹੀਂ ਕੀਤੀ ਜਾਵੇਗੀ ਅਤੇ ਰੀਜਨਲ ਦਫ਼ਤਰ, ਫ਼ਤਿਹਗੜ੍ਹ ਸਾਹਿਬ, ਮੈਦਾਨੀ ਪੱਧਰ 'ਤੇ ਕਾਰਵਾਈ, ਨਿਯਮਿਤ ਜਾਂਚਾਂ ਅਤੇ ਵਿਭਾਗੀ ਤਾਲਮੇਲ ਦੀ ਅਗਵਾਈ ਕਰੇਗਾ।ਮੀਟਿੰਗ ਤੋਂ ਬਾਅਦ ਤਿੰਨ ਇੰਡਕਸ਼ਨ ਫਰਨੇਸ ਉਦਯੋਗਾਂ ਦਾ ਦੌਰਾ ਕੀਤਾ ਗਿਆ, ਜਿੱਥੇ ਦੂਸਰੇ ਦਰਜੇ ਦੇ ਉਤਸਰਜਨ ਨੂੰ ਘਟਾਉਣ ਲਈ ਅਧੁਨਿਕ ਹਵਾ ਪ੍ਰਦੂਸ਼ਣ ਨਿਯੰਤਰਣ ਪ੍ਰਣਾਲੀਆਂ ਲਗਾਈਆਂ ਗਈਆਂ ਹਨ, ਜੋ ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ ਵੱਲੋਂ ਵਿਕਸਿਤ ਕੀਤੀਆਂ ਗਈਆਂ ਹਨ।

## PUBLIC NOTICE

I Tarundeep singh s/o Paramjit Singh & Sofia w/o Tarundeep Singh R/o H.no. 5 Gali No. 4 Ganda Singh Colony Tarn Taran Road, Tehsil & Distt. Amritsar, have approached Equitas Small Finance Bank Limited at Amritsar, for availing a loan against mortgage of below mentioned immovable property owned and possessed by me vide sale deed dated-03.11.2023 bearing Doc. No. 2023-24/89/1/6407 registered at sub-Registrar, Distt. Amritsar.

Anybody having any claim or objection in creating mortgage over said property in favour of above Bank shall approach concerned authority within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY :

All that pieces and parcels of non agricultural and that Property House no. 299/5 & 876/5-7 and New no. 830/5-7 S 20/47 min MCA, Total measuring 62 Square Yards, which is situated at Amritsar Urban Circle no 107 Gali Bagh Wali Bazar Lakshmansar, Tehsil & District Amritsar as per Sale deed with all present and future superstructure thereon.

Name & address :

Tarundeep singh s/o Paramjit Singh & Sofia w/o Tarundeep Singh

Vikas Verma (Advocate)
MB. 9815156302

## COURT NOTICE

(U/o 5 Rule 20 CPC)
In The Court of
Sh. Ajay Pal Singh
Additional Civil Judge (Senior Division) Hoshiarpur
CNR No. PBHO02-001048-2025
Next Date:- 07-07-2026
Union Bank of India
Vs.
Kiran Kumar
Publication Issued To:
Kiran Kumar
S/o Mohan Lal Resident of House No. 260, Khanpuri Gate Hoshiarpur

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 07-07-2026 at 10:00 a.m.

For details Logon to https://highcourtchd.gov.in/?trs=district_notice&district=Hoshiarpur

Additional Civil Judge (Senior Division) Hoshiarpur
Dated, this day of 20-04-2026

## COURT NOTICE

(U/o 5 Rule 20 CPC)
In The Court of
Ms. Ekta Sahota
Additional Civil Judge Senior Division - 1, Patiala
CNR No. PBPT02-000090-2026
Next Date:- 14-05-2026
Mandeep Kaur
Vs.
General Public
Publication Issued To: General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 14-05-2026 at 10:00 a.m.

For details Logon to https://highcourtchd.gov.in/?mod=district_notice&district=patiala

Additional Civil Judge Senior Division - 1, Patiala
Dated, this day of 15-04-2026

## COURT NOTICE

(U/o 5 Rule 20 CPC)
In The Court of
Ms. Ekta Sahota
Additional Civil Judge Senior Division - 1, Patiala
CNR No. PBPT02-000254-2026
Next Date:- 18-05-2026
Harbhajan Kaur
Vs.
General Public
Publication Issued To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 18-05-2026 at 10:00 a.m.

For details Logon to https://highcourtchd.gov.in/?mod=district_notice&district=patiala

Additional Civil Judge Senior Division - 1, Patiala
Dated, this day of 18-04-2026

## COURT NOTICE

(U/o 5 Rule 20 CPC)
In The Court of
Sh. Gurpreet Singh
Civil Judge Junior Division - 8, Patiala
CNR No. PBPT02-002541-2025
Next Date:- 21-05-2026
Paramjeet Kaur
Vs.
State of Punjab
Publication Issued To:
Hari Krishan Singh S/o Mohan Singh R/o Patran, Tehsil. Samana, Distt. Patiala

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 21-05-2026 at 10:00 a.m.

For details Logon to https://highcourtchd.gov.in/?mod=district_notice&district=patiala

Civil Judge Junior Division - 8, Patiala
Dated, this day of 20-04-2026

# ਕਲਾਸੀਫਾਈਡ ਇਸ਼ਤਿਹਾਰ

## Change of Name

Parveen Kaur W/O Sh Jagtar Singh Vill: Himmatpur Po: Dhanoa Teh Dasuya Distt Hoshiarpur PB have Changed my name Parveen kaur to Parveen.

I Baljeet Kaur W/O Gurmej Singh R/O Hno 9 , Peera Wali Gali, Mohindra Colony, Near Abadi Masalla, Sultanwind Road Amritsar Have Changed My Name From Baljeet Kaur To Bevi.

I, Rajesh Kumar S/o Jaswant Rai R/o Vill Jhaj Barhaman PO Sarhala Mundian Distt. Hoshiarpur Punjab declare that my surname is Kumar and my given name is Rajesh. Concerned note.

I ,Ganesh Das S/O Brij Lal R/O 1429,Gali No.2,Syal Koti Chowk, Islamabad,Amritsar,Punjab have changed my name from Ganesh Das to Ganesh Dass. Concerned note.

I, Naresh Kumar S/o Joginder Pal R/o H. No. 120, Ambika Colony, P.O. Industrial Town, Jalandhar-144004, declare that I have changed my name from Naresh Monga to Naresh Kumar.

I, Balwinder Singh S/o Manmohan Singh Residence of WG-411, Neewan Suraj Ganj, Tehsil & District Jalandhar 144001 Punjab (India) have changed my minor son's name from Pahulpreet Singh to Singh Pahulpreet. Singh is surname. Please note.

I, Bipandeep Kaur W/o Balwinder Singh Residence of WG- 411, Neewan Suraj Ganj, Tehsil & District Jalandhar 144001 Punjab (India)have changed my name from Bipandeep Kaur to Kaur Bipandeep. Kaur is my surname. Please note.

I, Gursewak Singh S/o Kulwant Singh R/o Village Kolowal, PO Brar, Tehsil Ajnala District Amritsar have declare that Gursewak is my Given name and Singh is my Surname.

I, Ram Gupta S/o Ram Sajiwan R/o H. No. 27 Ganga Road, Mohalla No. 8, Jalandhar at Present H. No. 35-36 New Geeta Colony Block-D, New Dashmesh Nagar, Jalandhar, Punjab have changed my name from Ram Ji to Ram Gupta. Please note.

I, Parmpreet Kaur W/o Gursewak Singh R/o Vill Kolowal PO Brar Distt Amritsar have changed my name from Parmpreet Kaur to to Parampreet Kaur.

I, Karnail Singh S/o Joginder Pal R/o Village Allahabad PO Purani Bassi Distt. Hoshiarpur Punjab have changed the name of my minor daughter from Vanshika to Vanshika Kaur. Concerned note.

I, Pardeep Kumar S/o Shakti Singh R/o VPO jadla, Distt. S.B.S Nagar - 144515, Punjab have changed my name from Pardeep Kumar to Pardeep as given name and Kumar as Surname. All concerned please note.

I, Sarabjeet Kaur alias Parmjit Kaur Nagi W/o Sajjan Singh R/o Village Khandupur, PO. Ghamaur, Distt. Nawanshahr - 144521, Punjab have changed my name from Sarabjeet Kaur alias Parmjit Kaur Nagi to Sarabjit Kaur. All concerned please note.

I, Shankar Kumar S/o Nathu Ram R/o Gali No.6, Guru Ram Das Avenue, Near Har Rai Avenue, Amritsar, Punjab have changed my name from Shankar Kumar to Shankar Das.

I, Gurbaksh Singh S/o Bhim Singh R/o Village Buttar Khurd, PO Buttar Sivian, Buttar Siviya, Distt. Amritsar, Punjab-143205 have changed my name from Gurbaksh Singh to Singh is my surname and Gurbaksh is my given name.

I, Lovepreet Kaur Gill W/o Satinderjit Singh, currently residing at 46 B Block B, Guru Ramdass Avenue, Ajnala Road, Amritsar, Punjab, PIN 143001 declares that I have changed my name from Lovepreet Kaur to Lovepreet Kaur Gill.

I, Kamal Sehgal S/o Shiv Kumar Sehgal R/o U-902, 66 Feet Road, Jalandhar Heights-1, Jalandhar, Punjab changed my name to Kamal Kumar Sehgal.

I, Neelam W/o Chaman Lal Chumber R/o H.No. 50, Deep Nagar, Jalandhar Cantt, Distt. Jalandhar, Punjab have changed my name from Neelam to Neelam Chumber. All Please Note.

I, Priyanka w/o Jagtar Singh r/o Village Bal Kohna, Tehsil Nakodar, District Jalandhar have changed my name from Priyanka to Priyanka Kaur for all future purpose.

I, Harpreet s/o Mulakh Raj r/o H.No. B-6/151/2, Mohalla Subash Nagar, Sodal Road, Jalandhar have changed my name from Harpreet to Harpreet Singh. All Please Note.

## Change of Name

I, Jasvinder Kumar S/o Lashman Dass R/o Street No. 4, Sham Nagar, Phagwara, Distt. Kapurthala, Punjab have changed my name Jasvinder as given name and Kumar as Surname. All Please Note.

I, Nishu W/o Pardeep Singh R/o VPO. Shankar, Tehsil Nakoder, Distt. Jalandhar , Punjab have changed my name from Nishu to Nishu Sahota, after marriage. All Please Note.

I, Kulveer Kour w/o Manav Chouhan r/o H.No.141, Ward No. 45, Gobind Nagar, Basti Guzan, Jalandhar-144002, Punjab have change my name to Yogita Chouhan, After Marriage. All Please Note.

I, Davinder Pal s/o Surinder Pal r/o Vill. Nawan Pind, Araiyan, Teh. Nakodar, Distt. Jalandhar have changed my Given name as Davinder & Surname as Pal. All Please Note.

I Jagtar Singh S/O Manjit Singh R/O Vil Alipur Po Rurki Khas Teh Garhshankar Distt Hoshiarpur Punjab Have Changed My Name To Singh Jagtar. All Please Note.

I, hitherto known as DHRUV SILARA S/o RAM CHANDER, residing at H NO 34, Diamond Avenue, Urban Estate Phase-1, Garha, Jalandhar, Punjab-144022, India have changed my name and shall hereafter be known as DHRUV SILLARA.

I, Kuldip Kaur W/o Harbhajan Singh R/o 1879/2A, Ward No. 14, Indra Nagri, Jalalabad, Fazilka have changed my name to Kuldeep Kaur. All concerned please note. (R)

I, Simro W/o Hari Ram R/o H.No. 32, Sodal Road, Chota Saipur, Jalandhar (Pb) have changed my name to Simranjeet Kaur. All concerned please note.

I, Sarbjit Kaur W/o Kapoor Singh resident of Village Farid Sarai, Post Office Bara Jodh Singh, Tehsil Sultanpur Lodhi, Distt. Kapurthala, Punjab have changed my name spelling from Sarbjit Kaur to Sarabjit Kaur. All concerned please note.

I, Narinder Kaur W/O Jaswant Singh R/O H.No. 69, Street No. 18, Ajit Avenue, Kapurthala Have Changed My Name From Narinder Kaur To Kaur Narinder.

I Prabhnoor Gill S/o Late. Paramjit Singh R/o H.No. 161, Moti Nagar, Maqsudan, Jalandhar-144008, Punjab, have changed my name from Prabhnoor Gill to Prabhnoor Singh Gill in which given name Prabhnoor Singh and surname as Gill. All concerned please note.

I, hitherto known as Poonam W/o Brij Mohan R/o H.No. 5/2, Jevan Medical Store, Bank Colony, Jalandhar, Punjab-144021, India have changed my name and shall hereafter be known as Pooja Rani.

## ਆਮ ਸੂਚਨਾ

ਮੈਂ, ਨਰੇਸ਼ ਕੁਮਾਰੀ ਪਤਨੀ ਲੇਟ ਰਾਜ ਕੁਮਾਰ ਵਾਸੀ ਪਿੰਡ ਤੇ ਡਾਕ: ਭੁੰਗਰਨੀ, ਤਹਿਸੀਲ ਵਾ ਜਿਲਾ ਹੁਸ਼ਿਆਰਪੁਰ, ਬਿਆਨ ਕਰਦੀ ਹਾਂ ਕਿ ਮੇਰੇ ਪਤੀ ਰਾਜ ਕੁਮਾਰ ਨੇ ਆਪਣੇ ਲੜਕੇ ਅਸ਼ਵਨੀ ਕੁਮਾਰ ਅਤੇ ਨੂੰਹ ਸੁਨੀਤਾ ਨੂੰ ਰੋਜ਼ਾਨਾ ਅਖਬਾਰ ਵਿਚ ਮਿਤੀ 25-04-2017 ਨੂੰ ਅਖਬਾਰ ਨਵਾਂ ਜ਼ਮਾਨਾ, ਜਲੰਧਰ ਵਿਚ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਮੇਰੇ ਪਤੀ ਰਾਜ ਕੁਮਾਰ ਦੀ ਮੌਤ ਮਿਤੀ 01-02-2021 ਨੂੰ ਹੋ ਚੁੱਕੀ ਹੈ। ਹੁਣ ਮੇਰਾ ਲੜਕਾ ਅਸ਼ਵਨੀ ਕੁਮਾਰ ਅਤੇ ਨੂੰਹ ਸੁਨੀਤਾ ਮੇਰੇ ਕਹਿਣੇ ਵਿਚ ਹਨ ਇਸ ਲਈ ਮੈਂ ਆਪਣੇ ਪਤੀ ਰਾਜ ਕੁਮਾਰ ਵਲੋਂ ਕੀਤੀ ਬੇਦਖਲੀ ਵਾਪਸ ਲੈਂਦੀ ਹਾਂ ਅਤੇ ਹੁਣ ਮੇਰਾ ਲੜਕਾ ਅਸ਼ਵਨੀ ਕੁਮਾਰ ਅਤੇ ਨੂੰਹ ਸੁਨੀਤਾ ਮੇਰੀ ਸਾਰੀ ਚੱਲ-ਅਚੱਲ ਜਾਇਦਾਦ ਦੇ ਕਾਨੂੰਨੀ ਵਾਰਸ ਤੇ ਹੱਕਦਾਰ ਹੋਣਗੇ। ਸਬੰਧਤ ਨੋਟ ਕਰਨ।

ਮੈਂ, ਸੁਰਜੀਤ ਕੌਰ ਪਤਨੀ ਲੇਟ ਕਸ਼ਮੀਰੀ ਲਾਲ ਵਾਸੀ ਪਿੰਡ ਕਾਲੇਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਕਸ਼ਮੀਰੀ ਲਾਲ ਨੇ ਮਿਤੀ 12.01.2023 ਨੂੰ ਇਕ ਪ੍ਰਕਾਸ਼ਿਤ ਅਖਬਾਰ ਵਿਚ ਆਪਣੇ ਲੜਕੇ ਨੂੰ ਬੇਦਖਲ ਕੀਤਾ ਸੀ। ਮੇਰੇ ਪਤੀ ਕਸ਼ਮੀਰੀ ਲਾਲ ਦੀ ਮੌਤ ਮਿਤੀ 21-01-2026 ਨੂੰ ਹੋ ਚੁੱਕੀ ਹੈ। ਇਸ ਲਈ ਮੈਂ ਉਹ ਬੇਦਖਲੀ ਰੱਦ ਕਰਦੀ ਹਾਂ। ਸਬੰਧਿਤ ਨੋਟ ਕਰਨ।

## PUBLIC NOTICE

I, Mandeep KAUR W/O Sukhbir Singh R/O Vill.Mari Harnia P.O. Nussi Distt.Jalandhar Punjab India. That in passport my father's name is written as Balbir Singh but in my study documents my father 's name is written as Balvir Singh have declared that Balbir Singh and Balvir Singh is one and the same person. Concerned note.

I, Kuldeep Kaur W/o Sarwan Singh,R/o Bijli Board Colony, Chak Alla Baksh Tehsil Mukerian, Hoshiarpur declare that my daughters Gurwinder Kaur W/o Lakhwinder Singh (Lakha) and Balwinder Kaur W/o Late Balbir Singh are out of my control. So I disown them from all my moveable and immovable properties. Anybody deals with them at their own risk and responsibility. All concerned may note.

## ਬੇਦਖਲੀ ਨੋਟਿਸ

ਮੈਂ ਅਜੀਤ ਸਿੰਘ ਪੁੱਤਰ ਪਾਲ ਸਿੰਘ ਵਾਸੀ ਚੱਕ ਮਹਿਮਾਂ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਗੁਰਜੀਤ ਕੌਰ ਜੋ ਆਪਣੀ ਮਨ ਮਰਜ਼ੀ ਕਰਦੀ ਹੈ ਤੇ ਮੇਰੇ ਕਹਿਣੇ ਤੋਂ ਬਾਹਰ ਹੈ ਮੇਰੇ ਨਾਲ ਗਾਲੀ ਗਲੋਚ ਵੀ ਕਰਦੀ ਹੈ। ਮੈਂ ਉਸਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਮੇਰੇ ਪਰਿਵਾਰ ਦਾ ਗੁਰਜੀਤ ਕੌਰ ਨਾਲ ਅੱਜ ਤੋਂ ਕੋਈ ਰਿਸ਼ਤਾ ਨਹੀਂ ਰਹੇਗਾ।

ਮੈਂ, ਰਾਜਿੰਦਰ ਕੌਰ ਪੁੱਤਰੀ ਪ੍ਰਕਾਸ਼ ਸਿੰਘ, ਵਾਸੀ ਬਾਘਾ ਪੱਤੀ, ਵਾਰਡ ਨੰ: 06, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਹਾਲ ਅਬਾਦ ਮਜੀਠਾ ਚੌਂਕ ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਹਾਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਸੰਬੰਧ-ਵਾਸਤਾ ਨਹੀਂ।

ਮੈਂ, ਕਸਤੂਰੀ ਲਾਲ ਪੁੱਤਰ ਸ੍ਰੀ ਸਦਰਾ ਰਾਮ, ਵਾਸੀ ਮਕਾਨ ਨੰ: 42/4, ਭਾਰਗੋ ਕੈਂਪ, ਨੇੜੇ ਕਬੀਰ ਮੰਦਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਜੇਸ਼ ਕੁਮਾਰ ਅਤੇ ਉਸ ਦੀ ਪਤਨੀ ਸੁਸ਼ਮਾ ਅਤੇ ਮੇਰੀਆਂ ਦੋ ਲੜਕੀਆਂ ਸ਼ਸ਼ੀ ਬਾਲਾ ਪਤਨੀ ਜੋਗਿੰਦਰ ਕੁਮਾਰ ਅਤੇ ਕਿਰਨ ਬਾਲਾ ਪਤਨੀ ਸੁਨੀਲ ਕੁਮਾਰ ਇਹ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਗੁਰਮੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਕਮਾਲਕੇ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਕੱਤਰ ਸਿੰਘ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਤ ਤੋਂ ਬੇ-ਦਖਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰੇ ਲੜਕੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਅਤੇ ਸਾਡਾ ਇਸ ਨਾਲ ਕੋਈ ਸਬੰਧ ਨਹੀਂ ਹੈ।

ਮੈਂ ਹਰਦੇਵ ਸਿੰਘ ਪੁੱਤਰ ਸ੍ਰ: ਨਾਜਰ ਸਿੰਘ ਵਾਸੀ ਪਿੰਡ ਭੰਗਵਾ, ਲਹਿੰਦੀ ਪੱਤੀ, ਤਹਿਸੀਲ ਅਤੇ ਜਿਲਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰੇ ਸੌਤੇਲੇ ਬੱਚੇ ਲੜਕੇ ਮਨਿੰਦਰ ਸਿੰਘ, ਸੰਨੀ ਅਤੇ ਲੜਕੀ ਨੀਤੂ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ ਅਤੇ ਅਪਣੀ ਮਨ ਮਰਜੀ ਕਰਦੇ ਹਨ ।ਇਹਨਾਂ ਨੂੰ ਮੈਂ ਅਪਣੀ ਚੱਲ-ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ।ਇਹਨਾਂ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ।ਇਹਨਾਂ ਦੇ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਤਲਕ ਵਾਸਤਾ ਨਹੀ ਹੋਵੇਗਾ। ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ ਅਮਰਜੀਤ ਕੌਰ ਪਤਨੀ ਸਵ: ਮੇਜ਼ਰ ਰਾਮ ਵਾਸੀ ਮਕਾਨ ਨੰ: 1502 ਜੇ, ਰਣਜੀਤ ਨਗਰ, ਸੈਕਟਰ 11, ਖਰੜ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ ਨਗਰ ਮੋਹਾਲੀ, ਪੰਜਾਬ 140301 ਦੀ ਰਹਿਣ ਵਾਲੀ ਹਾਂ। ਇਹ ਕਿ ਮੇਰੀ ਨੂੰਹ ਰਾਜਦੀਪ ਕੌਰ ਪਤਨੀ ਸੰਜੀਵ ਕੁਮਾਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ। ਇਹ ਕਿ ਮੈਂ ਆਪਣ ਨੂੰਹ ਰਾਜਦੀਪ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਭਵਿੱਖ ਵਿੱਚ ਜੇਕਰ ਮੇਰੀ ਨੂੰਹ ਕਿਸੇ ਨਾਲ ਕਿਸੇ ਵੀ ਤਰਾਂ ਦਾ ਲੈਣ ਦੇਣ ਕਰਦੀ ਹੈ ਜਾਂ ਫਿਰ ਲੜਾਈ ਝਗੜਾ ਕਰਦੀ ਹੈ ਤਾਂ ਇਹ ਇਸਦੀ ਖੁਦ ਜੁੰਮੇਵਾਰ ਹੋਵੇਗੀ, ਇਸ ਵਿੱਚ ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਵੀ ਜੁੰਮੇਵਾਰੀ ਨਹੀਂ ਹੋਵੇਗੀ।

ਅਸੀਂ, ਵਿਜੇ ਕੁਮਾਰ ਪੁੱਤਰ ਬੰਸੀ ਲਾਲ ਵਾ ਸੁਮਨ ਪਤਨੀ ਵਿਜੇ ਕੁਮਾਰ ਵਾਸੀਆਨ ਮਕਾਨ ਨੰ: 204-ਏ, ਕੋਟ ਆਤਮਾ ਰਾਮ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਪਾਰਸ ਕੁਮਾਰ ਅਤੇ ਉਸ ਦੀ ਪਤਨੀ ਸਿਮਰਨ, ਜੋ ਕਿ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ ਤੇ ਸਾਡੀ ਕਿਸੇ ਵੀ ਗੱਲ ਨੂੰ ਨਹੀਂ ਮੰਨਦੇ। ਅਸੀਂ ਉਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋ ਬੇਦਖਲ ਕਰਦੇ ਹਾਂ ਅਤੇ ਉਨ੍ਹਾਂ ਨਾਲੋਂ ਆਪਣਾ ਰਿਸ਼ਤਾ ਖਤਮ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ-ਚੰਗੇ ਕੰਮ ਜਾਂ ਲੈਣ-ਦੇਣ ਦੇ ਅਸੀਂ ਜਾਂ ਸਾਡੇ ਪਰਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀਂ ਹੋਵੇਗਾ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜ ਕੌਰ ਪਤਨੀ ਸਵਰਨ ਸਿੰਘ, ਵਾਸੀ ਗਲੀ ਨੰ: 5, ਅਬਰੋਲ ਫੈਕਟਰੀ ਠਾਕੁਰ ਨਗਰ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਕਰਨਦੀਪ ਸਿੰਘ ਅਤੇ ਨੂੰਹ ਚੀਕੀਤਾ ਪਤਨੀ ਕਰਨਦੀਪ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ- ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਕੁਲਦੀਪ ਸਿੰਘ ਪੁੱਤਰ ਗੋਪਾਲ ਸਿੰਘ ਵਾਸੀ ਪਿੰਡ ਕਾਲਾ ਨੰਗਲ, ਡਾਕ: ਭੁੱਲਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਤੇਗ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਬਲਵਿੰਦਰ ਸਿੰਘ ਪੁੱਤਰ ਪੂਰਨ ਸਿੰਘ ਅਤੇ ਤਰਜਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਵਾਸੀਆਨ ਪਿੰਡ ਪ੍ਰੇਮਪੁਰ, ਡਾਕਖਾਨਾ ਤਲਵੰਡੀ ਸੱਲ੍ਹਾਂ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਪ੍ਰਿੰਸਪਾਲ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਵਾ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## PUBLIC NOTICE

Surinder Kumar @ Surinder Kumar Sahni R/o B-912, 913, New Amritsar is owner in possession of Plot No. 45, Khasar No. 114//19/2/12 (min) sq. Yds., Rakba Nangali, Akash Avenue, FGC Road, Amritsar. No other person has any right, title, intrest claim, or concern of any nature whatsoever in the said property. Any dealing except with above shall be at own risk & liable for legal action.

## ਬੇਦਖਲੀ ਨੋਟਿਸ

ਅਸੀਂ ਚਮਨ ਲਾਲ ਪੁੱਤਰ ਸ੍ਰੀ ਮਨੋਹਰ ਲਾਲ ਅਤੇ ਮਮਤਾ ਪਤਨੀ ਚਮਨ ਲਾਲ ਵਾਸੀਆਨ ਮਕਾਨ ਨੰਬਰ 235/5, ਨਿਊ ਬਾਬੂ ਲਾਭ ਸਿੰਘ ਨਗਰ, ਗੁਲਾਬ ਦੇਵੀ ਰੋਡ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਦਿਪਾਂਸ਼ੂ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਆਪਣੇ ਪੁੱਤਰ ਦਿਪਾਂਸ਼ੂ ਅਤੇ ਉਸਦੀ ਪਤਨੀ ਕਾਜਲ ਭਾਟੀਆ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਗੁਰਮੇਲ ਸਿੰਘ ਪੁੱਤਰ ਸ੍ਰੀ ਕਾਬਲ ਸਿੰਘ ਵਾਸੀ ਪਿੰਡ ਚੋਹਕਾ, ਥਾਣਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਚਰਨਜੀਤ ਸਿੰਘ ਤੇ ਉਸਦੀ ਪਤਨੀ ਰਣਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਅਸੀਂ ਬਲਜਿੰਦਰ ਸਿੰਘ ਪੁੱਤਰ ਸ. ਸੁਰਜੀਤ ਸਿੰਘ ਅਤੇ ਸਤਪਾਲ ਕੌਰ ਪਤਨੀ ਬਲਜਿੰਦਰ ਸਿੰਘ ਵਾਸੀਆਨ ਪਿੰਡ ਦਾਲਮਵਾਲ, ਡਾਕ: ਬੁਲੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਅਮਰਜੋਤ ਸਿੰਘ ਚੌਹਾਨ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ, ਭੋਲਾ ਨਾਥ ਪੁੱਤਰ ਖੇਦੂ ਰਾਮ ਅਤੇ ਕਿਰਨ ਬਾਲਾ ਪਤਨੀ ਭੋਲਾ ਨਾਥ, ਵਾਸੀਆਨ ਮਕਾਨ ਨੰ: 2203, ਚੌਂਕ ਬਿਜਲੀ ਵਾਲਾ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰੋਹਿਤ ਯਾਦਵ ਅਤੇ ਉਸ ਦੀ ਪਤਨੀ ਆਰਤੀ ਸਾਡੀ ਸੇਵਾ-ਸੰਭਾਲ ਨਹੀਂ ਕਰਦੇ ਅਤੇ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਾਜੇਸ਼ ਖੰਨਾ ਪੁੱਤਰ ਸ਼ਿਵ ਪ੍ਰਕਾਸ਼ ਖੰਨਾ, ਵਾਸੀ ਈ-508, ਵਰਿੰਦਾਵਨ ਗਾਰਡਨ, ਫਤਹਿਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਨਮੋਲ ਖੰਨਾ ਅਤੇ ਉਸ ਦੀ ਪਤਨੀ ਸਮਰਿਤੀ ਅਰੋੜਾ, ਜੋ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਨਿੰਮਾ ਮਸੀਹ ਪੁੱਤਰ ਮੀਦਾ ਮਸੀਹ ਅਤੇ ਬਿੰਦਰ ਪਤਨੀ ਨਿੰਮਾ ਮਸੀਹ, ਵਾਸੀਆਨ ਪਿੰਡ ਰੋਡੀਵਾਲਾ, ਹੇਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਡੈਨੀਅਲ ਮਸੀਹ ਸਾਡੇ ਕਹਿਣੇ ਤੋਂ ਬਾਹਰ ਹੈ, ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਕਿਰਨ ਬਾਲਾ ਪਤਨੀ ਸ਼ੁਭਨਕਸ਼ ਵਾਸੀ 94-ਏ ਰਾਮ ਤੀਰਥ ਰੋਡ, ਨੇੜੇ ਪੀ ਬੀ02 ਜਿਮ, ਗੋਲਡਨ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਿਖਿਲ ਅਤੇ ਉਸ ਦੀ ਪਤਨੀ ਅੰਚਲ ਕਪੂਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ- ਝਗੜਾ, ਤੰਗ-ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੂਰਜ ਪੁੱਤਰ ਸ੍ਰੀ ਮਿਲਖੀ ਰਾਮ ਵਾਸੀ ਪਿੰਡ ਤੇ ਡਾਕਖਾਨਾ ਟਾਹਲੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਵਿਕਰਮਜੀਤ ਸਿੰਘ ਅਤੇ ਉਸ ਦੀ ਪਤਨੀ ਮਨਜੋਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਹਨਾਂ ਨੂੰ ਆਪਣੀ ਸਾਰੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਕਿਸੇ ਪਰਵਾਰਕ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਨਾਂਅ ਦੀ ਬਦਲੀ

ਮੈਂ ਮਨਦੀਪ ਕੌਰ ਸੰਧੂ ਪੁਤਰੀ ਹਰਜਿੰਦਰ ਸਿੰਘ ਵਾਸੀ ਮਕਾਨ ਨੰਬਰ M 30, ਗਰੀਨ ਐਵੀਨਿਊ ਅੰਮ੍ਰਿਤਸਰ ਨੇ ਆਪਣਾ ਨਾਮ ਮਨਦੀਪ ਕੌਰ ਸੰਧੂ ਤੋਂ ਬਦਲ ਕੇ ਹਰਨੀਆਮਤ ਸੰਧੂ ਰੱਖ ਲਿਆ ਹੈ ਦੋਨੋ ਨਾਮ ਏਕੋ ਵਿਅਕਤੀ ਦੇ ਹਨ।

ਮੈਂ, ਕਰਤਾਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ 501, ਸ਼ਾਰਧਾ ਰੋਈਸੀ ਸੋਸਾਇਟੀ ਉਲਹਾਂਸਨਗਰ ਮਹਾਰਾਸ਼ਟਰਾ ਸਵੈ-ਘੋਸ਼ਣਾ ਕਰਦਾ ਹਾਂ ਕਿ ਮੇਰਾ ਨਾਂਅ ਜਮ੍ਹਾਂਬੰਦੀ 'ਚ ਹਰਦੇਵ ਸਿੰਘ ਚੱਲ ਰਿਹਾ ਹੈ। ਮੇਰਾ ਸਹੀ ਨਾਂਅ ਕਰਤਾਰ ਸਿੰਘ ਹੈ, ਸਹੀ ਕੀਤਾ ਜਾਏ।

ਮੈਂ, ਸਤਨਾਮ ਪੁੱਤਰ ਕੂੜਾ ਰਾਮ ਵਾਸੀ ਨੰਗਲ ਦਾਤਾ, ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਸਵੈ-ਘੋਸ਼ਣਾ ਕਰਦਾ ਹਾਂ ਕਿ ਮੇਰਾ ਨਾਂਅ ਜਮ੍ਹਾਂਬੰਦੀ ਵਿੱਚ ਸਤਪਾਲ ਚੱਲ ਰਿਹਾ ਹੈ, ਮੇਰਾ ਸਹੀ ਨਾਂਅ ਸਤਨਾਮ ਹੈ, ਸਹੀ ਕੀਤਾ ਜਾਵੇ।

ਮੈਂ, ਰਾਜਵੀਰ ਕੌਰ ਪੁੱਤਰੀ ਗੁਰਬਚਨ ਸਿੰਘ ਹਾਲ ਪਤਨੀ ਮੋਹਣ ਸਿੰਘ ਵਾਸੀ ਪਿੰਡ ਨੈਨੋਵਾਲ ਵੈਦ, ਡਾਕ. ਸੀਕਰੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਮੇਰਾ ਨਾਂਅ ਜਮ੍ਹਾਂਬੰਦੀ ਵਿੱਚ ਸੁਰਜੀਤ ਕੌਰ ਪੁੱਤਰੀ ਗੁਰਬਚਨ ਸਿੰਘ ਚੱਲ ਰਿਹਾ ਹੈ, ਮੇਰਾ ਸਹੀ ਨਾਂਅ ਰਾਜਵੀਰ ਕੌਰ ਹੈ, ਸਹੀ ਕੀਤਾ ਜਾਵੇ।

ਮੈਂ ਇੰਦਰਜੀਤ ਕੌਰ ਪਤਨੀ ਹਰਜਿੰਦਰ ਸਿੰਘ ਬਿਆਨ ਦਿੰਦੀ ਹਾਂ ਕਿ ਮੇਰੀ ਸਪੁੱਤਰੀ ਹਰਨੂਰ ਕੌਰ ਜਿਸਦੀ ਉਮਰ 18 ਸਾਲ ਤੋਂ ਘੱਟ ਹੈ ਨੇ ਆਪਣਾ ਨਾਮ ਹਰਨੂਰ ਵਾਲੀਆ ਤੋਂ ਹਰਨੂਰ ਕੌਰ ਮੇਰੀ ਮਰਜੀ ਨਾਲ ਤਬਦੀਲ ਕਰ ਲਿਆ ਹੈ, ਉਸਦਾ ਨਾਮ ਬਦਲਣ ਦਾ ਕਾਰਣ ਜਨਮ ਸਰਟੀਫਿਕੇਟ ਵਿੱਚ ਉਸਦਾ ਨਾਮ ਹਰਨੂਰ ਕੌਰ ਦਰਜ ਹੈ, ਇਸ ਲਈ ਸਾਰੇ ਦਸਤਾਵੇਜ਼ ਇਕਸਾਰ ਕਰਨ ਲਈ ਨਾਮ ਤਬਦੀਲ ਕੀਤਾ ਗਿਆ ਹੈ।

ਮੈਂ, ਗੁਲਸ਼ਨ ਕੁਮਾਰ ਜੱਸਲ ਪੁੱਤਰ ਮਲਕੀਤ ਕੁਮਾਰ ਵਾਸੀ ਮਕਾਨ ਨੰ. 140, ਗਲੀ ਨੰਬਰ 4, ਨੂਰਪੁਰ, ਜ਼ਿਲਾ ਜਲੰਧਰ ਬਿਆਨ ਕਰਦਾ ਹਾਂ ਮੈਂ ਆਪਣਾ ਨਾਮ ਗੁਲਸ਼ਨ ਤੋਂ ਬਦਲ ਕੇ ਗੁਲਸ਼ਨ ਕੁਮਾਰ ਜੱਸਲ ਰੱਖ ਲਿਆ ਹੈ ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਕੋਰਟ ਨੋਟਿਸ

Proclamation Under order 5 Rule 20 C. P.C
ਵੱਲੋਂ ਅਦਾਲਤ The President, District Consumer Disputes Redressal Commission, Jalandhar.
ਮਿਸਲ ਨੰ: CC No. 383 of 2025
ਅਨੁਵਾਨ ਮੁਕੱਦਮਾ Ashwani Bhagat
ਬਨਾਮ V/s Hitachi Indra Gandhi International Airport
OP No. 2- Hitachi Service Center, Gole Market, Near Amrit Studio, Chahar Bagh, Gentral Town, Jalandhar, Punjab 144001 through its Authorized representative.

ਨੋਟਿਸ

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 29.04.2026 ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦਾਇਲਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 21.04.2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਦਸਤਖਤ ਹਾਕਮ ਤੇ ਮੋਹਰ ਅਦਾਲਤ
ਨੰ. 594/ 22.04.26

## ਫਾਰਮ ਨੰ. URC-2

ਇੱਕ ਕੰਪਨੀ ਵਜੋਂ ਰਜਿਸਟਰ ਕਰਨ ਦੇ ਇਰਾਦੇ ਦਾ ਨੋਟਿਸ

(ਕੰਪਨੀਆਂ ਐਕਟ, 2013 ਦੀ ਧਾਰਾ 374(ਬੀ) ਦੇ ਅਨੁਸਾਰ ਅਤੇ ਕੰਪਨੀਆਂ (ਰਜਿਸਟਰ ਕਰਨ ਲਈ ਅਧਿਕਾਰਤ) ਨਿਯਮਾਂ, 2014 ਦੇ ਨਿਯਮ 4(1) ਦੇ ਅਨੁਸਾਰ) ਕੰਪਨੀਆਂ ਦੇ ਰਜਿਸਟਰਾਰ ਦੇ ਸਾਹਮਣੇ, ਆਰ ਓ ਸੀ ਸੀ ਆਰ ਸੀ, ਆਈਆਈਸੀਏ, ਮਾਨੇਸਰ,ਪਲਾਟ ਨੰਬਰ 6, 7 ਅਤੇ 8, ਸੈਕਟਰ-5,ਆਈਐਮਟੀ ਮਾਨੇਸਰ, ਗੁੜਗਾਓਂ

ਕੰਪਨੀ ਐਕਟ, 2013 ਅਤੇ ਇਸ ਦੀ ਧਾਰਾ 366 ਦੇ ਮਾਮਲੇ ਵਿੱਚ ਅਤੇ ਮੈਸਰਜ਼ ਸ੍ਰੀ ਅੰਬੇ ਸਟੀਲ ਇੰਡਸਟਰੀਜ਼ ਦੇ ਮਾਮਲੇ ਵਿੱਚ (MRFRS OF ਬਿਲੇਟਸ ਐਚਆਰ ਕੋਇਲਜ਼ ਅਤੇ ਈਆਰਡਬਲਯੂ ਪਾਈਪਾਂ) ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਐਕਟ, 2013 ਦੀ ਧਾਰਾ 366 ਦੇ ਅਨੁਸਾਰ, ਮੈਸਰਜ਼ ਸ੍ਰੀ ਅੰਬੇ ਸਟੀਲ ਇੰਡਸਟਰੀਜ਼, ਇੱਕ ਪਾਰਟਨਰਸ਼ਿਪ ਫਰਮ, ਦੁਆਰਾ ਰਜਿਸਟਰਾਰ ਆਫ਼ ਕੰਪਨੀਆਂ, ਆਰਓਸੀਸੀਆਰਸੀ, ਆਈਆਈਸੀਏ, ਮਾਨੇਸਰ ਪਲਾਟ ਨੰਬਰ 6, 7 ਅਤੇ 8, ਸੈਕਟਰ-5, ਆਈਐਮਟੀ ਮਾਨੇਸਰ, ਗੁੜਗਾਓਂ ਨੂੰ ਇੱਕ ਪ੍ਰਾਈਵੇਟ ਲਿਮਟਿਡ ਕੰਪਨੀ ਵਜੋਂ ਰਜਿਸਟ੍ਰੇਸ਼ਨ ਲਈ ਇੱਕ ਅਰਜ਼ੀ ਦਿੱਤੀ ਗਈ ਹੈ।ਪ੍ਰਸਤਾਵਿਤ ਕੰਪਨੀ ਦੇ ਮੁੱਖ ਉਦੇਸ਼ਹਨ: ਹੋਰ ਬੁਨਿਆਦੀ ਲੋਹੇ ਅਤੇ ਸਟੀਲ ਐਨ.ਈ.ਸੀ. ਦਾ ਨਿਰਮਾਣ।ਕੰਪਨੀ ਦੇ ਪ੍ਰਸਤਾਵਿਤ ਪਹਿਲੇ ਨਿਰਦੇਸ਼ਕ ਹਨ:

ਸ੍ਰੀ ਅਜੈ ਬਾਂਸਲ
ਸ੍ਰੀ ਮੁਨੀਸ਼ ਗੋਇਲ
ਸ੍ਰੀ ਸੁਸ਼ੀਲ ਬਾਂਸਲ
ਸ੍ਰੀ ਪੁਨੀਤ ਜੈਦਕਾ
ਸ੍ਰੀ ਸੁਮਿਤ ਗਰਗ

ਪ੍ਰਸਤਾਵਿਤ ਕੰਪਨੀ ਦੇ ਡਰਾਫਟ ਮੈਮੋਰੰਡਮ ਅਤੇ ਆਰਟੀਕਲ ਆਫ਼ ਐਸੋਸੀਏਸ਼ਨ ਦੀ ਇੱਕ ਕਾਪੀ ਫਰਮ ਦੇ ਦਫ਼ਤਰ ਪੀਰ ਗੱਜੂਸ਼ਾਹ ਰੋਡ, ਪਿੰਡ ਅਲੌਰ, ਖੰਨਾ-141401 ਵਿਖੇ ਨਿਰੀਖਣ ਕੀਤੀ ਜਾ ਸਕਦੀ ਹੈ।ਇਹ ਵੀ ਨੋਟਿਸ ਦਿੱਤਾ ਜਾਂਦਾ ਹੈ ਕਿ ਇਸ ਅਰਜ਼ੀ 'ਤੇ ਇਤਰਾਜ਼ ਕਰਨ ਵਾਲਾ ਕੋਈ ਵੀ ਵਿਅਕਤੀ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 21 ਸਪਸ਼ਟ ਦਿਨਾਂ ਦੇ ਅੰਦਰ ਉਪਰੋਕਤ ਪਤੇ 'ਤੇ ਰਜਿਸਟਰਾਰ ਆਫ਼ ਕੰਪਨੀਆਂ ਨੂੰ ਲਿਖਤੀ ਰੂਪ ਵਿੱਚ ਆਪਣਾ ਇਤਰਾਜ਼ ਦੱਸ ਸਕਦਾ ਹੈ, ਜਿਸਦੀ ਇੱਕ ਕਾਪੀ ਬਿਨੈਕਾਰ ਨੂੰ ਉਸਦੇ ਦਫ਼ਤਰ ਪੀਰ ਗੱਜੂਸ਼ਾਹ ਰੋਡ, ਪਿੰਡ ਅਲੌਰ, ਖੰਨਾ-141401 ਵਿਖੇ ਭੇਜੀ ਜਾ ਸਕਦੀ ਹੈ। ਫਰਮ ਦੇ ਵੇਰਵੇ: ਨਾਮ: ਮੈਸਰਜ਼ ਸ੍ਰੀ ਅੰਬੇ ਸਟੀਲ ਇੰਡਸਟਰੀਜ਼, ਕਿਸਮ: ਪਾਰਟਨਰਸ਼ਿਪ ਫਰਮ

ਮਿਤੀ: 23.04.2026

ਮੈਸਰਜ਼ ਸ੍ਰੀ ਅੰਬੇ ਸਟੀਲ ਇੰਡਸਟਰੀਜ਼ ਲਈ ਅਤੇ ਉਨ੍ਹਾਂ ਵੱਲੋਂ
Sd/-
(ਸੁਸ਼ੀਲ ਬਾਂਸਲ)

## ਪਬਲਿਕ ਨੋਟਿਸ

'ਦੀ ਕਿਲੀ ਨਿਹਾਲ ਸਿੰਘ ਵਾਲਾ ਬਹੁਮੰਤਵੀਂ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ' ਪਿੰਡ ਕਿਲੀ ਨਿਹਾਲ ਸਿੰਘ ਵਾਲਾ (ਬਠਿੰਡਾ) ਵਿਚ ਸੇਲਜ਼ਮੈਨ ਦੀ ਭਰਤੀ ਲਈ ਇੰਟਰਵਿਊ ਮਿਤੀ 29/5/2026 ਨੂੰ ਦੁਪਹਿਰ 02:00 ਵਜੇ ਰੱਖੀ ਗਈ ਹੈ।

ਅਸਾਮੀ ਲਈ ਯੋਗਤਾ- ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਸ਼ਨ ਦੀ ਡਿਗਰੀ, ਦਸਵੀਂ ਪੱਧਰ 'ਤੇ ਪੰਜਾਬੀ ਦੀ ਵਿਦਿਆਕ ਯੋਗਤਾ, ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰਾਨਿਕਸ ਵਿਭਾਗ ਦੇ ਓ ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵਲੋਂ ਪ੍ਰਮਾਣਿਤ ਸੰਸਥਾ ਜਾਂ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ISO 9001 ਅਨੁਸਾਰ ਤਸਦੀਕ ਸ਼ੁਦਾ ਹੋਵੇ ਤੇ ਘੱਟ-ਘੱਟ 120 ਘੰਟੇ ਦਾ ਕੋਰਸ ਪਾਸ ਕੀਤਾ ਹੋਵੇ, ਉਮੀਦਵਾਰ ਸਭਾ ਦੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ, ਉਮਰ 18 ਸਾਲ ਤੋਂ 38 ਸਾਲ ਤੱਕ ਹੋਵੇ। ਅਰਜ਼ੀਆਂ ਦੇਣ ਦੀ ਅੰਤਿਮ ਮਿਤੀ 26/5/2026 ਤੱਕ ਹੈ। ਉਮੀਦਵਾਰ ਕੰਮ-ਕਾਰ ਵਾਲੇ ਕਿਸੇ ਵੀ ਦਿਨ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਅਰਜੀ ਸਭਾ ਦੇ ਦਫਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਭਰਤੀ ਮੈਰਿਟ ਦੇ ਅਧਾਰ 'ਤੇ ਕੀਤੀ ਜਾਵੇਗੀ।

ਸੰਪਰਕ :-
ਪ੍ਰਧਾਨ--94659 19063 ਸਕੱਤਰ-98782 41155

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਰਲੋਚਨ ਸਿੰਘ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ :- ਬਾਬਾ ਪੂਰਨ ਨਾਥ ਜੀ ਚੇਲਾ ਬਾਬਾ ਗਿਆਨ ਨਾਥ ਜੀ ਚੇਲਾ ਬਾਬਾ ਮੁਨਸ਼ੀ ਨਾਥ ਜੀ ਦਾ ਇੰਤਕਾਲ ਮਹੰਤ ਬਾਬਾ ਗਿਰਧਾਰੀ ਨਾਥ ਜੀ ਦੇ ਹੱਕ ਵਿੱਚ ਵਰਾਸਤ ਇੰਤਕਾਲ ਕਰਨ ਸੰਬੰਧੀ ਨੋਟਿਸ।

ਨੋਟਿਸ ਬਨਾਮ ਆਮ ਜਨਤਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਬਾ ਪੂਰਨ ਨਾਥ ਜੀ ਚੇਲਾ ਬਾਬਾ ਗਿਆਨ ਨਾਥ ਜੀ ਚੇਲਾ ਬਾਬਾ ਮੁਨਸ਼ੀ ਨਾਥ ਜੀ ਦਾ ਇੰਤਕਾਲ ਮਹੰਤ ਬਾਬਾ ਗਿਰਧਾਰੀ ਨਾਥ ਜੀ ਦੇ ਹੱਕ ਵਿੱਚ ਵਰਾਸਤ ਇੰਤਕਾਲ ਰਕਬਾ ਮੰਜ਼, ਤਹਿਸੀਲ ਲੋਪੋਕੇ ਤੇ ਖਸਰਾ ਨੰਬਰ :37//21, 38//14/2, 38//16, 38//17, 38//18/2, 43//5, 44//1, 41/2, 44//9, ਕੁੱਲ ਰਕਬਾ 60 ਕਨਾਲ 5 ਮਰਲੇ ਰਕਬੇ ਸੰਬੰਧੀ ਮੁਆਫੀ ਲੈਂਡ ਨਹੀਂ ਹੋਣ ਕਾਰਨ ਪ੍ਰਾਰਥੀ ਦੀ ਵਰਾਸਤ ਦਾ ਇੰਤਕਾਲ ਕਰਨ ਲਈ ਦਰਖਾਸਤ ਪ੍ਰਾਪਤ ਹੋਈ ਹੈ।

ਇਸ ਨੋਟਿਸ ਰਾਹੀਂ ਉਕਤ ਸੰਬੰਧੀ ਇੰਤਕਾਲ ਦਰਜ ਕਰਵਾਉਣ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਨਿਮਨਹਸਤਾਖਰ ਨੂੰ 15 ਦਿਨਾਂ ਦੇ ਅੰਦਰ-ਅੰਦਰ ਖੁਦ ਪੇਸ਼ ਹੋ ਕੇ ਦੇ ਸਕਦਾ ਹੈ।ਇਤਰਾਜ਼ ਪੇਸ਼ ਨਾ ਹੋਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹੀ/- ਸਹਾਇਕ ਕੁਲੈਕਟਰ ਦਰਜਾ ਦੋਮ ਲੋਪੋਕੇ।
ਨੰਬਰ/ਰੀਡਰ 2697 ਮਿਤੀ : 20/04/2026

## COURT NOTICE

(U/o 5 Rule 20 CPC)
In The Court of
Ms. Ekta Sahota
Additional Civil Judge Senior Division - 1, Patiala
CNR No. PBPT02-004912-2025
Next Date:- 13-05-2026
Simran Sekhon @ Monika
Vs.
General Public
Publication Issued To:
General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 13-05-2026 at 10:00 a.m.

For details Logon to https://highcourtchd.gov.in/?mod=district_notice&district=patiala

Additional Civil Judge Senior Division - 1, Patiala
Dated, this day of 18-04-2026

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

ਨੀਲਾਮੀ ਸੂਚਨਾ ਨੰ. : EAFZR-SLR26-21

ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ : 07/05/2026 को 11:00 Hrs.

ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 18104/F1 & 14620/19 ਵਿਚ ਰਾਊਂਡ ਟ੍ਰਿਪ VP.

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

1335/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## AXIS BANK LTD.

ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : ''ਐਕਸਿਸ ਹਾਊਸ'' ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : ''ਤ੍ਰਿਸ਼ੂਲ'' ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਸ੍ਰੀ ਰਾਜੇਸ਼ ਖੰਨਾ ਪੁੱਤਰ ਮਦਨ ਲਾਲ (2) ਸ੍ਰੀਮਤੀ ਪ੍ਰੀਤੀ ਪਤਨੀ ਰਾਜੇਸ਼ ਖੰਨਾ ਤੋਂ ਸਕਿਉਰਡ ਕ੍ਰੈਡਿਟਰ ਦੀ 21 ਅਪ੍ਰੈਲ 26 ਨੂੰ ਬਕਾਇਆ ਰਕਮ ਰੁਪਏ 13,18,186/- (ਤੇਰਾਂ ਲੱਖ ਅਠਾਰਾਂ ਹਜ਼ਾਰ ਇੱਕ ਸੌ ਛਿਆਸੀ ਰੁਪਏ ਕੇਵਲ) ਸਮੇਤ ਰਕਮ ਦੀ ਅਸਲ ਅਦਾਇਗੀ ਦੀ ਮਿਤੀ ਤੱਕ ਅਣਲਾਗੂਯੋਗ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ''ਜਿਵੇਂ ਹੈ ਜਿੱਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਉੱਥੇ ਜੋ ਵੀ ਹੈ'' ਦੇ ਅਧਾਰ 'ਤੇ 25 ਮਈ 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 33,62,489/- (ਤੇਤੀ ਲੱਖ ਬਾਹਠ ਹਜ਼ਾਰ ਚਾਰ ਸੌ ਉਨਾਨਵੇਂ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 3,36,248/- (ਤਿੰਨ ਲੱਖ ਛੱਤੀ ਹਜ਼ਾਰ ਦੋ ਸੌ ਅਠਤਾਲੀ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ। |
| ਬੋਲੀ ਵਾਧਾ ਰਕਮ | ਰੁਪਏ 20,000/- (ਵੀਹ ਹਜ਼ਾਰ ਰੁਪਏ ਕੇਵਲ) |
| ਈ ਐਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ, ''ਦੂਜੀ ਅਤੇ ਤੀਜੀ ਮੰਜ਼ਲ'' ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 25 ਮਈ 2026 ਨੂੰ 05.00 ਵਜੇ ਸ਼ਾਮ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 26 ਮਈ 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ ਜਾਇਦਾਦ ਦਾ ਵੇਰਵਾ : ਬੈਨਾਮਾ ਨੰ. 1400 ਮਿਤੀ 13 ਜੁਲਾਈ 2020 ਅਨੁਸਾਰ ਸ੍ਰੀ ਰਜੇਸ਼ ਖੰਨਾ ਪੁੱਤਰ ਸ੍ਰੀ ਮਦਨ ਲਾਲ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਰਿਹਾਇਸ਼ੀ ਯੂਨਿਟ ਨੰ. 1007, 10ਵੀਂ ਮੰਜ਼ਲ, ਟਾਵਰ ਨੰ. ਬੀ/ਟੀ-9, ਕਾਰਪੈਟ ਖੇਤਰ 473.594 ਵਰਗ ਫੁੱਟ, 43.998 ਵਰਗ ਮੀਟਰ, ਬਾਲਕੋਨੀ ਖੇਤਰ 100 ਵਰਗ ਫੁੱਟ, 9.29 ਵਰਗ ਮੀਟਰ, ਹੈਪੀ ਹੋਮਜ਼ ਵਿਖੇ ਸਥਿਤ, ਸੈਕਟਰ-86 ਫਰੀਦਾਬਾਦ, ਹਰਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮਿਤ ਕੁਮਾਰ ਮੋਬਾਇਲ ਨੰ. 9646223355 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 23 ਅਪ੍ਰੈਲ 2026, ਸਥਾਨ : ਹਰਿਆਣਾ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

## AXIS BANK LTD.

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਸਰੀ ਮੰਜ਼ਲ, ਜਾਇਦਾਦ # 7-ਈ ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : 'ਐਕਸਿਸ ਹਾਊਸ' ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : ''ਤ੍ਰਿਸ਼ੂਲ'' ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ। ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ/ਰਹਿਣਕਾਰ ਦਾ ਨਾਂਅ/ਪਤਾ | 1. ਡਿਮਾਂਡ ਨੋਟਿਸ ਦੀ ਮਿਤੀ 2. ਐੱਨ ਪੀ ਏ ਦੀ ਮਿਤੀ 3. ਕਬਜ਼ੇ ਦੀ ਮਿਤੀ 4. ਬਕਾਇਆ ਰਕਮ 13-2 ਨੋਟਿਸ ਅਨੁਸਾਰ |
|---|---|---|
| 1. | 1. ਮੈਸਰਜ਼ ਵਿਵੇਕ ਕੋਲਡ ਡਰਿੰਕਸ ਰਾਹੀਂ ਇਸ ਦੇ ਮਾਲਕ ਸ੍ਰੀ ਰੰਜੀਵ ਕੁਮਾਰ ਮਾਰਫਤ ਹੇਮ ਰਾਜ ਪਤਾ : ਥਾਣਾ ਰੋਡ, ਮੌੜ ਮੰਡੀ, ਮੌੜ ਕਲਾਂ, ਬਠਿੰਡਾ-151509, 2. ਸ੍ਰੀ ਰੰਜੀਵ ਕੁਮਾਰ ਮਾਰਫਤ ਹੇਮ ਰਾਜ, ਪਤਾ : ਗਲੀ ਨੰ. 1, ਖੇਤਾ ਕਲੋਨੀ, ਟਿੱਲਾ ਦੇ ਪਿਛਲੇ ਪਾਸੇ ਮੌੜ ਮੰਡੀ, ਬਠਿੰਡਾ-151509, 3. ਸ੍ਰੀ ਸੰਜੀਵ ਕੁਮਾਰ ਮਾਰਫਤ ਹੇਮ ਰਾਜ, ਪਤਾ : ਗਲੀ ਨੰ. 1, ਖੇਤਾ ਕਲੋਨੀ, ਟਿੱਲਾ ਦੇ ਪਿਛਲੇ ਪਾਸੇ, ਮੌੜ ਮੰਡੀ, ਬਠਿੰਡਾ-151509, 4. ਮੈਸਰਜ਼ ਵਿਵੇਕ ਟੈਲੀ ਵਰਲਡ ਰਾਹੀਂ ਇਸ ਦੇ ਮਾਲਕ ਸ੍ਰੀ ਸੰਜੀਵ ਕੁਮਾਰ ਮਾਰਫਤ ਹੇਮ ਰਾਜ, ਪਤਾ : ਸਾਹਮਣੇ ਆਈ ਸੀ ਆਈ ਸੀ ਆਈ ਬੈਂਕ, ਗੀਤਾ ਭਵਨ ਵਾਲੀ ਗਲੀ, ਮੌੜ ਮੰਡੀ, ਮੌੜ ਕਲਾਂ, ਬਠਿੰਡਾ-151509 | 1. 10 ਜੁਲਾਈ 2025 2. 21 ਅਪ੍ਰੈਲ 2025 3. 18 ਅਪ੍ਰੈਲ 2026 4. ਰੁਪਏ 23,15,881/- (ਤੇਈ ਲੱਖ ਪੰਦਰਾਂ ਹਜ਼ਾਰ ਅੱਠ ਸੌ ਇਕਾਸੀ ਰੁਪਏ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ : ਵਪਾਰਕ ਜਾਇਦਾਦ ਰਕਬਾ 15'x50' ਵਰਗ ਫੁੱਟ (83.33 ਵਰਗ ਗਜ਼) ਨਾਲ ਸੰਬੰਧਤ ਸਭ ਕੁੱਝ। ਲੜੀ ਨੰ. 886 ਨਾਲ ਐਮ ਸੀ ਕੋਲ ਰਜਿਸਟਰਡ, ਸਫਾ 84, ਬਲਾਕ ਨੰ. 2, ਸਾਲ 2017, ਮੌੜ ਮੰਡੀ ਦੀ ਐਮ ਸੀ ਹੱਦਾਂ ਦੇ ਅੰਦਰਵਾਰ, ਤਹਿਸੀਲ ਮੌੜ, ਜ਼ਿਲ੍ਹਾ ਬਠਿੰਡਾ। ਹੱਦਾਂ : ਪੂਰਬ : ਰਾਹ, ਪੱਛਮ : ਜਿੰਮੀ ਪੁੱਤਰ ਨਗੀਨ ਚੰਦ, ਉੱਤਰ : ਗੌਰਵ ਕੁਮਾਰ, ਦੱਖਣ : ਦੀਪਕ ਗਰਗ। | |
| 2. | 1. ਮੈਸਰਜ਼ ਵਿਵੇਕ ਟੈਲੀ ਵਰਲਡ ਰਾਹੀਂ ਇਸ ਦੇ ਮਾਲਕ ਸ੍ਰੀ ਸੰਜੀਵ ਕੁਮਾਰ ਮਰਫਤ ਹੇਮ ਰਾਜ, ਪਤਾ : ਸਾਹਮਣੇ ਆਈ ਸੀ ਆਈ ਸੀ ਆਈ ਬੈਂਕ, ਗੀਤਾ ਭਵਨ ਵਾਲੀ ਗਲੀ, ਮੌੜ ਮੰਡੀ, ਮੌੜ ਕਲਾਂ, ਬਠਿੰਡਾ-151509, 2. ਸ੍ਰੀ ਰੰਜੀਵ ਕੁਮਾਰ ਮਾਰਫਤ ਹੇਮ ਰਾਜ, ਪਤਾ : ਗਲੀ ਨੰ. 1, ਖੇਤਾ ਕਲੋਨੀ, ਟਿੱਲਾ ਦੇ ਪਿਛਲੇ ਪਾਸੇ, ਮੌੜ ਮੰਡੀ, ਬਠਿੰਡਾ-151509, 3. ਸ੍ਰੀ ਸੰਜੀਵ ਕੁਮਾਰ ਮਾਰਫਤ ਹੇਮ ਰਾਜ, ਪਤਾ : ਗਲੀ ਨੰ. 1, ਖੇਤਾ ਕਲੋਨੀ, ਟਿੱਲਾ ਦੇ ਪਿਛਲੇ ਪਾਸੇ, ਮੌੜ ਮੰਡੀ, ਬਠਿੰਡਾ-151509, 4. ਮੈਸਰਜ਼ ਵਿਵੇਕ ਕੋਲਡ ਡਰਿੰਕਸ ਰਾਹੀਂ ਇਸ ਦੇ ਮਾਲਕ ਸ੍ਰੀ ਰੰਜੀਵ ਕੁਮਾਰ ਮਾਰਫਤ ਹੇਮ ਰਾਜ ਪਤਾ : ਥਾਣਾ ਰੋਡ, ਮੌੜ ਮੰਡੀ, ਮੌੜ ਕਲਾਂ, ਬਠਿੰਡਾ-151509 | 1. 12 ਜੁਲਾਈ 2025 2. 25 ਮਈ 2025 3. 18 ਅਪ੍ਰੈਲ 2026 4. ਰੁਪਏ 42,01,484.90/- (ਬਤਾਲੀ ਲੱਖ ਇੱਕ ਹਜ਼ਾਰ ਚਾਰ ਸੌ ਚੁਰਾਸੀ ਰੁਪਏ ਅਤੇ ਨੱਬੇ ਪੈਸੇ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ : ਵਪਾਰਕ ਜਾਇਦਾਦ ਰਕਬਾ 15'x50' ਵਰਗ ਫੁੱਟ (83.33 ਵਰਗ ਗਜ਼) ਲੜੀ ਨੰ. 886 ਨਾਲ ਐਮ ਸੀ ਕੋਲ ਰਜਿਸਟਰਡ, ਸਫਾ 84, ਬਲਾਕ ਨੰ. 2, ਸਾਲ 2017, ਮੌੜ ਮੰਡੀ ਦੀਆਂ ਐਸ ਸੀ ਹੱਦਾਂ ਦੇ ਅੰਦਰਵਾਰ, ਤਹਿਸੀਲ ਮੌੜ, ਜ਼ਿਲ੍ਹਾ ਬਠਿੰਡਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਰਸਤਾ, ਪੱਛਮ : ਜਿੰਮੀ ਪੁੱਤਰ ਨਗੀਨ ਚੰਦ, ਉੱਤਰ : ਗੌਰਵ ਕੁਮਾਰ, ਦੱਖਣ : ਦੀਪਕ ਗਰਗ | |
| 3. | 1. ਮੈਸਰਜ਼ ਸ਼ਿਵ ਟਰੇਡਿੰਗ ਰਾਹੀਂ ਇਸ ਦੇ ਮਾਲਕ ਸ੍ਰੀ ਰਾਮ ਪਦਾਰਥ ਪੁੱਤਰ ਚਮਰੂ ਸ਼ਾਹ, ਪਤਾ : ਗਾਂਧੀ ਬਸਤੀ ਰੋਡ, ਰਾਮਪੁਰਾ ਫੂਲ, ਬਠਿੰਡਾ-151103, 2. ਸ੍ਰੀ ਰਾਮ ਪਦਾਰਥ ਪੁੱਤਰ ਚਮਰੂ ਸ਼ਾਹ, ਪਤਾ : #41 ਗਾਂਧੀ ਨਗਰ ਰੋਡ, ਰਾਮਪੁਰਾ ਫੂਲ, ਬਠਿੰਡਾ-151103, 3. ਕਾਨੂੰਨੀ ਵਾਰਿਸ ਸ੍ਰੀਮਤੀ ਨਿਰਮਲਾ ਦੇਵੀ ਪਤਨੀ ਰਾਮ ਪਦਾਰਥ, ਪਤਾ : #41 ਗਾਂਧੀ ਨਗਰ ਰੋਡ, ਰਾਮਪੁਰਾ ਫੂਲ, ਬਠਿੰਡਾ-151103 | 1. 12 ਫਰਵਰੀ 2025 2. 29 ਨਵੰਬਰ 2024 3. 18 ਅਪ੍ਰੈਲ 2026 4. ਰੁਪਏ 51,51,680/- (ਇਕਵੰਜਾ ਲੱਖ ਇਕਵੰਜਾ ਹਜ਼ਾਰ ਛੇ ਸੌ ਅੱਸੀ ਰੁਪਏ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ : ਰਿਹਾਇਸ਼ੀ-ਕਮ-ਵਪਾਰਕ ਜਾਇਦਾਦ ਰਕਬਾ 70.18 ਵਰਗ ਗਜ਼ ਰਾਮਪੁਰਾ ਫੂਲ ਵਿਖੇ ਸਥਿਤ, ਤਹਿਸੀਲ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਵਿਜੇ ਕੁਮਾਰ ਅਤੇ ਹੋਰ, ਪੱਛਮ : ਸੜਕ, ਉੱਤਰ : ਵਿਜੇ ਕੁਮਾਰ ਅਤੇ ਹੋਰ, ਦੱਖਣ : ਪ੍ਰਦੁੱਮਣ ਸਿੰਘ ਅਤੇ ਹੋਰ। | |

ਮਿਤੀ : 23.04.2026, ਸਥਾਨ : ਪੰਜਾਬ ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-CTG26-2 | 27.04.26 ਨੂੰ 11:30 ਵਜੇ | ਫਗਵਾੜਾ ਰੇਲਵੇ ਸਟੇਸ਼ਨ ਉਤੇ ਕੈਟਰਿੰਗ ਸਟਾਲ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-AVM26-1 | 27.04.26 11:30 | ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਆਟੋਮੈਟਿਕ ਵੈਂਡਿੰਗ ਮਸ਼ੀਨਾਂ ਦੀ ਸਥਾਪਨਾ ਅਤੇ ਸੰਚਾਲਨ |
| EAFZR-MIS26-7 | 28.04.26 ਨੂੰ 11:30 ਵਜੇ | ਕ) ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਪੂਜਾ ਸਮਗਰੀ ਸਟੋਰ ਅਤੇ ਮੋਬਾਈਲ ਵਿਕਰੀ ਕਿਓਸਕ ਦੀ ਸਥਾਪਨਾ ਅਤੇ ਸੰਚਾਲਨ। ਖ) ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਰੇਲ ਕੋਚ ਰੇਸਟੋਰੇਂਟ ਦੇ ਰੂਪ ਵਿਚ ਰੇਲ ਕੋਚ ਦੇ ਨਵੀਨੀਕਰਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। ਗ) ਲੁਧਿਆਣਾ ਰੇਲਵੇ ਸਟੇਸ਼ਨ ਉਤੇ (ਟੀਟੀਈ ਰੇਸਟ ਹਾਊਸ ਦੇ ਕੋਲ) ਫੂਡ ਵੈਨ ਦੀ ਸਥਾਪਨਾ ਅਤੇ ਸੰਚਾਲਨ। |
| EAFZR-ADVT26-11 | 29.04.26 ਨੂੰ 11:30 ਵਜੇ | ਗ) ਵਿਗਿਆਪਨ ਅਧਿਕਾਰ ਲਈ ਠੇਕੇ ਦਾ ਅਲਾਟਮੈਂਟ: ਕ) ਟ੍ਰੇਨ ਨੰ. 20424/23, 14622/21/26/25, 14680/79/82/81 ਅਤੇ 12408/07 ਦੇ ਕੋਚਾਂ ਦੇ ਬਾਹਰੀ ਹਿਸੇ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ। ਖ) ਲੁਧਿਆਣਾ ਰੇਲਵੇ ਸਟੇਸ਼ਨ ਤੇ 5 ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਉਤੇ। |
| EAFZR-SBS26-1 | 30.04.26 ਨੂੰ 11:30 ਵਜੇ | ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਸਿੰਗਲ ਬ੍ਰਾਂਡ ਪ੍ਰੀਮਿਯਮ ਸਟੋਰ ਦੀ ਸਥਾਪਨਾ ਅਤੇ ਸੰਚਾਲਨ ਦੇ ਲਈ ਠੇਕਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। ਨੰਬਰ NR-FZR0COML(NFR)/18/2024 ਮਿਤੀ 21.04.2026

ਸੀਨਅਰ ਮੰਡਲ ਵਾਣਿਜ ਪ੍ਰਬੰਧਕ
ਉੱਤਰ ਰੇਲਵੇ, ਫਿਰੋਜ਼ਪੁਰ

1328/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸਨਅਤੀ ਮਜ਼ਦੂਰਾਂ ਨੇ ਮੋਦੀ ਤੇ ਯੋਗੀ ਦੇ ਪੁਤਲੇ ਸਾੜੇ

**ਬੰਗਾ (ਅਵਤਾਰ ਕਲੇਰ)**

ਇਫਟੂ, ਸੀ ਟੀ ਯੂ, ਏਕਟੂ, ਏਟਕ, ਸੀਟੂ ਪੰਜਾਬ, ਡੀ ਐੱਮ ਐੱਫ, ਪੇਂਡੂ ਮਜ਼ਦੂਰ ਯੂਨੀਅਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਹਰਿਆਣਾ ਯੂ ਪੀ ਅਤੇ ਦਿੱਲੀ ਵਿੱਚ ਚੱਲ ਰਹੇ ਸਨਅਤੀ ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਪੰਜਾਬ ਅੰਦਰ ਇੱਕ ਦਰਜਨ ਤੋਂ ਵੱਧ ਥਾਵਾਂ ਉੱਤੇ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਆਦਿਤਿਆ ਨਾਥ ਯੋਗੀ ਦੇ ਪੁਤਲੇ ਫੂਕੇ ਗਏ।ਪ੍ਰਾਪਤ ਖ਼ਬਰਾਂ ਅਨੁਸਾਰ ਇਹ ਪੁਤਲੇ ਨਵਾਂਸ਼ਹਿਰ, ਗੁਰਦਾਸਪੁਰ, ਪਠਾਨਕੋਟ, ਪਟਿਆਲਾ, ਮੁਕਤਸਰ, ਫਰੀਦਕੋਟ, ਮਾਨਸਾ, ਅੰਮ੍ਰਿਤਸਰ, ਚਮਕੌਰ ਸਾਹਿਬ, ਮੋਰਿੰਡਾ, ਅਬੋਹਰ, ਮਲੋਟ, ਫਾਜ਼ਿਲਕਾ, ਨੂਰਮਹਿਲ, ਕਰਤਾਰ ਵਿਖੇ ਫੂਕੇ ਗਏ।ਇਹਨਾਂ ਥਾਵਾਂ ਉੱਤੇ ਇੱਕਠਾਂ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਅਵਤਾਰ ਸਿੰਘ ਤਾਰੀ, ਏਟਕ ਦੇ ਆਗੂ ਨਿਰਮਲ ਧਾਲੀਵਾਲ, ਏਕਟੂ ਦੇ ਆਗੂ ਸੁਦਰਸ਼ਨ ਨੱਤ, ਸੀਟੂ ਪੰਜਾਬ ਦੇ ਆਗੂ ਨੱਥਾ ਸਿੰਘ,ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁਗਸ਼ੋਰ, ਜਮਹੂਰੀ ਮੁਲਾਜ਼ਮ ਫਰੰਟ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਛੱਜਲਵੱਡੀ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਵਿਕਰਮ ਦੇਵ ਸਿੰਘ, ਹਰਦੀਪ ਟੋਡਰ ਪੁਰ ਨੇ ਸੰਬੋਧਨ ਕਰਦਿਆਂ ਕਿਹਾ ਸਰਕਾਰ, ਪੂੰਜੀਪਤੀਆਂ, ਪ੍ਰਬੰਧਨ ਅਤੇ ਕਿਰਤ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਮਿਲੀਭੁਗਤ ਕਾਰਨ ਦੇਸ਼ ਭਰ ਦੇ ਮਜ਼ਦੂਰਾਂ ਨੂੰ ਸੜਕਾਂ 'ਤੇ ਉਤਰਨ ਲਈ ਮਜਬੂਰ ਕੀਤਾ ਗਿਆ ਹੈ।ਹੜਤਾਲੀ ਮਜ਼ਦੂਰ ਸਾਰੇ ਦੇਸ਼ ਦੇ ਮਜ਼ਦੂਰ ਵਰਗ ਦੀ ਲੜਾਈ ਲੜ ਰਹੇ ਹਨ।ਉਹਨਾਂ ਨੇ ਚਾਰ ਕਿਰਤ ਕੋਡ ਰੱਦ ਕਰਨ ਕਿਰਤ ਕਾਨੂੰਨ ਲਾਗੂ ਕਰਨ, ਖਾਸ ਕਰਕੇ ਘੱਟੋ-ਘੱਟ ਉਜਰਤਾਂ ਅਤੇ 8 ਘੰਟੇ ਦੇ ਕੰਮਕਾਜ ਨੂੰ ਯਕੀਨੀ ਬਣਾਉਣ, ਪੂਰੇ ਦੇਸ਼ ਲਈ ਘੱਟੋ-ਘੱਟ 30,000 ਰੁਪਏ ਪ੍ਰਤੀ ਮਹੀਨਾ ਉਜਰਤ ਦਾ ਐਲਾਨ ਕਰਨ, ਕਿਰਤ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਪ੍ਰਬੰਧਨ/ਮਾਲਕਾਂ ਨੂੰ ਸਜ਼ਾਵਾਂ ਦੇਣ, ਗ੍ਰਿਫ਼ਤਾਰ ਕੀਤੇ ਗਏ ਸਾਰੇ ਕਾਮਿਆਂ ਨੂੰ ਰਿਹਾਅ ਕਰਨ, ਸਾਰੇ ਕੇਸ ਵਾਪਸ ਲੈਣ ਦੀ ਮੰਗ ਕੀਤੀ।

# ਖ਼ੂਨਦਾਨ ਕੈਂਪ ਭਲਕੇ

**ਮੋਹਨੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਰਿਹਾਣਾ ਜੱਟਾਂ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਸਤਿਗੁਰੂ ਮਾਤਾ ਸੁਦੀਕਸ਼ਾ ਦੀ ਅਪਾਰ ਕਿਰਪਾ ਨਾਲ ਸੰਤ ਨਿਰੰਕਾਰੀ ਸਤਿਸੰਗ ਭਵਨ ਦੇ ਅਸਥਾਨ ਤੇ ਸਾਲਾਨਾ 14ਵਾਂ ਵਿਸ਼ਾਲ ਖ਼ੂਨਦਾਨ ਕੈਂਪ 24 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸੰਤ ਨਿਰੰਕਾਰੀ ਸਤਿਸੰਗ ਭਵਨ ਬ੍ਰਾਂਚ ਰਿਹਾਣਾ ਜੱਟਾਂ ਦੇ ਮੁੱਖੀ ਨਰਿੰਦਰ ਪਾਲ ਰਿਹਾਣਾ ਜੱਟਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ 14ਵਾਂ ਵਿਸ਼ਾਲ ਖ਼ੂਨਦਾਨ ਕੈਂਪ ਦਾ ਇਲਾਕੇ ਭਰ ਤੋਂ ਸਰਪੰਚ,ਪੰਚ, ਜ਼ਿਲ੍ਹਾ ਪ੍ਰੀਸ਼ਦ ਸਾਝੇ ਤੌਰ ਤੇ ਰੀਬਨ ਕੱਟ ਕੇ ਸਾਂਝੇ ਤੌਰ ਤੇ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ 24 ਅਪ੍ਰੈਲ ਨੂੰ ਸਲਾਨਾ 14ਵੇਂ ਵਿਸ਼ਾਲ ਖ਼ੂਨਦਾਨ ਕੈਂਪ ਦੌਰਾਨ ਇਲਾਕੇ ਭਰ ਤੋਂ ਪ੍ਰਮੁੱਖ ਸ਼ਖ਼ਸ਼ੀਅਤਾਂ ਪੁੱਜ ਰਹੀਆਂ ਸੰਗਤਾਂ ਹਨ। ਉਨ੍ਹਾਂ ਦੱਸਿਆ ਕਿ ਸਲਾਨਾ 14ਵੇਂ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਵੱਖ ਵੱਖ ਸ਼ਹਿਰਾਂ ਬਲੱਡ ਬੈਂਕਾਂ ਖ਼ੂਨ ਪ੍ਰਾਪਤ ਕਰਨ ਲਈ ਪੁੱਜ ਰਹੀਆਂ ਹਨ।ਇਸ ਪ੍ਰੋਗਰਾਮ ਦੀ ਜਾਣਕਾਰੀ ਡਾਕਟਰ ਪਰਮਜੀਤ ਸਿੰਘ ਬੱਧਣ ਭੁੰਗਰਨੀ, ਡਾਕਟਰ ਕੁਲਦੀਪ ਕੌਰ ਬੱਧਣ ਭੁੰਗਰਨੀ ਨੇ ਪ੍ਰੈਸ ਨੂੰ ਦਿੱਤੀ।

# ਵਪਾਰੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸੰਬੰਧੀ ਮੀਟਿੰਗ




**ਕਪੂਰਥਲਾ (ਮਨਜੀਤ ਮਾਨ)**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਕਪੂਰਥਲਾ ਦੀ ਇੱਕ ਰੋਜ਼ਾਨੀ ਮੀਟਿੰਗ ਡਿਪਟੀ ਕਮਿਸ਼ਨਰ ਕਪੂਰਥਲਾ ਦੇ ਕਾਨਫਰੰਸ ਹਾਲ ਵਿੱਚ ਡੀ ਸੀ, ਐੱਸ ਪੀ ਹੈੱਡ ਕੁਆਰਟਰ ਗੁਰਪ੍ਰੀਤ ਸਿੰਘ ਤੇ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ (ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਕਪੂਰਥਲਾ) ਦੇ 'ਜ਼ਿਲ੍ਹਾ ਚੇਅਰਮੈਨ ਕੰਵਰ ਇਕਬਾਲ ਸਿੰਘ' ਹਰਿੰਦਰ ਸਿੰਘ ਮਨੋਚਾ ਦੁਆਬਾ ਜੋਨ ਇੰਚਾਰਜ ਅਤੇ ਸਟੇਟ ਮੈਂਬਰ, ਅਸਿਸਟੈਂਟ ਕਮਿਸ਼ਨਰ ਜਨਰਲ ਕਿਰਪਾਲ ਵੀਰ ਸਿੰਘ, ਐੱਸ ਡੀ ਐੱਮ ਕਪੂਰਥਲਾ ਇਰਵਿਨ ਕੌਰ, ਐੱਸ ਡੀ ਐੱਮ ਫਗਵਾੜਾ, ਐੱਸ ਡੀ ਐੱਮ ਸੁਲਤਾਨਪੁਰ ਲੋਧੀ ਗੁਰਮਦੀਪ ਸਿੰਘ ਹੀਰ, ਸਮੇਤ ਲਕਸ਼ ਚੌਧਰੀ ਚੇਅਰਮੈਨ ਹਲਕਾ ਭੁਲੱਥ, ਜਰਨੈਲ ਸਿੰਘ ਸਰਵਾਰਾ ਚੇਅਰਮੈਨ ਹਲਕਾ ਟ੍ਰੇਡਰਜ਼ ਕਮਿਸ਼ਨ ਸੁਲਤਾਨਪੁਰ ਲੋਧੀ, ਸੁਸ਼ੀਲ ਕੁਮਾਰ ਬੱਬੀ ਚੱਮ ਚੇਅਰਮੈਨ ਹਲਕਾ ਟ੍ਰੇਡਰਜ਼ ਕਮਿਸ਼ਨ ਫਗਵਾੜਾ, ਰਮਨ ਮਲਹੋਤਰਾ ਚੇਅਰਮੈਨ ਹਲਕਾ ਟ੍ਰੇਡਰਜ਼ ਕਮਿਸ਼ਨ ਕਪੂਰਥਲਾ ਆਦਿ ਦੀ ਅਗਵਾਈ ਹੇਠ ਹੋਈ।ਵਿੱਤ ਮੰਤਰੀ ਪੰਜਾਬ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਸੂਬੇ ਵਿੱਚ ਗਠਿਤ 'ਚੇਅਰਮੈਨ ਪੰਜਾਬ ਟ੍ਰੇਡਰਜ਼ ਕਮਿਸ਼ਨ' ਤੇ ਅਨਿਲ ਠਾਕੁਰ ਵਾਈਸ ਚੇਅਰਮੈਨ ਪੰਜਾਬ ਟ੍ਰੇਡਰਜ਼ ਕਮਿਸ਼ਨ ਵੱਲੋਂ ਪੂਰੇ ਪੰਜਾਬ ਵਿੱਚ ਕੀਤੀਆਂ ਜਾ ਰਹੀਆਂ ਵਪਾਰੀਆਂ ਅਤੇ ਸਰਕਾਰੀ ਅਧਿਕਾਰੀਆਂ ਦੀਆਂ ਮੀਟਿੰਗਾਂ ਵਿੱਚ ਵਪਾਰੀਆਂ ਵੱਲੋਂ ਲਿਖਤੀ ਰੂਪ ਵਿੱਚ ਦਿੱਤੀਆਂ ਜਾ ਰਹੀਆਂ ਸ਼ਿਕਾਇਤਾਂ ਜੋ ਕਿ ਪੰਜਾਬ ਸਰਕਾਰ ਦੇ ਪੋਰਟਲ ਤੇ ਆਨਲਾਈਨ ਦਰਜ ਹਨ, ਦੇ ਨਿਵਾਰਨ ਸਬੰਧੀ ਨਗਰ ਨਿਗਮ ਕਪੂਰਥਲਾ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਸਹਾਇਕ ਕਮਿਸ਼ਨਰ ਸਟੇਟ ਟੈਕਸ, ਸਹਾਇਕ ਕਮਿਸ਼ਨਰ ਆਬਕਾਰੀ, ਨਿਗਰਾਨ ਇੰਜੀਨੀਅਰ ਪੀ.ਐਸ. ਪੀ.ਸੀ.ਐਲ, ਕਾਰਜਕਾਰੀ ਇੰਜੀਨੀਅਰ ਲੋ.ਨਿ.ਵਿ, ਕਾਰਜਕਾਰੀ ਇੰਜੀਨੀਅਰ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)/(ਐਲੀ.ਸਿ), ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ, ਸਹਾਇਕ ਕਿਰਤ ਕਮਿਸ਼ਨਰ ਕਪੂਰਥਲਾ ਆਦਿ ਵਿਭਾਗਾਂ ਤੋਂ ਆਏ ਅਧਿਕਾਰੀਆਂ ਤੋਂ ਵਪਾਰੀਆਂ ਵੱਲੋਂ ਲਿਖਤੀ ਰੂਪ ਵਿੱਚ ਆਈਆਂ ਸ਼ਿਕਾਇਤਾਂ ਨੂੰ ਹੱਲ ਕਰਨ ਸਬੰਧੀ ਰਿਪੋਰਟ ਮੰਗੀ ਗਈ। ਜਿਸ ਬਾਬਤ ਹਰ ਅਧਿਕਾਰੀ ਨੇ ਆਪੋ-ਆਪਣਾ ਪੱਖ ਰੱਖ ਕੇ ਲਿਖਤੀ ਰੂਪ ਵਿੱਚ ਰਿਪੋਰਟ ਪੇਸ਼ ਕੀਤੀ। ਪੰਜਾਬ ਸਰਕਾਰ ਦੇ ਪੋਰਟਲ ਤੇ ਨਜ਼ਰ ਆ ਰਹੀਆਂ ਨਗਰ ਨਿਗਮ ਕਪੂਰਥਲਾ, ਪੀ ਡਬਲਯੂ ਡੀ ਵਿਭਾਗ, ਬਿਜਲੀ ਬੋਰਡ, ਐਕਸਾਈਜ਼ ਵਿਭਾਗ, ਨਾਲ ਸਬੰਧਤ ਪੂਰੇ ਜ਼ਿਲ੍ਹੇ ਦੀਆਂ ਸ਼ਿਕਾਇਤਾਂ ਸਬੰਧੀ ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਅਕਾਸ਼ ਬਾਂਸਲ ਨੇ ਹਰ ਵਿਭਾਗ ਨੂੰ ਛੇਤੀ ਤੋਂ ਛੇਤੀ ਨਿਪਟਾਰਾ ਕਰਨ ਦਾ ਹੁਕਮ ਦਿੱਤਾ।

# ਜਸਵਿੰਦਰ ਸਿੰਘ ਚੌਹਾਨ ਬਣੇ ਵਾਰਸ ਪੰਜਾਬ ਦੇ ਕੰਧਾਲਾ ਜੱਟਾਂ ਸਰਕਲ ਪ੍ਰਧਾਨ



**ਅੱਡਾ ਸਰਾਂ (ਜਸਵੀਰ ਕਾਜਲ)**- ਅਕਾਲੀ ਦਲ ਵਾਰਸ ਪੰਜਾਬ ਦੀ ਵਿਸ਼ੇਸ਼ ਇੱਕਤਰਤਾ ਅੱਡਾ ਸਰਾਂ ਪਿੰਡ ਕੰਧਾਲਾ ਜੱਟਾਂ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਅਵਤਾਰ ਸਿੰਘ ਸੇਖੋਂ ਦੀ ਰਹਿਨਮਾਈ ਹੇਠ ਹੋਈ ਮੀਟਿੰਗ ਦੌਰਾਨ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਵੱਖ ਵੱਖ ਪਿੰਡਾਂ ਤੋਂ ਆਏ ਪਾਰਟੀ ਵਰਕਰਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਲਾਮਬੰਦ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਸੇਖੋਂ ਨੇ ਸੰਬੋਧਨ ਵਿਚ ਕਿਹਾ ਕਿ ਪੰਜਾਬ ਦੇ ਬੱਚਿਆਂ ਦੇ ਮਾਂ ਪਿਉ ਚਾਹੁੰਦੇ ਹਨ ਉਨ੍ਹਾਂ ਦੇ ਬੱਚਿਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ। ਇਸ ਮੌਕੇ ਅਵਤਾਰ ਸਿੰਘ ਸੇਖੋਂ ਨੇ ਪਾਰਟੀ ਦੀ ਲਹਿਰ ਨੂੰ ਹੋਰ ਮਜ਼ਬੂਤ ਕਰਨ ਲਈ ਸਰਕਲ ਕੰਧਾਲਾ ਜੱਟਾਂ ਵਿਚ ਅਕਾਲੀ ਦਲ ਵਾਰਿਸ ਦੇ ਪਾਰਟੀ ਵਿਚ ਭਾਰੀ ਤਾਦਾਦ ਵਿਚ ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਪਾਰਟੀ ਨਾਲ ਜੋੜਿਆ ਜਿਨ੍ਹਾਂ ਵਿਚ ਸਰਕਲ ਕੰਧਾਲਾ ਜੱਟਾਂ ਤੋਂ ਜਸਵਿੰਦਰ ਸਿੰਘ ਚੌਹਾਨ ਨੂੰ ਪਾਰਟੀ ਪ੍ਰਧਾਨ ਨਿਯੁਕਤ ਕੀਤਾ ਅਤੇ ਮਨਦੀਪ ਸਿੰਘ ਨੂੰ ਜਨਰਲ ਸਕੱਤਰ, ਮਨਪ੍ਰੀਤ ਸਿੰਘ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਹੈ।

# ਨਵੇਂ ਆਏ ਪੁਲਸ ਅਧਿਕਾਰੀਆਂ ਤੇ ਪੱਤਰਕਾਰਾਂ ਦੀ ਮੀਟਿੰਗ



**ਸ਼ਾਹਕੋਟ (ਗਿਆਨ ਸੈਦਪੁਰੀ)**- ਨਵੇਂ ਆਏ ਡੀ. ਐਸ. ਪੀ. ਸ਼ਾਹਕੋਟ ਸਰਵਣ ਸਿੰਘ ਬੱਲ ਤੇ ਐੱਸ ਐੱਚ ਓ ਦਿਲਬਾਗ ਸਿੰਘ ਵਿੱਲੋਂ ਵੱਲੋਂ ਸਥਾਨਕ ਪੱਤਰਕਾਰਾਂ ਨਾਲ ਮੀਟਿੰਗ ਕੀਤੀ ਗਈ। ਦੋਵਾਂ ਅਧਿਕਾਰੀਆਂ ਨੇ ਪੱਤਰਕਾਰਾਂ ਦੇ ਸਹਿਯੋਗ ਦੀ ਆਸ ਕੀਤੀ ਅਤੇ ਆਪਣੇ ਵੱਲੋਂ ਪੂਰਾ ਤਾਲਮੇਲ ਰੱਖਣ ਦਾ ਯਕੀਨ ਦਿਵਾਇਆ। ਹਰ ਵਾਰ ਨਵੇਂ ਆਏ ਅਧਿਕਾਰੀਆਂ ਕੋਲ ਪੱਤਰਕਾਰਾਂ ਵੱਲੋਂ ਮਸਲੇ ਧਿਆਨ 'ਚ ਲਿਆਉਣ ਦੇ ਬਾਵਜੂਦ ਅਣਸੁਲਝੇ ਰਹਿ ਜਾਣ ਦੇ ਵਰਤਾਰੇ ਦੀ ਗੱਲ ਵੀ ਚੱਲੀ। ਇਸ ਬਾਰੇ ਡੀ ਐੱਸ ਪੀ ਬੱਲ ਨੇ ਕਿਹਾ ਕਿ ਇਸ ਵਾਰ ਹਰ ਸਮੱਸਿਆ ਹੱਲ ਕਰਨ ਦਾ ਸੰਜੀਦਗੀ ਨਾਲ ਯਤਨ ਕੀਤਾ ਜਾਵੇਗਾ। ਮੀਟਿੰਗ ਦੌਰਾਨ ਸ਼ਹਿਰ ਦੀ ਸਮੱਸਿਆ, ਨਸ਼ਿਆਂ ਦੀ ਮਾਰ, ਸ਼ਹਿਰ ਵਿੱਚ ਗੈਰ ਸਮਾਜਕ ਧੰਦੇ ਆਦਿ ਦੇ 'ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਹੋਇਆ। ਦੋਵਾਂ ਅਧਿਕਾਰੀਆਂ ਵੱਲੋਂ ਕੁਝ ਮਨਚਲਿਆਂ ਵੱਲੋਂ ਮੋਟਰ ਸਾਈਕਲਾਂ 'ਤੇ ਪਟਾਕੇ ਪਾਉਣ ਅਤੇ ਟਰੈਕਟਰਾਂ 'ਤੇ ਉੱਚੀ ਆਵਾਜ਼ ਵਿੱਚ ਡੈੱਕ ਲਾਉਣ ਦੇ ਵਰਤਾਰੇ ਨੂੰ ਰੋਕਣ ਦਾ ਵੀ ਭਰੋਸਾ ਦਿੱਤਾ ਗਿਆ।

# ਨੰਬਰਦਾਰ ਯੂਨੀਅਨ ਨੇ ਚੀਮਾ ਨਾਲ ਕੀਤੀ ਮੁਲਾਕਾਤ

**ਨਕੋਦਰ (ਮਨਜੀਤ ਮਾਨ)**- ਪੰਜਾਬ ਨੰਬਰਦਾਰ ਯੂਨੀਅਨ ਰਜਿ. 643 ਦੇ ਸੂਬਾ ਪ੍ਰਧਾਨ ਸਰਦਾਰ ਗੁਰਪਾਲ ਸਿੰਘ ਸਮਰਾ ਤੇ ਉਨ੍ਹਾਂ ਨਾਲ ਵਫਦ ਵਿੱਚ ਗਏ ਗੁਰਦਰਸ਼ਨ ਸਿੰਘ ਗਲੋਂਕੀ ਸੂਬਾ ਚੀਫ ਪੈਟਰਨ, ਰਘਬੀਰ ਸਿੰਘ ਰਾਮਪੁਰ ਸੂਬਾ ਸਕੱਤਰ ਜਨਰਲ, ਜਸਵੰਤ ਸਿੰਘ ਰੰਧਾਵਾ ਸੀਨੀਅਰ ਮੀਤ ਪ੍ਰਧਾਨ, ਸੁਰਜੀਤ ਸਿੰਘ ਨਨਹੇੜਾ ਸੀਨੀਅਰ ਮੀਤ ਪ੍ਰਧਾਨ, ਹਰਕੰਵਲ ਸਿੰਘ ਮੁੱਧ ਸੀਨੀਅਰ ਮੀਤ ਪ੍ਰਧਾਨ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ। ਜਿਸ ਵਿਚ ਪੰਜਾਬ ਨੰਬਰਦਾਰ ਯੂਨੀਅਨ ਵੱਲੋਂ ਦੋ ਮੁੱਖ ਮੰਗਾਂ ਜਿਨ੍ਹਾਂ ਵਿਚ ਮਾਣਭੱਤਾ ਪੰਜ ਹਜ਼ਾਰ ਰੁਪਏ ਤੇ ਨੰਬਰਦਾਰੀ ਜੱਦੀ ਪੁਸ਼ਤੀ ਕਰਨਾ ਸੀ। ਸੂਬਾ ਪ੍ਰਧਾਨ ਸਮਰਾ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਦੋਵੇਂ ਮੰਗਾਂ ਪੇਸ਼ ਕੀਤੀਆਂ। ਜਿਸ ਨੂੰ ਮਨਜ਼ੂਰ ਕਰਦਿਆਂ ਜੱਦੀ ਪੁਸ਼ਤੀ ਉਪਰ ਵਿੱਤ ਮੰਤਰੀ ਨੇ ਸਹਿਮਤੀ ਦਿੱਤੀ ਕਿ ਮਾਣਯੋਗ ਹਾਈਕੋਰਟ ਵਲੋਂ ਜੱਦੀ ਪੁਸ਼ਤੀ ਉਪਰ ਰੋਕ ਲਗਾਈ ਹੋਈ ਹੈ ਅਤੇ ਇਸ ਦਾ ਹੱਲ ਕੱਢਦੇ ਹੋਏ ਉਨ੍ਹਾਂ ਕਿਹਾ ਕਿ ਨੰਬਰਦਾਰ ਆਪਣੇ ਵਾਰਿਸ ਨੂੰ ਸਰਬਰਾਹ ਬਣਾ ਲਵੇ ਅਤੇ ਬਾਅਦ ਵਿਚ ਨੰਬਰਦਾਰ ਦੀ ਮੌਤ ਹੋਣ ਤੇ ਨਵੀਂ ਨਿਯੁਕਤੀ ਸਮੇਂ ਸਰਬਰਾਹ ਨੰਬਰਦਾਰ ਨੂੰ ਪਹਿਲ ਦੇ ਆਧਾਰ ਉਪਰ ਨੰਬਰਦਾਰ ਬਣਾ ਦਿੱਤਾ ਜਾਵੇਗਾ। ਦੂਜਾ ਮਾਣਭੱਤਾ ਵਧਾਉਣ ਲਈ ਹਾਜ਼ਰ ਵਿੱਤ ਵਿਭਾਗ ਦੇ ਸੈਕਟਰੀ ਨੂੰ ਉਨ੍ਹਾਂ ਹਦਾਇਤ ਕੀਤੀ ਕਿ ਮਾਣਭੱਤੇ ਵਿਚ ਵਾਧਾ ਕਰਨ ਲਈ ਬਜਟ ਦਾ ਪ੍ਰਬੰਧ ਕੀਤਾ ਜਾਵੇ ਤੇ ਜਲਦੀ ਫਿਰ ਦੂਸਰੀ ਮੀਟਿੰਗ ਕਰਕੇ ਮੰਗਾਂ ਲਾਗੂ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਨੇ ਨੰਬਰਦਾਰਾਂ ਨੂੰ ਆਨਲਾਈਨ ਗਵਾਹੀਆਂ ਲਈ ਮੋਬਾਇਲ ਫੋਨ ਸਮੇਤ ਸਿਮ ਤੇ ਰੀਚਾਰਜ਼, ਬਸ ਕਰਵਾਇਆ ਮਾਫ ਕਰਨ, ਆਦਿ ਮੰਗਾਂ ਦੀ ਮੰਗ ਕੀਤੀ।





# ਜਸਵੀਰ ਮੋਰੋਂ ਦੀ ਪੁਸਤਕ 'ਨਾਮ ਬਨਾਮ ਨਾਮ' ਲੋਕ ਅਰਪਣ

**ਬੰਗਾ (ਅਵਤਾਰ ਕਲੇਰ)**-ਪਾਠਕ ਸੱਥ ਨਵਾਂ ਸ਼ਹਿਰ ਵਲੋਂ ਬਾਰਾਂਦਰੀ ਬਾਗ ਵਿਖੇ ਇੱਕ ਸੰਖੇਪ, ਅੰਪਰ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਇੰਜੀਨੀਅਰ ਜਸਵੀਰ ਸਿੰਘ ਮੋਰੋਂ ਦੀ ਲਿਖੀ ਹੋਈ ਕਿਤਾਬ 'ਨਾਮ ਬਨਾਮ ਨਾਮ' ਲੋਕ ਅਰਪਣ ਕੀਤੀ ਗਈ। ਇਸ ਮੌਕੇ ਲੇਖਕ ਨੇ ਪਾਠਕਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੁਸਤਕ ਦਾ ਇਹ ਚੌਥਾ ਐਡੀਸ਼ਨ ਹੈ। ਪਹਿਲੀ ਵਾਰ ਸਾਲ 2007 ਵਿੱਚ ਛਪਾਈ ਗਈ ਸੀ। ਇਹ ਪੁਸਤਕ ਹੁਣ ਤੱਕ ਹਜ਼ਾਰਾਂ ਪਾਠਕਾਂ ਤੱਕ ਪਹੁੰਚ ਚੁੱਕੀ ਹੈ। ਦਿਨੋਂ ਦਿਨ ਇਸ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ। ਪਾਠਕਾਂ ਦੇ ਭਰਪੂਰ ਹੁੰਗਾਰੇ ਨਾਲ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਦੀ ਸੂਚੀ ਵਿੱਚ ਸ਼ਾਮਲ ਹੋ ਚੁੱਕੀ ਹੈ। ਇਸ ਮੌਕੇ ਹਾਜ਼ਰ ਪਾਠਕਾਂ ਨੇ ਕਿਤਾਬ ਬਾਰੇ ਕਿਹਾ ਕਿ ਇਸ ਨਿਵੇਕਲੇ ਵਿਸ਼ੇ ਨੂੰ ਨੌਜਵਾਨ ਪੀੜ੍ਹੀ ਨੂੰ ਜ਼ਰੂਰ ਪੜ੍ਹਨਾ ਤੇ ਵਿਚਾਰਨਾ ਚਾਹੀਦਾ ਹੈ। ਪੁਸਤਕ ਵਿੱਚ ਪੇਸ਼ ਤਰਕ ਅਤੇ ਦਲੀਲ ਭਰਪੂਰ ਵਿਚਾਰ ਵਿਅਕਤੀ ਨੂੰ ਆਪਣੇ ਆਲੇ-ਦੁਆਲੇ ਦੇ ਵਰਤਾਰੇ ਬਾਰੇ ਸੋਚਣ ਲਾ ਦਿੰਦੇ ਹਨ। ਹੋਰਨਾਂ ਤੋਂ ਇਲਾਵਾ ਲਾਇਬ੍ਰੇਰੀ ਇਨਚਾਰਜ ਅਨੂਪ ਰਾਣਾ, ਜਰਨੈਲ ਸਿੰਘ ਜਾਫ਼ਰਪੁਰ, ਸਰਪੰਚ ਨਿੰਦਰ ਮਾਈਦਿੱਤਾ, ਲਖਵਿੰਦਰ ਰਾਹੋਂ, ਜਸਵੀਰ ਜੱਸੀ ਬੇਗਮਪੁਰੀ, ਅਮਰਜੀਤ ਸਿੰਘ ਧਰਮਕੋਟ, ਸੁਖਵੀਰ ਸਿੰਘ, ਅਮਨਦੀਪ ਕੌਰ ਆਦਿ ਹਾਜ਼ਰ ਰਹੇ। ਪਰਮਜੀਤ ਕਰਿਆਮ ਨੇ ਲੇਖਕ ਨੂੰ ਵਧਾਈ ਦਿੰਦਿਆਂ ਸਮੂਹ ਪਾਠਕਾਂ ਦਾ ਧੰਨਵਾਦ ਕੀਤਾ।

# 12 ਸਕੂਲ ਬੱਸਾਂ ਦੇ ਕੱਟੇ ਚਲਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**


ਸਕੂਲੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਕੂਲ ਬੱਸਾਂ ਦੀ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੇ ਤਹਿਤ 16 ਅਪ੍ਰੈਲ ਨੂੰ ਬਲਾਕ ਟਾਂਡਾ ਅਤੇ 20 ਅਪ੍ਰੈਲ ਨੂੰ ਬਲਾਕ ਹਾਜੀਪੁਰ ਵਿੱਚ ਵੱਖ-ਵੱਖ ਸਕੂਲਾਂ ਦੀਆਂ ਬੱਸਾਂ ਦੀ ਜਾਂਚ ਕੀਤੀ ਗਈ। ਇਹ ਜਾਂਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਵੱਲੋਂ ਜਾਰੀ ਹੁਕਮਾਂ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਆਦੇਸ਼ਾਂ ਅਨੁਸਾਰ ਕੀਤੀ ਗਈ। ਇਸ ਦੌਰਾਨ ਡੀ ਏ ਵੀ ਸਕੂਲ ਉੜਮੁੜ ਟਾਂਡਾ, ਵਿਕਟੋਰੀਆ ਇੰਟਰਨੈਸ਼ਨਲ ਸਕੂਲ ਟਾਂਡਾ, ਪਰਲ ਇੰਟਰਨੈਸ਼ਨਲ ਸਕੂਲ ਹਾਜੀਪੁਰ ਅਤੇ ਕੋਹਿਨੂਰ ਇੰਟਰਨੈਸ਼ਨਲ ਸਕੂਲ ਹਾਜੀਪੁਰ ਦੀਆਂ ਸਕੂਲ ਬੱਸਾਂ ਦਾ ਨਿਰੀਖਣ ਕੀਤਾ ਗਿਆ।ਜਾਂਚ ਦੌਰਾਨ ਕਈ ਬੱਸਾਂ ਵਿੱਚ ਗੰਭੀਰ ਖਾਮੀਆਂ ਪਾਈਆਂ ਗਈਆਂ, ਜਿਵੇਂ ਕਿ ਮਿਆਦ ਪੂਰੀ ਕਰ ਚੁੱਕੀ ਫਸਟ ਐਡ ਕਿੱਟ, ਲੇਡੀ ਅਟੈਂਡੈਂਟ ਦੀ ਗੈਰ-ਹਾਜ਼ਰੀ, ਬਿਨਾਂ ਪਾਸਿੰਗ ਦੇ ਵਾਹਨ, ਸਪੀਡ ਗਵਰਨਰ ਦਾ ਨਾ ਹੋਣਾ, ਐਮਰਜੈਂਸੀ ਐਗਜ਼ਿਟ ਦੀ ਕਮੀ, ਅੱਗ ਬੁਝਾਉਣ ਵਾਲੇ ਯੰਤਰ ਦੀ ਗੈਰ-ਹਾਜ਼ਰੀ, ਸੀ ਸੀ ਟੀ ਵੀ ਕੈਮਰਿਆਂ ਦੀ ਕਮੀ, ਬੈਠਣ ਦੀ ਸਮਰੱਥਾ ਤੋਂ ਵੱਧ ਬੱਚਿਆਂ ਨੂੰ ਬਿਠਾਉਣਾ ਤੇ ਬੀਮੇ ਦੀ ਕਮੀ ਵਰਗੀਆਂ ਅਨਿਯਮਿਤਤਾਵਾਂ ਸ਼ਾਮਲ ਸਨ। ਬਲਾਕ ਟਾਂਡਾ ਵਿੱਚ ਕੁੱਲ 31 ਸਕੂਲ ਬੱਸਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚ ਨਿਯਮਾਂ ਦੀ ਉਲੰਘਣਾ ਕਰਨ ਤੇ 9 ਬੱਸਾਂ ਦੇ ਚਾਲਾਨ ਕੱਟੇ ਗਏ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਰੰਜੀਤ ਕੌਰ (ਸੋਸ਼ਲ ਵਰਕਰ), ਜਸਵਿੰਦਰ ਸਿੰਘ (ਕੇਸ ਵਰਕਰ), ਸਿੱਖਿਆ ਵਿਭਾਗ ਤੋਂ ਸੰਦੀਪ ਸਿੰਘ ਅਤੇ ਪੁਲਿਸ ਵਿਭਾਗ ਤੋਂ ਕੁਲਵੰਤ ਸਿੰਘ ਏਐਸਆਈ ਅਤੇ ਦਰਸ਼ਨ ਸਿੰਘ ਏ ਐੱਸ ਆਈ ਮੌਜੂਦ ਰਹੇ।ਇਸੇ ਤਰ੍ਹਾਂ ਬਲਾਕ ਹਾਜੀਪੁਰ ਵਿੱਚ ਕੁੱਲ 18 ਸਕੂਲ ਬੱਸਾਂ ਦੀ ਜਾਂਚ ਕੀਤੀ ਗਈ ਅਤੇ 3 ਬੱਸਾਂ ਦੇ ਚਾਲਾਨ ਕੱਟੇ ਗਏ।

# ਵਿਅਕਤੀ ਹੈਰੋਇਨ ਸਮੇਤ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**-ਸਿਟੀ ਨਵਾਂਸ਼ਹਿਰ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ। ਥਾਣਾ ਸਿਟੀ ਦੇ ਐੱਸ. ਆਈ. ਅਜੇ ਪਾਲ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ ਲਈ ਥਾਣਾ ਸਿਟੀ ਤੋਂ ਰਵਾਨਾ ਹੋ ਕੇ ਡਿਸਪੋਜ਼ਲ ਪੁਲ ਨੇੜੇ ਪੁੱਜੀ ਤਾਂ ਪੁਲ ਦੇ ਕੋਲ ਇਕ ਨੌਜਵਾਨ ਖੜ੍ਹਾ ਦੇਖਿਆ, ਜੋ ਪੁਲਸ ਨੂੰ ਦੇਖ ਕੇ ਘਬਰਾ ਗਿਆ ਅਤੇ ਉਸ ਨੇ ਆਪਣੇ ਹੱਥ ਵਿਚ ਫੜੇ ਲਿਫਾਫੇ ਨੂੰ ਝਾੜੀਆਂ ਵਿਚ ਸੁੱਟ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਐੱਸ ਐੱਚ ਓ ਦੇ ਨਿਰਦੇਸ਼ਾਂ ਦੇ ਕਿ ਪੁਲਸ ਮੁਲਾਜ਼ਮਾਂ ਦੀ ਮਦਦ ਉਕਤ ਨੌਜਵਾਨ ਨੂੰ ਕਾਬੂ ਕੀਤਾ ਗਿਆ। ਜਦੋਂ ਸੁੱਟੇ ਗਏ ਲਿਫਾਫੇ ਦੀ ਜਾਂਚ ਪੜਤਾਲ ਕੀਤੀ ਗਈ ਤਾਂ ਉਸ ਵਿੱਚੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਐੱਸ. ਐੱਚ. ਓ. ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਸੁਖਵਿੰਦਰ ਪਾਲ ਵਾਸੀ ਪਿੰਡ ਘੁੱਕੇਵਾਲ ਥਾਣਾ ਸਦਰ ਨਵਾਂਸ਼ਹਿਰ ਵਜੋਂ ਹੋਈ ਹੈ। ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸ਼੍ਰੋਮਣੀ ਅਕਾਲੀ ਦਲ (ਅਨੁਸੂਚਿਤ ਜਾਤੀ ਮੋਰਚਾ) ਦੇ ਸੰਜੀਵ ਥਾਪਰ ਹੁਸ਼ਿਆਰਪੁਰ ਸ਼ਹਿਰੀ ਦੇ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ (ਓ ਪੀ ਰਾਣਾ)**- ਸ਼੍ਰੋਮਣੀ ਅਕਾਲੀ ਦਲ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪਾਰਟੀ ਦੇ ਅਨੁਸੂਚਿਤ ਜਾਤੀ ਮੋਰਚੇ ਦੇ ਜ਼ਿਲਾ ਹੁਸ਼ਿਆਰਪੁਰ ਸ਼ਹਿਰੀ ਦੇ ਪ੍ਰਧਾਨ ਵੱਲੋਂ ਅਹਿਮ ਨਿਯੁਕਤੀਆਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਫੈਸਲਾ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਤੇ ਹਲਕਾ ਇੰਚਾਰਜ ਸੰਜੀਵ ਤਲਵਾੜ ਨਾਲ ਵਿਸ਼ੇਸ਼ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲਿਆ ਗਿਆ ਹੈ। ਨਵੀਆਂ ਨਿਯੁਕਤੀਆਂ ਵਿੱਚ ਸੰਜੀਵ ਥਾਪਰ ਪ੍ਰਧਾਨ, ਅਨੁਸੂਚਿਤ ਜਾਤੀ ਮੋਰਚਾ ਹੁਸ਼ਿਆਰਪੁਰ ਸ਼ਹਿਰੀ ਦਾ ਪ੍ਰਧਾਨ ਅਤੇ ਰਿਸ਼ਵ ਮੱਟੂ ਜਨਰਲ ਸਕੱਤਰ, ਅਨੁਸੂਚਿਤ ਜਾਤੀ ਮੋਰਚਾ ਹੁਸ਼ਿਆਰਪੁਰ ਸ਼ਹਿਰੀ ਲਗਾਇਆ ਗਿਆ ਹੈ। ਉਹਨਾਂ ਦੱਸਿਆ ਕਿ ਸੰਜੀਵ ਥਾਪਰ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਮਿਹਨਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਦੇ ਨਾਲ ਹੀ, ਨਵ-ਨਿਯੁਕਤ ਪ੍ਰਧਾਨ ਸੰਜੀਵ ਥਾਪਰ ਨੂੰ ਪੂਰੀ ਟੀਮ ਦੇ ਗਠਨ ਦਾ ਅਧਿਕਾਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਅਗਲੇ 15 ਦਿਨਾਂ ਦੇ ਅੰਦਰ-ਅੰਦਰ ਆਪਣੀ ਕਾਰਜਕਾਰਨੀ ਟੀਮ ਦਾ ਐਲਾਨ ਕਰਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਨੂੰ ਤੇਜ ਕੀਤਾ ਜਾ ਸਕੇ।



# ਸਿੱਖ ਵਿਰਾਸਤ ਨਾਲ ਸੰਬੰਧਤ ਪ੍ਰਦਰਸ਼ਨੀ ਤੇ ਕੀਰਤਨ ਮੁਕਾਬਲੇ ਕਰਵਾਏ



**ਭੋਗਪੁਰ (ਗੁਰਪ੍ਰੀਤ ਸਿੰਘ)**

ਖਾਲਸਾ ਦੇ ਸਾਜਨਾ ਦਿਨ ਮੌਕੇ 'ਤੇ ਐੱਸ ਜੀ ਪੀ ਸੀ ਅੰਮ੍ਰਿਤਸਰ ਵਲੋਂ ਸਿੱਖ ਵਿਰਾਸਤ ਨਾਲ ਸੰਬੰਧਿਤ ਪ੍ਰਦਰਸ਼ਨੀ, ਕਵਿਤਾ, ਭਾਸ਼ਣ ਤੇ ਕੀਰਤਨ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਚੱਲ ਰਹੇ ਸਰਕਲ 38 ਮੈਂਬਰਾਂ ਵੱਲੋਂ ਪ੍ਰਦਰਸ਼ਨੀ ਤੇ ਕਵਿਤਾ ਵਿੱਚ ਭਾਗੀਦਾਰੀ ਕੀਤੀ ਗਈ। ਇਹ ਪ੍ਰਦਰਸ਼ਨੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਦੇ ਬਾਹਰ ਲਗਾਈ ਗਈ ਸੀ। ਇਸ ਪ੍ਰਦਰਸ਼ਨੀ ਵਿੱਚ ਸਿੱਖ ਇਤਿਹਾਸ ਦਾ ਗੌਰਵਮਈ ਇਤਿਹਾਸ, ਕਕਾਰਾਂ, ਸ਼ਾਸਤਰਾਂ, ਸਾਹਿਤ ਤੇ ਸਿੱਖੀ ਪਹਿਰਾਵੇ ਦਾ ਪ੍ਰਗਟਾਵਾ ਕੀਤਾ ਗਿਆ। ਸਰਕਲ ਮੈਂਬਰ ਤੇ ਗੁਰਮਤ ਤੀਜਾ ਸਾਲ ਦੇ ਫੀਲਡ ਵਰਕ ਤਹਿਤ ਮਹਿਕਪ੍ਰੀਤ ਵੱਲੋਂ ਕਵਿਤਾ 'ਅਸੀਂ ਚੜ੍ਹਦੀ ਕਲਾ ਦੇ ਵਿੱਚ ਰਹਿਣਾ ਹੈ' ਬੋਲੀ ਗਈ। ਸਹਿਜਪ੍ਰੀਤ ਕੌਰ ਗੁਰਮਤਿ ਤਿੰਨ ਸਾਲਾ ਫੀਲਡ ਵਰਕ ਦੇ ਅੰਤਰਗਤ, ਤਜਿੰਦਰ ਕੌਰ ਤੇ ਜਾਪ ਕੌਰ ਵੱਲੋਂ ਸੰਗਤਾਂ ਨੂੰ ਮੁਫ਼ਤ ਸਾਹਿਤ ਵੀ ਵੰਡਿਆ ਗਿਆ। ਇਸ ਮੌਕੇ ਸਰਕਲ ਇੰਚਾਰਜ ਡਾ. ਕਮਲਜੀਤ ਕੌਰ ਵੱਲੋਂ ਦੱਸਿਆ ਗਿਆ ਕਿ ਇਸ ਪ੍ਰਦਰਸ਼ਨੀ ਮੌਕੇ ਸੰਗਤਾਂ ਵਿੱਚ ਕਾਫ਼ੀ ਉਤਸ਼ਾਹ ਪਾਇਆ ਗਿਆ। ਇਸ ਤੋਂ ਇਲਾਵਾ ਖਾਲਸੇ ਦੇ ਸਾਜਨਾ ਦਿਵਸ ਨੂੰ ਸਮਰਪਿਤ ਡਾ. ਕਮਲਜੀਤ ਕੌਰ ਤੇ ਸਲਕਲ ਮੈਂਬਰਾਂ ਵੱਲੋਂ ਸਹਿਜ ਪਾਠ ਦੇ ਭੋਗ ਵੀ ਪਾਏ ਗਏ। ਡਾ. ਕਮਲਜੀਤ ਵੱਲੋਂ ਕੌਰ ਦੱਸਿਆ ਗਿਆ ਅਸੀਂ ਖਾਲਸਾ ਦਿਵਸ ਦੇ ਨਾਲ-ਨਾਲ, ਅੰਤਰਰਾਸ਼ਟਰੀ ਦਸਤਾਰ ਦਿਵਸ ਵੀ ਮਨਾ ਰਹੇ ਹਾਂ ਜਿਹੜਾ ਵਿਸ਼ਵ ਪੱਧਰ 'ਤੇ ਸਾਨੂੰ ਆਪਣੀ ਵੱਖਰੀ ਪਹਿਚਾਣ ਤੋਂ ਜਾਣੂ ਕਰਵਾਉਂਦਾ ਹੈ। ਇਹ ਦਿਨ ਸਿੱਖ ਦੀ ਵਿਲੱਖਣ ਹੋਂਦ, ਅਣਖ ਅਤੇ ਸਵੈਮਾਨ ਦਾ ਪ੍ਰਤੀਕ ਹੈ। ਖਾਲਸੇ ਦੀ ਸਾਜਨਾ ਤੇ ਦਸਤਾਰ ਦਿਵਸ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ ਅਤੇ ਦਸਤਾਰ ਦੇ ਗੌਰਵਮਈ ਇਤਿਹਾਸ ਨਾਲ ਜੋੜਦਾ ਹੋਇਆ ਜ਼ੁਲਮ ਖ਼ਿਲਾਫ਼ ਲੜਨ ਤੇ ਮਰਨ ਦਾ ਚਾਓ ਪੈਦਾ ਕਰਦਾ ਹੈ। ਅੰਤ ਵਿੱਚ ਅਸੀਂ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੂੰ ਵੀ ਯਾਦ ਕਰਦੇ ਹੋਏ ਤ੍ਰਾਸਦਿਕ ਹੋਣੀ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।

# ਮੰਡ ਖੇਤਰ 'ਚ ਵੱਡੀ ਮਾਤਰਾ 'ਚ ਲਾਹਨ ਤੇ ਸ਼ਰਾਬ ਬਰਾਮਦ

**ਹੁਸ਼ਿਆਰਪੁਰ, ਟਾਂਡਾ ਉੜਮੁੜ (ਬਲਵੀਰ ਸਿੰਘ ਸੈਣੀ, ਜਸਵਿੰਦਰ ਸੰਧੂ ,ਮਿਥਲੇਸ਼ ਗਰਗ)**

ਪੰਜਾਬ ਦੇ ਆਬਕਾਰੀ ਵਿਭਾਗ ਵੱਲੋਂ ਗੈਰ-ਕਾਨੂੰਨੀ ਸ਼ਰਾਬ ਦੇ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੇ ਐਕਸਾਈਜ਼ ਸਰਕਲ ਦਸੂਹਾ ਅਧੀਨ ਸੰਵੇਦਨਸ਼ੀਲ 'ਮੰਡ' ਖੇਤਰਾਂ ਵਿੱਚ ਵੱਡੇ ਪੱਧਰ 'ਤੇ ਅੰਤਰ-ਜ਼ਿਲ੍ਹਾ ਸਾਂਝੀ ਤਲਾਸ਼ੀ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੀ ਕੁੱਲ ਨਿਗਰਾਨੀ ਐੱਸ ਐੱਸ ਪੀ ਸੰਦੀਪ ਮਲਿਕ ਅਤੇ ਸਹਾਇਕ ਆਬਕਾਰੀ ਕਮਿਸ਼ਨਰ ਹਨੁਵੰਤ ਸਿੰਘ ਵੱਲੋਂ ਕੀਤੀ ਗਈ, ਜਦਕਿ ਮੌਕੇ 'ਤੇ ਕਾਰਵਾਈ ਦੀ ਅਗਵਾਈ ਆਬਕਾਰੀ ਅਧਿਕਾਰੀ ਹੁਸ਼ਿਆਰਪੁਰ-2 ਪ੍ਰੀਤ ਭੁਪਿੰਦਰ ਸਿੰਘ ਨੇ ਕੀਤੀ। ਉਨ੍ਹਾਂ ਦੇ ਨਾਲ ਡੀ ਐੱਸ ਪੀ ਦਸੂਹਾ ਹਰਗੁਰਦੇਵ ਸਿੰਘ, ਐੱਸ ਐੱਚ ਓ ਦਸੂਹਾ ਅਮਰਜੀਤ ਕੌਰ, ਐੱਸ ਐੱਚ ਓ ਤਲਵਾੜਾ ਸਤਪਾਲ ਸਿੰਘ ਸਮੇਤ ਕਈ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਜੂਦ ਸਨ।ਇਸ ਸਾਂਝੀ ਅੰਤਰ-ਜ਼ਿਲ੍ਹਾ ਮੁਹਿੰਮ ਵਿੱਚ ਹੁਸ਼ਿਆਰਪੁਰ ਆਬਕਾਰੀ ਵਿਭਾਗ, ਗੁਰਦਾਸਪੁਰ ਆਬਕਾਰੀ ਵਿਭਾਗ ਤੇ ਪੰਜਾਬ ਪੁਲਿਸ ਦੀਆਂ ਟੀਮਾਂ ਨੇ ਭਾਗ ਲਿਆ। ਆਬਕਾਰੀ ਟੀਮ ਵਿੱਚ ਇੰਸਪੈਕਟਰ ਪਰਵਿੰਦਰ ਕੁਮਾਰ, ਅਜੈ ਕੁਮਾਰ, ਰਸ਼ਪਾਲ ਸਿੰਘ, ਲਵਪ੍ਰੀਤ ਸਿੰਘ ਅਤੇ ਕੁਲਵੰਤ ਸਿੰਘ ਸ਼ਾਮਲ ਰਹੇ, ਜਦਕਿ ਗੁਰਦਾਸਪੁਰ ਰੇਂਜ ਤੋਂ ਇੰਸਪੈਕਟਰ ਦੀਪਕ, ਪੰਕਜ ਗੁਪਤਾ ਅਤੇ ਕਸ਼ਮੀਰ ਸਿੰਘ ਨੇ ਸਹਿਯੋਗ ਦਿੱਤਾ। ਸਹਾਇਕ ਕਮਿਸ਼ਨਰ ਹਨੁਵੰਤ ਸਿੰਘ ਨੇ ਦੱਸਿਆ ਕਿ ਤਲਾਸ਼ੀ ਮੁਹਿੰਮ ਸਵੇਰੇ ਲਗਭਗ 6 ਵਜੇ ਸ਼ੁਰੂ ਹੋਈ ਤੇ ਛੇ ਘੰਟਿਆਂ ਤੋਂ ਵੱਧ ਸਮੇਂ ਤੱਕ ਜਾਰੀ ਰਹੀ। ਇਸ ਦੌਰਾਨ ਬਿਆਸ ਦਰਿਆ ਦੇ ਕਿਨਾਰੇ ਸਥਿਤ ਸੰਵੇਦਨਸ਼ੀਲ 'ਮੰਡ' ਖੇਤਰਾਂ, ਖ਼ਾਸ ਕਰਕੇ ਪਿੰਡ ਭਿਖੋਵਾਲ, ਟੇਰਕਿਆਨਾ ਅਤੇ ਸੈਦਪੁਰ ਵਿੱਚ ਵਿਸਥਾਰ ਨਾਲ ਤਲਾਸ਼ੀ ਕੀਤੀ ਗਈ। ਕਾਰਵਾਈ ਦੌਰਾਨ ਗੈਰ-ਕਾਨੂੰਨੀ ਸ਼ਰਾਬ ਬਣਾਉਣ ਵਿੱਚ ਵਰਤੀ ਜਾਣ ਵਾਲੀ ਵੱਡੀ ਮਾਤਰਾ ਵਿੱਚ ਸਮੱਗਰੀ ਬਰਾਮਦ ਕੀਤੀ ਗਈ, ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਬਰਾਮਦ ਸਮੱਗਰੀ ਵਿੱਚ 15 ਟੀਨ, 8 ਲੋਹੇ ਦੇ ਡਰੰਮ, 4 ਚੱਲਦੀਆਂ ਭੱਠੀਆਂ, 5 ਪਲਾਸਟਿਕ ਕੈਨ, 95 ਤ੍ਰਿਪਾਲਾਂ ਵਿੱਚ ਲਗਭਗ 50,000 ਕਿਲੋਗ੍ਰਾਮ ਲਾਹਨ (ਫਰਮੈਂਟਡ ਵਾਸ਼) ਅਤੇ 75 ਲੀਟਰ ਨਾਜਾਇਜ਼ ਸ਼ਰਾਬ ਸ਼ਾਮਲ ਹੈ। ਸਹਾਇਕ ਕਮਿਸ਼ਨਰ ਆਬਕਾਰੀ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਗੈਰ-ਕਾਨੂੰਨੀ ਸਪਲਾਈ ਚੇਨ ਨੂੰ ਤੋੜਨ, ਮਾਲਿਆ ਦੀ ਰੱਖਿਆ ਕਰਨ ਅਤੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹਨ।



# ਜਪਾਨੀ ਕੰਪਨੀਆਂ ਦਾ ਨਿਵੇਸ਼ ਨੂੰ ਲੈ ਕੇ ਸੂਬੇ 'ਚ ਵਧਿਆ ਭਰੋਸਾ : ਨਾਇਬ ਸਿੰਘ ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਸਰਕਾਰ ਦੀ ਉਦਯੋਗ ਹਿਤੈਸ਼ੀ ਨੀਤੀਆਂ ਦੇ ਸਕਾਰਾਤਮਕ ਪ੍ਰਭਾਵ ਹੁਣ ਸਪਸ਼ਟ ਰੂਪ ਨਾਲ ਦਿਖਾਈ ਦੇਣ ਲੱਗੇ ਹਨ। ਇਸੀ ਦਿਸ਼ਾ ਵਿੱਚ ਮਾਨੇਸਰ ਵਿੱਚ ਡਾਈਕਿਨ ਏਅਰ ਕੰਡੀਸ਼ਨਰ ਕੰਪਨੀ ਵੱਲੋਂ ਲਗਭਗ 1000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਨਾਲ ਸੂਬੇ ਵਿੱਚ ਲਗਭਗ 500 ਤੋਂ ਵੱਧ ਨੌਜੁਆਨਾਂ ਦੇ ਲਈ ਨਵੇਂ ਰੁਜ਼ਗਾਰ ਦੇ ਮੌਕੇ ਸਿਰਜਤ ਹੋਣਗੇ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਵਿੱਚ ਸੰਤ ਕਬੀਰ ਕੁਟੀਰ ਵਿੱਚ ਜਪਾਨੀ ਡੇਲੀਗੇਸ਼ਨ ਦੇ ਨਾਲ ਗਲਬਾਤ ਕਰ ਰਹੇ ਸਨ। ਜਪਾਨੀ ਵਫਦ ਨੇ ਮੁੱਖ ਮੰਤਰੀ ਦਾ ਵਿਸ਼ੇਸ਼ ਧੰਨਵਾਦ ਪ੍ਰਗਟਾਇਆ ਅਤੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਗੀਤਾ ਭੇਟ ਕਰ ਕੇ ਸਨਮਾਨਤ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਹੁਣ ਜਪਾਨੀ ਕੰਪਨੀਆਂ ਦਾ ਨਿਵੇਸ਼ ਨੂੰ ਲੈ ਕੇ ਭਰੋਸਾ ਵੱਧ ਗਿਆ ਹੈ ਅਤੇ ਹੁਣ ਨਿਵੇਸ਼ ਨੂੰ ਲੈ ਕੇ ਉਤਸੁਕ ਹਨ। ਜਪਾਨੀ ਕੰਪਨੀ ਦੇ ਨਿਵੇਸ਼ ਦੇ ਤਹਿਤ ਮਾਨੇਸਰ ਵਿੱਚ ਇੱਕ ਅੱਤਆਧੁਨਿਕ ਖੋਜ ਅਤੇ ਵਿਕਾਸ ਕੇਂਦਰ ਸਥਾਪਿਤ ਕੀਤਾ ਜਾਵੇਗਾ।

# ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਦਾ ਜਨਮ ਦਿਹਾੜਾ 25 ਨੂੰ ਮਨਾਇਆ ਜਾਵੇਗਾ



**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਦਾ ਜਨਮ ਦਿਹਾੜਾ 25 ਅਪ੍ਰੈਲ ਨੂੰ ਗੁ. ਸੰਤ ਬਾਬਾ ਗੋਪਾਲ ਸਿੰਘ ਜੋਹਲਾਂ ਵਿਖੇ ਰਾਤੀ 7 ਤੋਂ 10 ਵਜੇ ਤੱਕ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਕਮੇਟੀ ਪ੍ਰਧਾਨ ਸਰਦਾਰ ਜਸਵਿੰਦਰ ਸਿੰਘ ਕਾਲਰਾ ਅਤੇ ਹੈੱਡ ਗ੍ਰੰਥੀ ਗੁਰਦੀਪ ਸਿੰਘ ਨੇ ਦੱਸਿਆ ਕਿ ਮਹੀਨਾਵਾਰ ਗੁਰਮਤਿ ਸਮਾਗਮ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਨਾਇਆ ਜਾਵੇਗਾ। ਇਸ ਸਮਾਗਮ ਵਿੱਚ ਮੁੱਖ ਪ੍ਰਬੰਧਕ ਸੰਤ ਬਾਬਾ ਜੀਤ ਸਿੰਘ ਨਿਰਮਲ ਕੁਟੀਆ ਜੋਹਲਾਂ ਜਲੰਧਰ ਵਾਲੇ ਸੰਗਤਾਂ ਨੂੰ ਆਪਣੇ ਅਨਮੋਲ ਵਚਨਾਂ ਰਾਹੀਂ ਸੇਵਾ-ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਸੁਨੇਹਾ ਦੇਣਗੇ। ਇਸ ਮੌਕੇ ਪ੍ਰਧਾਨ ਪੰਜਾਬ ਜਸਵਿੰਦਰ ਸਿੰਘ ਕਾਲਰਾ, ਅਵਤਾਰ ਸਿੰਘ ਜਨਰਲ ਸਕੱਤਰ ਪੰਜਾਬ, ਕੈਸ਼ੀਅਰ ਅੰਮ੍ਰਿਤ ਪਾਲ ਸਿੰਘ, ਗੁਰਦੀਪ ਸਿੰਘ ਜੋਹਲ, ਦਲਜੀਤ ਸਿੰਘ ਕਲਸੀ ਤੇ ਜਸਵਿੰਦਰ ਸਿੰਘ ਜਨਰਲ ਸਕੱਤਰ ਸਮੇਤ ਸਿੱਖ ਸੰਗਤਾਂ ਹਾਜ਼ਰ ਸਨ।

# ਪੈਨਸ਼ਨਰਾਂ ਦੇ ਪੇ ਕਮਿਸ਼ਨ ਦੇ ਬਕਾਇਆਂ ਬਾਰੇ ਦਿੱਤਾ ਮੰਗ ਪੱਤਰ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਜਲੰਧਰ ਦਾ ਇੱਕ ਵਫ਼ਦ ਪ੍ਰਧਾਨ ਬਾਲ ਕ੍ਰਿਸ਼ਨ ਸੂਦ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਜਲੰਧਰ (ਐਲੀਮੈਂਟਰੀ ਸਿੱਖਿਆ) ਦੀ ਗੈਰ ਮੌਜੂਦਗੀ ਵਿੱਚ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਮੁਨੀਸ਼ ਕੁਮਾਰ ਨੂੰ ਮਿਲਿਆ ਤੇ 1 ਜਨਵਰੀ 2016 ਤੋਂ ਬਾਅਦ ਸੇਵਾ ਮੁਕਤ ਹੋਏ ਪੈਨਸ਼ਨਰਾਂ ਦੇ ਛੇਵੇਂ ਪੇ ਕਮਿਸ਼ਨ ਦੇ ਅਨੁਸਾਰ ਕਮਾਈ ਛੁੱਟੀ/ਪੇ ਫਿਕਸੇਸ਼ਨ ਦੇ ਬਕਾਇਆ ਬਾਰੇ ਮੰਗ ਪੱਤਰ ਦਿੱਤਾ ਗਿਆ।ਮੰਗ ਪੱਤਰ ਦੀਆਂ ਮੰਗਾਂ ਸੰਬੰਧੀ ਵਿਚਾਰ ਚਰਚਾ ਕਰਦੇ ਹੋਏ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਵਿਸ਼ਵਾਸ ਦਿਵਾਇਆ ਕਿ ਪੈਨਸ਼ਨਰਾਂ ਦੇ ਕਮਾਈ ਛੁੱਟੀ ਤੇ ਪੇ ਫਿਕਸੇਸ਼ਨ ਦੇ ਬਕਾਇਆ ਨੂੰ ਕਢਵਾ ਕੇ ਦੇਣ ਲਈ ਪਹਿਲ ਦੇ ਆਧਾਰ ਉਪਰਾਲੇ ਕੀਤੇ ਜਾਣਗੇ ਤੇ ਇਸ ਸਬੰਧੀ ਬੀ ਪੀ ਈ ਓ ਦਫ਼ਤਰ ਤੋਂ ਰਿਪੋਰਟ ਮੰਗਵਾਈ ਜਾਵੇਗੀ। ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰਾਂ ਵਿੱਚ ਕਲਰਕਾਂ ਦੀ ਘਾਟ ਕਾਰਨ ਕੰਮਾਂ ਵਿੱਚ ਹੋ ਰਹੀ ਦੇਰੀ ਦੇ ਸੰਬੰਧ ਵਿੱਚ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਜਲੰਧਰ ਨੇ ਕਿਹਾ ਕਿ ਬੀ ਪੀ ਈ ਓ ਦਫ਼ਤਰਾਂ ਵਿੱਚ ਜੋ ਐੱਸ ਐੱਸ ਏ ਅਧੀਨ ਅਕਾਊਂਟੈਂਟ ਦੀ ਪੋਸਟ ਤੇ ਕੰਮ ਕਰ ਰਹੇ ਹਨ, ਹੁਣ ਉਹਨਾਂ ਦੀ ਡਿਊਟੀ ਬੀ ਪੀ ਈ ਓ ਦਫ਼ਤਰ ਦੇ ਕੰਮ ਕਰਨ ਲਈ ਕਲਰਕ/ਅਕਾਊਂਟੈਂਟ ਦੀ ਹੈ, ਤੇ ਸੰਬੰਧਿਤ ਦਫ਼ਤਰ ਦੇ ਬੀ ਪੀ ਈ ਓ ਦੀ ਜ਼ਿੰਮੇਵਾਰੀ ਹੈ ਕਿ ਉਹਨਾਂ ਤੋਂ ਦਫ਼ਤਰ ਦਾ ਕਲਰਕ ਵਾਲਾ ਕੰਮ ਵੀ ਲੈਣ। ਵਫ਼ਦ ਨੇ ਉਪਰੋਕਤ ਸੰਬੰਧੀ ਪੱਤਰ ਜਾਰੀ ਕਰਨ ਲਈ ਵੀ ਬੇਨਤੀ ਕੀਤੀ ਤਾਂ ਜੋ ਬੀ ਪੀ ਈ ਓ ਦਫ਼ਤਰਾਂ ਦੇ ਕੰਮਾਂ ਵਿੱਚ ਤੇਜੀ ਆ ਸਕੇ।ਹੋਰਨਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਪਵਨ ਮਸੀਹ, ਜਨਰਲ ਸਕੱਤਰ ਗੁਰਨਾਮ ਚੰਦ, ਜੁਆਇੰਟ ਸਕੱਤਰ ਹਰਜਿੰਦਰ ਅਨੇਜਾ, ਪ੍ਰੈੱਸ ਸਕੱਤਰ ਸੂਰਤੀ ਲਾਲ ਭੋਗਪੁਰ, ਦਫ਼ਤਰ ਸਕੱਤਰ ਨਰੇਸ਼ ਤਿਵਾੜੀ, ਰਾਜ ਸਿੰਘ ਸੈਣੀ, ਚਮਨ ਲਾਲ,ਰਤਨ ਸਿੰਘ ਗੁਰਾਇਆ, ਬਲਵਿੰਦਰ ਕੁਮਾਰ ਪ੍ਰਧਾਨ ਫਿਲੌਰ, ਕੁਲਦੀਪ ਸਿੰਘ ਕੌੜਾ ਮੁੱਖ ਸਲਾਹਕਾਰ ਆਦਿ ਵਫ਼ਦ ਵਿੱਚ ਸ਼ਾਮਲ ਹੋਏ।



# ਸੇਂਟ ਮੈਨੂਜ਼ ਕਾਨਵੈਂਟ ਸਕੂਲ ਵੱਲੋਂ ਨਵੇਂ ਡੀ ਐੱਸ ਪੀ ਤੇ ਐੱਸ ਐੱਚ ਓ ਦਾ ਸਵਾਗਤ

**ਸ਼ਾਹਕੋਟ (ਗਿਆਨ ਸੈਦਪੁਰੀ)**

ਸੈਂਟ ਮੈਨੂਜ਼ ਕਾਨਵੈਂਟ ਸਕੂਲ ਸ਼ਾਹਕੋਟ ਦੀ ਮੈਨੇਜਮੈਂਟ ਕਮੇਟੀ ਵੱਲੋਂ ਨਵੇਂ ਤਾਇਨਾਤ ਹੋਏ ਡੀ ਐੱਸ ਪੀ ਸ਼ਾਹਕੋਟ ਸਰਵਣ ਸਿੰਘ ਬੱਲ ਤੇ ਐੱਸ ਐੱਚ ਓ ਦਿਲਬਾਗ ਸਿੰਘ ਦਾ ਡੀ ਐੱਸ ਪੀ ਦਫ਼ਤਰ ਸ਼ਾਹਕੋਟ ਵਿਖੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਵੱਲੋਂ ਦੋਵਾਂ ਅਧਿਕਾਰੀਆਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਮੈਨੇਜਮੈਂਟ ਕਮੇਟੀ ਦੇ ਸਕੱਤਰ ਸੁਲਕਸ਼ਣ ਜਿੰਦਲ, ਪ੍ਰਿੰਸੀਪਲ ਮੈਡਮ ਰਿਤੂ ਪਾਠਕ ਅਤੇ ਐਡਮਿਨਿਸਟ੍ਰੇਟਰ ਪਰਦੀਪ ਕਾਲੀਆ ਨੇ ਸਾਂਝੇ ਤੌਰ 'ਤੇ ਗੁਲਦਸਤੇ ਭੇਟ ਕੀਤੇ।ਇਸ ਦੌਰਾਨ ਸਕੂਲ ਪ੍ਰਬੰਧਕਾਂ ਵੱਲੋਂ ਨਵੇਂ ਅਧਿਕਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਕਾਰਜਕਾਲ ਲਈ ਕਾਮਯਾਬੀ ਦੀ ਕਾਮਨਾ ਕੀਤੀ ਗਈ। ਪ੍ਰਿੰਸੀਪਲ ਰਿਤੂ ਪਾਠਕ ਨੇ ਕਿਹਾ ਕਿ ਪੁਲਿਸ ਵਿਭਾਗ ਅਤੇ ਸਿੱਖਿਆ ਸੰਸਥਾਵਾਂ ਵਿਚਕਾਰ ਸਹਿਯੋਗ ਸਮਾਜ ਦੇ ਵਿਕਾਸ ਲਈ ਬਹੁਤ ਜ਼ਰੂਰੀ ਹੈ।ਡੀ ਐੱਸ ਪੀ ਸਰਵਣ ਸਿੰਘ ਬੱਲ ਅਤੇ ਐੱਸ ਐੱਚ ਓ ਦਿਲਬਾਗ ਸਿੰਘ ਨੇ ਸਕੂਲ ਮੈਨੇਜਮੈਂਟ, ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਚਨਬੱਧ ਹਨ।ਇਸ ਮੌਕੇ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਵੀ ਮੌਜੂਦ ਸਨ, ਜਿਨ੍ਹਾਂ ਨੇ ਇਸ ਸਮਾਗਮ ਨੂੰ ਯਾਦਗਾਰ ਬਣਾਇਆ।



# ਖ਼ੂਨਦਾਨ ਕੈਂਪ ਲਗਾਇਆ




**ਆਦਮਪੁਰ (ਪਰਮਜੀਤ ਸਿੰਘ)**- ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਦੀ ਸਮੁੱਚੀ ਟੀਮ ਵਲੋਂ ਹਮੇਸ਼ਾ ਦੀ ਤਰ੍ਹਾਂ ਮਾਣਯੋਗ ਪ੍ਰਧਾਨ ਸਾਬ ਜੱਥੇਦਾਰ ਮਨੋਹਰ ਸਿੰਘ ਜੀ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਐਨ ਆਰ ਆਈ ਵੀਰਾਂ ਭੈਣਾਂ ਦੇ ਵੱਡੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ 61 ਵਾ ਸਵੈਂ ਇੱਛੁਕ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 89 ਵੀਰਾ ਭੈਣਾਂ ਨੇ ਖ਼ੂਨਦਾਨ ਕਰ ਕੇ ਮਾਨਵਤਾ ਦੀ ਸੱਚੀ ਸੁੱਚੀ ਸੇਵਾ ਦਾ ਭਰਵਾਂ ਸਬੂਤ ਦਿੱਤਾ। ਇਸ ਮੌਕੇ ਉਚੇਚੇ ਤੌਰ 'ਤੇ ਬਤੌਰ ਮੁੱਖ ਮਹਿਮਾਨ ਸਰਵ ਹਿਮੁਨਟੀ ਸਰਵ ਗੌਡ ਚੈਰੀਟੇਬਲ ਟਰੱਸਟ ਮਦਨਹੇੜੀ ਖਰੜ ਚੰਡੀਗੜ੍ਹ ਤੋਂ ਸਰਪ੍ਰਸਤ ਸਵਰਨਜੀਤ ਸਿੰਘ ਵੱਡੇ ਵੀਰ ਸੁਖਮਨ ਸਿੰਘ ਤੇ ਡਾਕਟਰ ਭੈਣ ਦੀਪਕਾ ਤੇ ਬੀ ਐੱਸ ਪੀ ਦੇ ਬਸਪਾ ਆਗੂ ਬਲਵਿੰਦਰ ਕੁਮਾਰ ਵੀ ਉਚੇਚੇ ਤੌਰ ਤੇ ਪਹੁੰਚੇ ਤੇ ਤੁਹਾਡੀ ਆਪਣੀ ਐੱਨ ਜੀ ਓ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ. ਪੰਜਾਬ ਨੂੰ ਆਸ਼ੀਰਵਾਦ ਦਿੱਤਾ। ਪੱਤਰਕਾਰ ਭਾਈਚਾਰੇ ਨਾਲ ਗੱਲਬਾਤ ਕਰਦਿਆਂ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਨੇ ਸਾਰੇ ਬਲੱਡ ਦਾਨੀ ਵੀਰਾਂ ਭੈਣਾਂ ਦਾ ਆਈ ਹੋਈ ਸਾਧ ਸੰਗਤ ਸਮੁੱਚੇ ਮੀਡੀਆ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ।

# ਮੱਛੀ ਪਾਲਣ ਵਿਭਾਗ ਦੇ ਸਕੱਤਰ ਵੱਲੋਂ ਜੈਤੋਵਾਲੀ ਦਾ ਦੌਰਾ

**ਜਲੰਧਰ (ਸੁਰਿੰਦਰ ਕੁਮਾਰ)**- ਸਕੱਤਰ, ਮੱਛੀ ਪਾਲਣ ਵਿਭਾਗ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲੇ ਭਾਰਤ ਸਰਕਾਰ ਡਾ. ਅਭਿਲਕਸ਼ ਲਿਖੀ ਨੇ ਜਲੰਧਰ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਪਿੰਡ ਜੈਤੋਵਾਲੀ, (ਜੰਡੂ ਸਿੰਘਾ) ਵਿਖੇ ਅਹਨੀਰ ਕੌਰ ਪੁੱਤਰੀ ਸੁਖਵਿੰਦਰ ਸਿੰਘ ਦੇ ਮੱਛੀ ਤਲਾਬ ਦਾ ਨਿਰੀਖਣ ਕੀਤਾ।ਇਸ ਮੌਕੇ ਕਪੂਰਥਲਾ, ਹੁਸ਼ਿਆਰਪੁਰ ਤੇ ਐੱਸ ਬੀ ਐੱਸ ਨਗਰ ਜ਼ਿਲ੍ਹਿਆਂ ਦੇ ਪ੍ਰਗਤੀਸ਼ੀਲ ਮੱਛੀ ਪਾਲਕ ਵੀ ਮੌਜੂਦ ਸਨ।ਇਸ ਮੌਕੇ ਡਾ. ਲਿਖੀ ਨੇ ਜਿਥੇ ਪੀ ਐੱਮ ਐੱਮ ਐੱਸ ਵਾਈ ਯੋਜਨਾ ਦਾ ਜਾਇਜ਼ਾ ਲਿਆ, ਉੱਥੇ ਮੱਛੀ ਪਾਲਕਾਂ ਨਾਲ ਗੱਲਬਾਤ ਕੀਤੀ। ਡਾ. ਲਿਖੀ ਨੇ ਰਾਜ ਵਿੱਚ ਮੱਛੀ ਪਾਲਣ ਖੇਤਰ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਮੱਛੀ ਪਾਲਣ ਵਿਭਾਗ, ਪੰਜਾਬ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾਇਰੈਕਟਰ ਤੇ ਵਾਰਡਨ, ਮੱਛੀ ਪਾਲਣ ਪੰਜਾਬ ਕਰਮਜੀਤ ਸਿੰਘ ਨੇ ਦੱਸਿਆ ਕਿ ਰਾਜ ਵਿੱਚ ਵੱਖ-ਵੱਖ ਮੱਛੀ ਪਾਲਣ ਵਿਕਾਸ ਪਹਿਲਕਦਮੀਆਂ ਤਹਿਤ ਕੁੱਲ 767 ਕਿਸਾਨਾਂ ਨੂੰ 35.34 ਕਰੋੜ ਰੁਪਏ ਦੀ ਸਬਸਿਡੀ ਪ੍ਰਦਾਨ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਪਿੰਡ ਜੈਤੋਵਾਲੀ ਵਿਖੇ ਲਾਭਪਾਤਰੀ ਨੇ ਯੋਜਨਾ ਦੀ ਮਹਿਲਾ ਸ਼੍ਰੇਣੀ ਅਧੀਨ 60 ਫੀਸਦੀ, ਜੋ ਕਿ 3,14,685/- ਰੁਪਏ ਬਣਦੀ ਹੈ, ਦੀ ਸਬਸਿਡੀ ਪ੍ਰਾਪਤ ਕੀਤੀ ਹੈ।

# ਸੰਯੁਕਤ ਕਿਸਾਨ ਮੋਰਚਾ ਤੇ ਟਰੇਡ ਯੂਨੀਅਨਾਂ ਵੱਲੋਂ ਪੈਦਲ ਮਾਰਚ

**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਸ੍ਰੀ ਸੁਖਮਨੀ ਇੰਟਰਨੈਸ਼ਨਲ ਸਕੂਲ ਡੇਰਾਬੱਸੀ ਦੇ ਪ੍ਰਬੰਧਕਾਂ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਕੱਢੇ ਗਏ 14 ਕਰਮਚਾਰੀਆਂ ਦੇ ਹੱਕ ਵਿੱਚ ਸੰਯੁਕਤ ਕਿਸਾਨ ਮੋਰਚਾ ਡੇਰਾਬੱਸੀ ਅਤੇ ਸਮੂਹ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਰਤੀਆਂ ਨੇ ਰੋਸ ਪ੍ਰਦਰਸ਼ਨ ਕੀਤਾ। ਡੇਰਾਬੱਸੀ ਬੱਸ ਸਟੈਂਡ ਤੋਂ ਲੈ ਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਕੋਠੀ ਤੱਕ ਇੱਕ ਵਿਸ਼ਾਲ ਪੈਦਲ ਮਾਰਚ ਕੱਢਿਆ ਗਿਆ, ਜਿੱਥੇ ਪ੍ਰਬੰਧਕਾਂ ਅਤੇ ਲੇਬਰ ਵਿਭਾਗ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਵਿਸ਼ਾਲ ਰੈਲੀ ਕੀਤੀ ਗਈ।ਇਸ ਰੈਲੀ ਦੌਰਾਨ ਵਿਧਾਇਕ ਦੀ ਤਰਫ਼ੋਂ ਪਰਮਜੀਤ ਸਿੰਘ ਰੰਧਾਵਾ ਨੇ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ। ਜਥੇਬੰਦੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਇੱਕ ਹਫ਼ਤੇ ਦੇ ਅੰਦਰ-ਅੰਦਰ ਸੁਖਮਨੀ ਸਕੂਲ ਦੇ ਕਰਮਚਾਰੀਆਂ ਦੇ ਚੱਲ ਰਹੇ ਇਸ ਵਿਵਾਦ ਨੂੰ ਖ਼ਤਮ ਕਰਵਾਉਣ ਲਈ ਆਪਣੀ ਪੂਰੀ ਵਾਹ ਲਗਾ ਦੇਣਗੇ ਅਤੇ ਕਰਮਚਾਰੀਆਂ ਨੂੰ ਵਾਪਸ ਨੌਕਰੀ 'ਤੇ ਬਹਾਲ ਕਰਵਾਇਆ ਜਾਵੇਗਾ। ਰੈਲੀ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਅਤੇ ਟ੍ਰੇਡ ਯੂਨੀਅਨ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਦਿੱਤੇ ਗਏ ਸਮੇਂ ਅਨੁਸਾਰ ਕਰਮਚਾਰੀਆਂ ਨੂੰ ਇਨਸਾਫ਼ ਨਾ ਮਿਲਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਅਜਿਹਾ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਨਪ੍ਰੀਤ ਅਮਰਾਲਾ (ਵਾਈਸ ਪ੍ਰਧਾਨ ਪੰਜਾਬ, ਲੱਖੋਵਾਲ), ਜਗਤਾਰ ਸਿੰਘ ਝਰਮੜੀ, ਰਣਜੀਤ ਸਿੰਘ ਰਾਣਾ (ਬਲਾਕ ਪ੍ਰਧਾਨ ਡੇਰਾਬੱਸੀ), ਹਰਨਾਮ ਸਿੰਘ (ਮੀਤ ਪ੍ਰਧਾਨ ਬਲਾਕ ਡੇਰਾਬੱਸੀ, ਲੱਖੋਵਾਲ), ਜਗਤਾਰ ਸਿੰਘ ਬਟੋਲੀ, ਸੁਰਿੰਦਰ ਸਿੰਘ ਜੜੋਤ (ਜਨਰਲ ਸਕੱਤਰ, ਕੁਲ ਹਿੰਦ ਕਿਸਾਨ ਸਭਾ), ਰਵਿੰਦਰਪਾਲ ਸਿੰਘ (ਪ੍ਰਧਾਨ ਨਗਰ ਕੌਂਸਲ ਇੰਪਲਾਈਜ਼ ਅਤੇ ਸਫਾਈ ਕਰਮਚਾਰੀ ਯੂਨੀਅਨ ਏਟਕ, ਜ਼ੀਰਕਪੁਰ), ਗੁਰਪ੍ਰੀਤ ਸਿੰਘ (ਪ੍ਰੈੱਸ ਸਕੱਤਰ), ਹਰੀ ਸਿੰਘ ਬਹੋੜਾ, ਗੁਰਵਿੰਦਰ ਸਿੰਘ, ਲਖਵਿੰਦਰ ਸਿੰਘ ਹੈਪੀ (ਉਗਰਾਹਾਂ), ਭੁਪਿੰਦਰ ਸਿੰਘ ਬਾਛਲ, ਗੁਰਵਿੰਦਰ ਸਿੰਘ, ਤਰਲੋਚਨ ਸਿੰਘ (ਭਾਰਤੀ ਕਿਸਾਨ ਯੂਨੀਅਨ ਪੁਆਧ), ਰੁਸਤਮ ਸੇਖ (ਭਾਰਤੀ ਕਿਸਾਨ ਯੂਨੀਅਨ ਪੁਆਧ), ਰਜਿੰਦਰ ਸਿੰਘ ਏਕਮ ਸਿੱਧੂ, ਰਜਿੰਦਰ ਸਿੰਘ ਜੀਰਕਪੁਰ ਮਹਿੰਦਰ ਸਿੰਘ ਸੈਣੀ, ਚੰਦਰਪਾਲ ਅਤਰੀ ਲਾਲੜੂ ਅਤੇ ਵਿਨੋਦ ਚੁੱਘ (ਉਪ ਪ੍ਰਧਾਨ ਪੰਜਾਬ, ਏਟਕ) ਹਾਜ਼ਰ ਸਨ।



# ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਰਜਿਸਟ੍ਰੇਸ਼ਨ ਜਾਰੀ

**ਨੰਗਲ/ ਭਲਾਣ (ਹਰਭਜਨ ਸਿੰਘ ਢਿੱਲੋਂ)**

ਮਹਿਲਾਵਾਂ ਦੇ ਸਨਮਾਨ ਅਤੇ ਸਸ਼ਕਤੀਕਰਨ ਨੂੰ ਮਜ਼ਬੂਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਸੂਬੇ ਦੀਆਂ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨਾ ਹੈ। ਇਸ ਸਕੀਮ ਦੇ ਤਹਿਤ ਨੰਗਲ ਤਹਿਸੀਲ ਦੇ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰ ਵਿੱਚ ਵਿਸ਼ਾਲ ਜਾਗਰੂਕਤਾ ਕੈਂਪ ਲਗਾ ਕੇ ਯੋਗ ਮਹਿਲਾਵਾਂ ਦੀ ਰਜਿਸਟ੍ਰੇਸ਼ਨ ਕੀਤੀ ਜਾ ਰਹੀ ਹੈ। ਆਂਗਨਵਾੜੀ ਵਰਕਰ ਪੂਨਮ ਵਿਸ਼ਿਸ਼ਟ ਨੇ ਦੱਸਿਆ ਕਿ ਯੋਜਨਾ ਤਹਿਤ ਪਿੰਡ ਦੀਆਂ ਮਾਵਾਂ ਧੀਆਂ ਅਤੇ ਭੈਣਾਂ ਦੀ ਭੇਦ ਭਾਵ ਰਹਿਤ ਰਜਿਸਟਰੇਸ਼ਨ ਪਹਿਲ ਦੇ ਅਧਾਰ ਤੇ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਹਰ ਯੋਗ ਮਹਿਲਾ ਤੱਕ ਸਕੀਮ ਦਾ ਲਾਭ ਪਹੁੰਚਾਣਾ ਸਰਕਾਰ ਦੀ ਪ੍ਰਾਥਮਿਕਤਾ ਹੈ, ਤਾਂ ਜੋ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਉਹਨਾਂ ਹੋਰ ਦੱਸਿਆ ਕੀ ਇਸ ਸਕੀਮ ਤਹਿਤ 18 ਸਾਲ ਤੋਂ ਉੱਪਰ ਦੀਆਂ ਹਰੇਕ ਔਰਤਾਂ ਅਤੇ ਧੀਆਂ ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨ ਰਾਸ਼ੀ ਐਸਸੀ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਹੋਰ ਵਰਗ ਦੀਆਂ ਔਰਤਾਂ ਨੂੰ 1000 ਰਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ।




# ਗੜ੍ਹੇਮਾਰੀ ਨਾਲ ਨੁਕਸਾਨੀਆਂ ਫ਼ਸਲਾਂ ਲਈ 123.28 ਕਰੋੜ ਦੀ ਰਾਹਤ ਰਾਸ਼ੀ ਜਾਰੀ : ਮੁੰਡੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਸੂਬੇ ਵਿੱਚ ਹੋਈ ਗੜ੍ਹੇਮਾਰੀ ਕਾਰਨ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਤਹਿਤ ਕਿਸਾਨਾਂ ਲਈ 123.28 ਕਰੋੜ ਰੁਪਏ ਤੋਂ ਵੱਧ ਦਾ ਰਾਹਤ ਪੈਕੇਜ ਮਨਜ਼ੂਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਵੱਖ-ਵੱਖ ਜ਼ਿਲ੍ਹਾ ਪ੍ਰਸ਼ਾਸਨਾਂ ਵੱਲੋਂ ਗਿਰਦਾਵਰੀ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਤੁਰੰਤ ਕਾਰਵਾਈ ਵਿੱਢੀ ਤਾਂ ਜੋ ਪ੍ਰਭਾਵਿਤ ਕਾਸ਼ਤਕਾਰਾਂ ਨੂੰ ਸਮੇਂ ਸਿਰ ਮੁਆਵਜ਼ਾ ਮਿਲ ਸਕੇ ਅਤੇ ਵਾਢੀ ਦੇ ਸੀਜ਼ਨ ਦੌਰਾਨ ਹੋਏ ਅਣਕਿਆਸੇ ਨੁਕਸਾਨ ਤੋਂ ਉਭਰਿਆ ਜਾ ਸਕੇ।ਮਾਲ ਮੰਤਰੀ ਨੇ ਦੱਸਿਆ ਕਿ ਸੱਤ ਜ਼ਿਲ੍ਹਿਆਂ ਦੇ 111 ਪਿੰਡਾਂ ਵਿੱਚ 92695 ਏਕੜ ਰਕਬੇ 'ਚ ਹੋਏ ਫ਼ਸਲੀ ਨੁਕਸਾਨ ਲਈ 123,28,05,938 ਰੁਪਏ ਦੇ ਕੁੱਲ ਰਾਹਤ ਪੈਕੇਜ ਨੂੰ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨੁਕਸਾਨੇ ਕੁੱਲ ਖੇਤਰ ਵਿੱਚ 26 ਤੋਂ 32 ਫ਼ੀਸਦੀ ਨੁਕਸਾਨ ਵਾਲਾ 992 ਏਕੜ ਰਕਬਾ, 33 ਤੋਂ 75 ਫ਼ੀਸਦੀ ਨੁਕਸਾਨਿਆ ਗਿਆ 61115 ਏਕੜ ਰਕਬਾ ਅਤੇ 76 ਤੋਂ 100 ਫ਼ੀਸਦੀ ਖ਼ਰਾਬੇ ਵਾਲਾ 30588 ਏਕੜ ਰਕਬਾ ਸ਼ਾਮਲ ਹੈ।

# ਕ੍ਰਿਕਟ ਟੂਰਨਾਮੈਂਟ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**-ਹਲਕਾ ਆਦਮਪੁਰ ਦੇ ਅਧੀਨ ਆਉਂਦੇ ਪਿੰਡ ਖੋਜਕੀਪੁਰ ਨੰਗਲ ਸਲਾਲਾ ਵਿਖੇ ਡਾ.ਬੀ.ਆਰ.ਅੰਬੇਡਕਰ ਕ੍ਰਿਕਟ ਕਲੱਬ ਖੋਜਕੀਪੁਰ ਨੰਗਲ ਸਲਾਲਾ ਵਲੋਂ ਗ੍ਰਾਮ ਪੰਚਾਇਤ ਤੇ ਐੱਨ ਆਰ ਆਈ ਦੇ ਸਹਿਯੋਗ ਨਾਲ ਤੀਸਰਾ ਸਲਾਨਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ।



ਵਿਸ਼ੇਸ਼ ਤੌਰ 'ਤੇ ਬਸਪਾ ਸੂਬਾ ਜਨਰਲ ਸਕੱਤਰ ਤੇ ਆਦਮਪੁਰ ਦੇ ਹਲਕਾ ਇੰਚਾਰਜ ਬਲਵਿੰਦਰ ਕੁਮਾਰ ਐਡਵੋਕੇਟ ਅਤੇ ਸਾਥੀਆਂ ਸਮੇਤ ਆਦਮਪੁਰ ਦੇ ਐੱਮ ਐੱਲ ਏ ਸੁਖਵਿੰਦਰ ਸਿੰਘ ਕੋਟਲੀ ਮੁੱਖ ਮਹਿਮਾਨ ਵਜੋਂ ਪਹੁੰਚੇ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ। ਪਹਿਲੇ ਨੰਬਰ ਰਹੀ ਭੋਗਪੁਰ ਦੀ ਟੀਮ ਨੂੰ 31000 ਨਗਦ ਰਾਸ਼ੀ ਤੇ ਟਰਾਫੀ ਇਨਾਮ ਦਿੱਤਾ ਗਿਆ। ਇਸੇ ਤਰਾਂ ਦੂਸਰੇ ਨੰਬਰ ਤੇ ਬੋਲੀਨਾ ਦੀ ਟੀਮ ਨੂੰ 21000 ਨਗਦ ਤੇ ਟਰਾਫੀ ਇਨਾਮ ਦਿਤਾ ਗਿਆ। ਦੋ ਬੈਸਟ ਖਿਡੀਆਂ ਨੂੰ ਇਕੱਤੀ ਇਕੱਤੀ ਸੋ ਇਨਾਮ ਦਿੱਤਾ ਗਿਆ। ਪ੍ਰਬੰਧਕ ਕਮੇਟੀ ਵਲੋਂ ਆਏ ਹੋਏ ਮੁੱਖ ਮਹਿਮਾਨਾ ਨੂੰ ਯਾਦਗਰੀ ਸਨਮਾਨ ਚਿੰਨ ਦੇ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਨ, ਸਰਬਜੀਤ, ਜੋਹੀ, ਅਰਸਗਿੱਲ, ਅਮਨ, ਅਰਸ ਸਿੱਧੂ, ਸਾਹਿਲ, ਨੰਬਰਦਾਰ ਅਮਨਦੀਪ ਸਿੰਘ ਢਿੱਲੋਂ, ਬਲਦੇਵ ਸਿੰਘ, ਦਵਿੰਦਰ ਸਿੰਘ ਵਿੰਦਰ, ਸਰਪੰਚ ਰਾਕੇਸ ਕੁਮਾਰ, ਸਰਪੰਚ ਹੈਪੀ, ਸੁਰਜੀਤ ਸਿੰਘ ਸਰਪੰਚ ਪਤੀ, ਦਲਬੀਰ ਸਿੰਘ ਖੋਜਕੀਪੁਰ, ਜਸਵੀਰ ਸਿੰਘ, ਬਰਿੰਦਰ ਸਿੰਘ ਬਿੰਦਾ, ਵਿਕੀ, ਰਵੀ, ਜੱਗੀ, ਬੱਬੂ ਹਾਜ਼ਰ ਸਨ।

# ਹੜਤਾਲੀ ਮਜ਼ਦੂਰਾਂ ਦੇ ਹੱਕ 'ਚ ਯੋਗੀ ਤੇ ਮੋਦੀ ਦੇ ਪੁਤਲੇ ਫੂਕੇ

**ਬੰਗਾ (ਅਵਤਾਰ ਕਲੇਰ)**- ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ (ਇਫਟੂ), ਏਟਕ, ਪੇਂਡੂ ਮਜ਼ਦੂਰ ਯੂਨੀਅਨ ਤੇ ਪੈਨਸ਼ਨਰਜ਼ ਯੂਨੀਅਨ ਵੱਲੋਂ ਉੱਤਰ ਪ੍ਰਦੇਸ਼ ਤੇ ਹਰਿਆਣਾ ਸਮੇਤ ਦੇਸ਼ ਦੇ ਵੱਖ-ਵੱਖ ਤੋਂ ਪਹਿਲਾਂ ਸਥਾਨਕ ਬੱਸ ਅੱਡੇ ਤੇ ਇਕੱਠ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਇਫਟੂ ਦੇ ਸੂਬਾ ਪ੍ਰੈੱਸ ਸਕੱਤਰ ਜਸਬੀਰ ਦੀਪ, ਇਫਟੂ ਦੇ ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ,



ਹਿੱਸਿਆਂ ਵਿੱਚ ਵੱਧ ਘੰਟੇ ਕੰਮ, ਉਚਿਤ ਉਜਰਤਾਂ, ਗਿਰਫ਼ਤਾਰ ਮਜ਼ਦੂਰਾਂ ਦੀ ਰਿਹਾਈ ਤੇ ਹੋਰ ਮੰਗਾਂ ਲਈ ਚੱਲ ਰਹੇ ਮਜ਼ਦੂਰਾਂ ਦੇ ਸੰਘਰਸ਼ ਦੇ ਸਮਰਥਨ ਵਿੱਚ ਅੰਬੇਡਕਰ ਚੌਕ ਨਵਾਂਸ਼ਹਿਰ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਆਦਿੱਤਿਆਨਾਥ ਯੋਗੀ ਦੇ ਪੁਤਲੇ ਫੂਕੇ ਗਏ ਅਤੇ ਨਾਅਰੇਬਾਜ਼ੀ ਕੀਤੀ ਗਈ। ਇਸ ਪੈਨਸ਼ਨਰਜ਼ ਯੂਨੀਅਨ ਦੇ ਆਗੂ ਕੁਲਦੀਪ ਸਿੰਘ ਦੌੜਕਾ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਏਟਕ ਦੇ ਆਗੂ ਰਾਮ ਆਸਰਾ ਸਿੰਘ, ਇਫਟੂ ਆਟੋ ਵਰਕਰ ਯੂਨੀਅਨ ਦੇ ਆਗੂ ਗੁਰਪ੍ਰੀਤ ਗੋਪੀ ਨੇ ਕਿਹਾ ਕਿ ਹੜਤਾਲੀ ਕਾਮਿਆਂ ਦੀਆਂ ਮੰਗਾਂ ਜਾਇਜ਼ ਹਨ ਪਰ ਮਾਲਕ ਉਨ੍ਹਾਂ ਦੀਆਂ ਮੰਗਾਂ ਮੰਨਣ ਤੋਂ ਇਨਕਾਰੀ ਹਨ। ਉਨ੍ਹਾਂ ਨੇ ਸ਼ਾਂਤੀਪੂਰਨ ਹੜਤਾਲਾਂ ਨੂੰ ਦਬਾਉਣ ਲਈ ਕੀਤੀਆਂ ਗਈਆਂ ਕਾਰਵਾਈਆਂ ਦੀ ਸਖ਼ਤ ਨਿੰਦਾ ਕੀਤੀ। ਆਗੂਆਂ ਨੇ ਸੰਘਰਸ਼ਸ਼ੀਲ ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਨ, ਅੱਠ ਘੰਟੇ ਕੰਮ ਲਈ ਘੱਟੋ-ਘੱਟ 30 ਹਜ਼ਾਰ ਦੀ ਮਾਸਿਕ ਉਜਰਤ ਲਾਗੂ ਕਰਨ, ਰੋਜ਼ਾਨਾ ਉਜਰਤ ਦਰ ਉਸ ਅਨੁਸਾਰ ਨਿਰਧਾਰਤ ਕਰਨ, ਮਹਿਲਾ ਮਜ਼ਦੂਰਾਂ ਨੂੰ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੇਣ, ਅੱਠ ਘੰਟੇ ਕੰਮ ਵਾਲੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ, ਦੁੱਗਣੀ ਓਵਰਟਾਈਮ ਤਨਖਾਹ ਦੇਣ ਹੜਤਾਲਾਂ ਅਤੇ ਹੋਰ ਛੁੱਟੀਆਂ ਲਾਗੂ ਕਰਨ, ਹੜਤਾਲਾਂ ਨੂੰ ਦਬਾਉਣ ਲਈ ਸਾਰੇ ਦਮਨਕਾਰੀ ਉਪਾਅ ਬੰਦ ਕਰਨ, ਗ੍ਰਿਫ਼ਤਾਰ ਕੀਤੇ ਗਏ ਮਜ਼ਦੂਰਾਂ, ਕਾਰਕੁਨਾਂ ਅਤੇ ਆਗੂਆਂ ਉੱਤੇ ਬਣਾਏ ਪੁਲਿਸ ਕੇਸ ਵਾਪਸ ਕਰਨ ਅਤੇ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ।

ਇਸ ਮੌਕੇ ਹਰੀ ਰਾਮ ਰਸੂਲਪੁਰੀ, ਜਸਵੀਰ ਸਿੰਘ ਮੋਰੋਂ, ਮਾਸਟਰ ਰਾਮ ਪਾਲ, ਮਾਸਟਰ ਜੀਤ ਲਾਲ, ਹਰੀ ਲਾਲ, ਸੁਰਿੰਦਰ ਮੀਰਪੁਰੀ ਆਗੂ ਵੀ ਮੌਜੂਦ ਸਨ।

# ਮੁਲਾਜ਼ਮਾਂ ਦੀ ਭਲਾਈ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਥੇ ਮੁਲਾਜ਼ਮ ਤੇ ਵਰਕਰ ਯੂਨੀਅਨਾਂ ਦੇ ਵਫ਼ਦਾਂ ਨਾਲ ਲੜੀਵਾਰ ਮੀਟਿੰਗਾਂ ਕੀਤੀਆਂ, ਜਿੱਥੇ ਉਨ੍ਹਾਂ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਵਿਸਥਾਰ ਨਾਲ ਸੁਣਿਆ ਅਤੇ ਜਾਇਜ਼ ਮਸਲਿਆਂ ਦੇ ਜਲਦ ਹੱਲ ਦਾ ਭਰੋਸਾ ਦਿੱਤਾ। ਮੁਲਾਜ਼ਮਾਂ ਦੀ ਭਲਾਈ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਉਨ੍ਹਾਂ ਨੇ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਵਿੱਤੀ ਪ੍ਰਵਾਨਗੀ ਦੀ ਲੋੜ ਵਾਲੇ ਮਾਮਲਿਆਂ ਵਿੱਚ ਤਜਵੀਜ਼ਾਂ ਭੇਜਣ ਦੇ ਨਿਰਦੇਸ਼ ਦਿੱਤੇ। ਇਨ੍ਹਾਂ ਮੀਟਿੰਗਾਂ ਦੌਰਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਰਟ ਐਂਡ ਕਰਾਫਟ ਟੀਚਰ ਯੂਨੀਅਨ, ਕੰਪਿਊਟਰ ਅਧਿਆਪਕ ਯੂਨੀਅਨ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਅਤੇ ਡੈਮੋਕ੍ਰੇਟਿਕ ਮਿਡ ਡੇ ਮੀਲ ਕੁੱਕ ਫਰੰਟ ਦੇ ਵਫ਼ਦਾਂ ਨਾਲ ਵਿਸਤ੍ਰਿਤ ਗੱਲਬਾਤ ਕੀਤੀ। ਇਸ ਤੋਂ ਇਲਾਵਾ, ਓਵਰਏਜ ਬੇਰੁਜ਼ਗਾਰ ਅਧਿਆਪਕ ਯੂਨੀਅਨ ਅਤੇ ਪੰਜਾਬ ਨੰਬਰਦਾਰ ਯੂਨੀਅਨ ਦੇ ਨੁਮਾਇੰਦਿਆਂ ਨਾਲ ਵੀ



ਵਿਆਪਕ ਵਿਚਾਰ-ਵਟਾਂਦਰਾ ਕੀਤਾ। ਵਿੱਤ ਮੰਤਰੀ ਨੇ ਗੱਲਬਾਤ ਦੌਰਾਨ ਯੂਨੀਅਨ ਆਗੂਆਂ ਵੱਲੋਂ ਉਠਾਏ ਗਏ ਮਸਲਿਆਂ ਅਤੇ ਮੰਗਾਂ ਨੂੰ ਧੀਰਜ, ਹਮਦਰਦੀ ਅਤੇ ਪੂਰੇ ਧਿਆਨ ਨਾਲ ਸੁਣਿਆ। ਵਿਸਤ੍ਰਿਤ ਵਿਚਾਰ-ਵਟਾਂਦਰੇ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਜਾਗਰ ਕੀਤੀਆਂ ਗਈਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਫੈਸਲਾਕੁੰਨ ਪ੍ਰਸ਼ਾਸਨਿਕ ਕਦਮ ਚੁੱਕੇ।

# ਐੱਲ ਪੀ ਯੂ 'ਚ ਏ ਆਈ ਅਧਾਰਤ ਵਿਸ਼ੇਸ਼ ਪ੍ਰੋਗਰਾਮ ਸ਼ੁਰੂ

**ਜਲੰਧਰ (ਸ਼ੈਲੀ ਐਲਬਰਟ)**- ਜਲੰਧਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਆਪਣੇ ਸਾਰੇ ਅਕਾਦਮਿਕ ਪ੍ਰੋਗਰਾਮਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਪੂਰੀ ਤਰ੍ਹਾਂ ਸ਼ਾਮਲ ਕਰ ਦਿੱਤਾ ਹੈ। ਇਸ ਵਿੱਚ ਇੰਜੀਨੀਅਰਿੰਗ, ਪ੍ਰਬੰਧਨ, ਕੰਪਿਊਟਰ ਐਪਲੀਕੇਸ਼ਨਾਂ, ਕਾਨੂੰਨ, ਡਿਜ਼ਾਈਨ, ਖੇਤੀਬਾੜੀ ਅਤੇ ਹੋਰ ਉੱਭਰ ਰਹੇ ਖੇਤਰਾਂ ਵਿੱਚ ਪ੍ਰੋਗਰਾਮਾਂ ਵਿੱਚ ਏ ਆਈ-ਅਧਾਰਤ ਸਿਖਲਾਈ ਸ਼ਾਮਲ ਹੈ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਏ ਆਈ 'ਤੇ ਕੇਂਦ੍ਰਿਤ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤੇ ਹਨ, ਜਿਵੇਂ ਕਿ ਬੀ.ਟੈਕ (ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ), ਬੀ.ਟੈਕ (ਡੇਟਾ ਸਾਇੰਸ ਅਤੇ ਐਨਾਲਿਟਿਕਸ), ਬੀ.ਟੈਕ (ਰੋਬੋਟਿਕਸ ਅਤੇ ਆਟੋਮੇਸ਼ਨ), ਬੀਬੀਏ ਅਤੇ ਐਮ ਬੀ ਏ (ਬਿਜ਼ਨਸ ਐਨਾਲਿਟਿਕਸ, ਡਿਜੀਟਲ ਮਾਰਕੀਟਿੰਗ, ਅਤੇ ਫਿਨਟੈਕ) ਅਤੇ ਬੀ ਸੀ ਏ ਅਤੇ ਐਮ ਸੀ ਏ (ਏ ਆਈ ਅਤੇ ਡੇਟਾ ਸਾਇੰਸ ਸਪੈਸ਼ਲਾਈਜ਼ੇਸ਼ਨ)। ਐਡ-ਟ੍ਰਿਵਲਿਊਸ਼ਨ ਦੇ ਆਧਾਰ 'ਤੇ ਇਹ ਪਹੁੰਚ ਵਿਦਿਆਰਥੀਆਂ ਨੂੰ ਲਾਈਵ ਪ੍ਰੋਜੈਕਟਾਂ 'ਤੇ ਕੰਮ ਕਰਨ, ਹੈਕਾਥਨ ਵਿੱਚ ਹਿੱਸਾ ਲੈਣ



ਅਤੇ ਉਦਯੋਗ-ਸੰਬੰਧਤ, ਮੁਦਰੀਕਰਨ ਕੀਤੇ ਅਸਾਈਨਮੈਂਟਾਂ ਨੂੰ ਆਪਣੇ ਕੋਰਸ ਦੇ ਲਾਜ਼ਮੀ ਹਿੱਸੇ ਵਜੋਂ ਪੂਰਾ ਕਰਨ ਦੀ ਆਗਿਆ ਦਿੰਦੀ ਹੈ। ਵਿਦਿਆਰਥੀਆਂ ਨੂੰ ਜ਼ਰੂਰੀ ਟੂਲਸ, ਪਲੇਟਫਾਰਮ, ਪ੍ਰਮਾਣੀਕਰਣ ਅਤੇ ਸਾਰੀਆਂ ਭੂਮਿਕਾਵਾਂ ਲਈ ਏ ਆਈ ਇੰਟਰਨਸ਼ਿਪ ਅਤੇ ਪਲੇਸਮੈਂਟ ਲਈ ਇੱਕ ਢਾਂਚਾਗਤ ਮਾਰਗ ਤੱਕ ਪਹੁੰਚ ਪ੍ਰਾਪਤ ਹੁੰਦੀ ਹੈ। ਐਲ ਪੀ ਯੂ ਨੇ ਗਲੋਬਲ ਸਿਮਰਸ਼ਨ ਪ੍ਰੋਗਰਾਮ ਨੂੰ ਇੱਕ ਵਿਲੱਖਣ ਅਕਾਦਮਿਕ ਪੇਸ਼ਕਸ਼ ਵਜੋਂ ਸ਼ਾਮਲ ਕੀਤਾ ਹੈ। 2,000 ਤੋਂ ਵੱਧ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਪ੍ਰਸਿੱਧ ਕੰਪਨੀਆਂ ਤੋਂ ?10 ਲੱਖ ਤੋਂ ?2.5 ਕਰੋੜ ਤੱਕ ਦੀਆਂ ਪੇਸ਼ਕਸ਼ਾਂ ਪ੍ਰਾਪਤ ਹੋਈਆਂ ਹਨ। ਇਸ ਏਕੀਕ੍ਰਿਤ ਅਕਾਦਮਿਕ ਅਤੇ ਉਦਯੋਗ-ਅਧਾਰਤ ਪਹੁੰਚ ਦੇ ਨਾਲ ਐਲਪੀਯੂ ਵਿੱਚ 2026 ਦੇ ਅਕਾਦਮਿਕ ਸੈਸ਼ਨ ਲਈ ਦਾਖਲੇ ਖੁੱਲ੍ਹੇ ਹਨ। ਵਿਦਿਆਰਥੀ ਅਧਿਕਾਰਤ ਵੈੱਬਸਾਈਟ, www.lpu.in ਰਾਹੀਂ ਅਰਜ਼ੀ ਦੇ ਸਕਦੇ ਹਨ। ਚੋਣ ਅਕਾਦਮਿਕ ਪ੍ਰਦਰਸ਼ਨ ਅਤੇ ਦਾਖਲਾ ਪ੍ਰੀਖਿਆਵਾਂ 'ਤੇ ਅਧਾਰਤ ਹੋਵੇਗੀ। ਉਮੀਦਵਾਰ 100% ਤੱਕ ਸਕਾਲਰਸ਼ਿਪ ਪ੍ਰਾਪਤ ਕਰ ਸਕਦੇ ਹਨ; ਸ਼ਰਤ ਤੋਂ ਵੱਧ ਲਾਭ ਤੋਂ ਵੱਧ ਨੂੰ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕਰਵਾਈਆਂ ਗਈਆਂ ਅਰਜ਼ੀਆਂ ਲਈ ਉਪਲਬਧ ਹੋਣਗੇ।

# ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਤੇ ਸੀਨੀਅਰ ਆਗੂ ਸੈਣੀ ਵੱਲੋਂ ਡੇਰਾਬੱਸੀ ਮੰਡੀਆਂ ਦਾ ਦੌਰਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਇਲਾਕੇ ਦੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦਿਆਂ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਅਤੇ ਭਾਜਪਾ ਦੇ ਸੀਨੀਅਰ ਆਗੂ ਵਿੱਚ ਲਿਆਂਦਾ ਗਿਆ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੁਰੰਤ ਕਾਰਵਾਈ ਕਰਦਿਆਂ ਕਣਕ ਦੀ ਖਰੀਦ ਲਈ ਲੋੜੀਂਦੀਆਂ ਰਿਆਇਤਾਂ ਜਾਰੀ ਕਰ ਦਿੱਤੀਆਂ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਖਰੀਦ ਨੂੰ ਸੁਚਾਰੂ ਬਣਾਉਣ ਲਈ ਪੰਜਾਬ ਨੂੰ 35,000 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਪਹਿਲਾਂ ਹੀ ਜਾਰੀ ਕਰ ਦਿੱਤੀ ਸੀ, ਜਿਸ ਸਦਕਾ ਹੁਣ ਤੱਕ ਸੂਬੇ ਵਿੱਚ 39 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਜਦੋਂ ਕਿ 1 ਲੱਖ 22 ਹਜ਼ਾਰ ਤੋਂ ਲੈ ਕੇ 1 ਲੱਖ 25 ਹਜ਼ਾਰ ਮੀਟਰ ਟਨ ਕਣਕ ਖਰੀਦਣ ਦਾ ਸਰਕਾਰ ਦਾ ਟੀਚਾ ਹੈ। ਇਸ ਮੌਕੇ



ਗੁਰਦਰਸ਼ਨ ਸਿੰਘ ਸੈਣੀ ਨੇ ਸਾਂਝੇ ਤੌਰ 'ਤੇ ਡੇਰਾਬੱਸੀ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ। ਇਸ ਮੌਕੇ ਦੋਵਾਂ ਆਗੂਆਂ ਨੇ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਸੁਣੀਆਂ। ਮੀਡੀਆ ਨਾਲ ਗੱਲਬਾਤ ਕਰਦਿਆਂ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਬੇਮੌਸਮੀ ਬਾਰਿਸ਼ ਕਾਰਨ ਪੰਜਾਬ ਦੇ ਕਿਸਾਨਾਂ ਸਿਰ ਪੈਦਾ ਹੋਏ ਵੱਡੇ ਸੰਕਟ ਨੂੰ ਦੇਖਦਿਆਂ, ਜਦੋਂ ਇਹ ਮਾਮਲਾ ਕੇਂਦਰ ਸਰਕਾਰ ਦੇ ਧਿਆਨ ਸਥਾਨਕ ਸੀਨੀਅਰ ਆਗੂ ਸੈਣੀ ਨੇ ਕਿਸਾਨੀ ਮੁੱਦਿਆਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਉਹ ਇਲਾਕੇ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਤੋਂ ਭਲੀਭਾਂਤ ਜਾਣੂ ਹਨ ਅਤੇ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਹਨ। ਇਸ ਮੌਕੇ ਭਾਜਪਾ ਆਗੂ ਮਿੰਟਾ ਸੈਣੀ, ਗੁਲਜਾਰ ਸਿੰਘ ਟਿਵਾਣਾ, ਮੇਜਰ ਸਿੰਘ ਪਰਾਗਪੁਰ, ਗੁਰਜੰਟ ਸਿੰਘ, ਢੇਰੂ ਲੰਬੜਦਾਰ, ਗੁਰਮੀਤ ਟਿਵਾਣਾ, ਬਾਂਸਲ ਜੀ ਅਤੇ ਰਿੰਕੂ ਜਨਤਪੁਰ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਆਗੂ ਅਤੇ ਵਰਕਰ ਹਾਜ਼ਰ ਸਨ।

# 200 ਏਕੜ ਕਣਕ ਤੇ ਨਾੜ ਸੜ ਕੇ ਸੁਆਹ

**ਬੰਗਾ (ਅਵਤਾਰ ਕਲੇਰ)**- ਹਲਕਾ ਬੰਗਾ ਦੇ ਪਿੰਡ ਲਾਦੀਆਂ, ਜੰਡਿਆਲਾ ਅਤੇ ਸੱਲ੍ਹਾਂ ਦੇ ਖੇਤਾਂ ਵਿੱਚ ਲੱਗੀ ਭਿਆਨਕ ਅੱਗ ਕਾਰਨ 200 ਤੋਂ ਵੱਧ ਏਕੜ ਕਣਕ ਦੀ ਫਸਲ ਅਤੇ ਨਾੜ ਸੜ ਕੇ ਸੁਆਹ ਹੋ ਗਈ। ਇਨ੍ਹਾਂ ਵਿੱਚੋਂ ਤਕਰੀਬਨ 150 ਏਕੜ ਵਿੱਚ ਖੜੀ ਕਣਕ ਪੂਰੀ ਤਰ੍ਹਾਂ ਨਸ਼ਟ ਹੋ ਗਈ, ਜਿਸ ਨਾਲ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਸੁਖਦੀਪ ਸਿੰਘ ਸਾਬਕਾ ਸਰਪੰਚ ਸੱਲ੍ਹਾਂ, ਕੁਲਵਿੰਦਰ ਸਿੰਘ, ਚਰਨਜੀਤ ਸਿੰਘ ਜੰਡਿਆਲਾ, ਮੋਹਰ ਸਿੰਘ ਹੀਓਂ, ਤੋਂਥੀ ਨੰਬਰਦਾਰ ਤੇ ਹੋਰ ਕਿਸਾਨਾਂ ਨੇ ਦੱਸਿਆ ਕਿ ਅੱਗ ਦੀ ਸ਼ੁਰੂਆਤ ਪਿੰਡ ਲਾਦੀਆਂ ਤੋਂ ਹੋਈ ਜੋ ਤੇਜ਼ ਹਵਾਵਾਂ ਕਾਰਨ ਜੰਡਿਆਲਾ ਦੇ ਖੇਤਾਂ ਰਾਹੀਂ ਹੁੰਦੀ ਹੋਈ ਪਿੰਡ ਸੱਲ੍ਹਾਂ ਤੱਕ ਪਹੁੰਚ ਗਈ ਅਤੇ ਵੱਡੇ ਪੱਧਰ 'ਤੇ ਫਸਲ ਨੂੰ ਆਪਣੀ ਲਪੇਟ ਵਿੱਚ ਲੈ ਗਈ। ਉਨ੍ਹਾਂ ਦੱਸਿਆ ਕਿ ਫਾਇਰ ਬ੍ਰਿਗੇਡ ਨੂੰ ਤੁਰੰਤ ਸੂਚਿਤ ਕੀਤਾ ਗਿਆ ਸੀ, ਪਰ ਫਾਇਰ ਬ੍ਰਿਗੇਡ ਦੀ ਗੱਡੀ ਇੱਕ ਘੰਟੇ ਤੋਂ ਬਾਅਦ ਪਹੁੰਚੀ। ਅੱਗ ਬੁਝਾਉਣ ਵਿੱਚ ਕਰੀਬ 60 ਤੋਂ 70 ਟਰੈਕਟਰਾਂ ਦੀ ਮਦਦ ਦੌਰਾਨ ਸਥਾਨਕ ਲੋਕਾਂ ਅਤੇ ਕਿਸਾਨਾਂ ਨੇ ਖੁਦ ਹੀ ਅੱਗ 'ਤੇ ਕਾਬੂ ਪਾ ਲਿਆ। ਇਲਾਕੇ ਦੇ ਲਗਭਗ 15 ਪਿੰਡਾਂ ਦੇ ਕਿਸਾਨ ਇਕੱਠੇ ਹੋ ਕੇ ਆਪਣੇ ਟਰੈਕਟਰਾਂ ਨਾਲ ਖੇਤਾਂ ਵਿੱਚ ਹਲ ਚਲਾ ਕੇ ਅੱਗ ਨੂੰ ਫੈਲਣ ਤੋਂ ਰੋਕਣ ਵਿੱਚ ਕਾਮਯਾਬ ਰਹੇ, ਜਿਸ ਨਾਲ ਹੋਰ ਵੱਡੇ ਨੁਕਸਾਨ ਤੋਂ ਬਚਾਅ ਹੋ ਸਕਿਆ। ਪ੍ਰਭਾਵਿਤ ਕਿਸਾਨਾਂ ਨੇ ਸਰਕਾਰ ਤੋਂ ਪ੍ਰਤੀ ਏਕੜ 60 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਨਾਲ ਹੀ ਉਨ੍ਹਾਂ ਮੰਗ ਕੀਤੀ ਕਿ ਹਰ ਸ਼ਹਿਰ ਵਿੱਚ ਅੱਗ ਬੁਝਾਉਣ ਵਾਲੀਆਂ ਗੱਡੀਆਂ ਦੀ ਵਿਵਸਥਾ ਕੀਤੀ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ ਦੌਰਾਨ ਸਮੇਂ 'ਤੇ ਮਦਦ ਮਿਲ ਸਕੇ। ਕਿਸਾਨਾਂ ਨੇ ਬਿਜਲੀ ਵਿਭਾਗ ਨੂੰ ਵੀ ਅਪੀਲ ਕੀਤੀ ਹੈ ਕਿ ਗਰਮੀ ਦੇ ਮੌਸਮ ਵਿੱਚ ਖੇਤਾਂ ਦੀ ਵੱਲ ਰਹੀ ਬਿਜਲੀ ਸਪਲਾਈ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਤਾਂ ਜੋ ਟ੍ਰਾਂਸਫਾਰਮਰਾਂ ਤੋਂ ਚਿੰਗਾਰੀਆਂ ਨਾਲ ਹੋਣ ਵਾਲੀਆਂ ਅੱਗ ਦੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਹਲਕਾ ਵਿਧਾਇਕ ਸੁਖਵਿੰਦਰ ਕੁਮਾਰ ਸੁੱਖੀ ਮੌਕੇ 'ਤੇ ਪਹੁੰਚੇ ਉਨ੍ਹਾਂ ਕਿਹਾ ਕਿ ਮੇਰੇ ਹਲਕੇ ਦੇ ਪਿੰਡਾਂ ਤੇ ਕਣਕ ਦੀ ਫਸਲ ਨੂੰ ਲੱਗੀ ਭਿਆਨਕ ਅੱਗ ਕਾਰਨ ਕਿਸਾਨ ਭਰਾਵਾਂ ਦਾ ਵੱਡਾ ਨੁਕਸਾਨ ਹੋਇਆ। ਇਸ ਦੁਖਦਾਈ ਘਟਨਾ ਦੀ ਸੂਚਨਾ ਮਿਲਦਿਆਂ ਹੀ ਉਨ੍ਹਾਂ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨਾਲ ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਅਤੇ ਹਲਕਾ ਸੰਗਠਨ ਇੰਚਾਰਜ ਪਵਨਜੀਤ ਸਿੰਘ ਸਿੱਧੂ ਵੀ ਮੌਜੂਦ ਸਨ।





# ਫਿਲੌਰ ਤੇ ਇਸ ਦੀਆਂ ਸਹਾਇਕ ਮੰਡੀਆਂ 'ਚ 237621 ਕੁਇੰਟਲ ਕਣਕ ਪੁੱਜੀ

**ਫਿਲੌਰ (ਨਿਰਮਲ)**- ਦਾਣਾ ਮੰਡੀ ਫਿਲੌਰ ਤੇ ਇਸ ਦੀਆਂ ਸਹਾਇਕ ਮੰਡੀਆਂ ਵਿੱਚ ਹੁਣ ਤੱਕ 237621 ਕੁਇੰਟਲ ਕਣਕ ਪੁੱਜ ਚੁੱਕੀ ਹੈ ਜਿਸ ਵਿੱਚੋਂ ਭਾਰਤੀ ਖਾਦ ਨਿਗਮ ਨੇ 11162 ਕੁਇੰਟਲ, ਪਨਗ੍ਰੇਨ ਨੇ 88314, ਮਾਰਕਫੈਡ 38710, ਪਨਸਪ 87401 ਕੁਇੰਟਲ ਦੀ ਖ਼ਰੀਦ ਕੀਤੀ ਹੈ ਕਣਕ ਦਾ ਇਸ ਵਾਰ ਭਾਅ 2585 ਪ੍ਰਤੀ ਕੁਇੰਟਲ ਹੈ। ਖ਼ਰੀਦੀ ਗਈ ਕਣਕ ਨਾਲੋਂ ਨਾਲ ਚੁਕਵਾ ਕੇ ਗੁਦਾਮਾਂ ਵਿੱਚ ਭੇਜੀ ਜਾ ਰਹੀ ਹੈ। ਇਸ ਵਾਰ ਫਿਲੌਰ, ਅੱਪਰਾ, ਲਸਾੜਾ, ਤੇਹਿੰਗ, ਮੁਠੱਡਾ ਖੁਰਦ ਮੰਡੀਆਂ ਵਿੱਚ ਕਣਕ ਪੁੱਜ ਰਹੀ ਹੈ।



# ਬਿਜਲੀ ਦੇ ਲੰਮੇ ਕੱਟ ਕਾਰਨ ਕਿਸਾਨ ਹੋ ਰਹੇ ਹਨ ਪਰੇਸ਼ਾਨ : ਗਿਲਜੀਆਂ

**ਅੱਡਾ ਸਰਾਂ (ਜਸਵੀਰ ਕਾਜਲ)**- ਪਾਵਰਕਾਮ ਵੱਲੋਂ ਇਲਾਕੇ ਅੰਦਰ ਲਗਾਤਾਰ ਲੰਬੇ-ਲੰਬੇ ਬਿਜਲੀ ਕੱਟ ਲੱਗਣ ਕਾਰਨ ਜਿੱਥੇ ਆਮ ਲੋਕਾਂ ਦੀ ਰੋਜ਼ਮਰ੍ਹਾ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ, ਉੱਥੇ ਹੀ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਨਾ ਮਿਲਣ ਕਾਰਨ ਉਨ੍ਹਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ



ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਜ਼ਿਲਾ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਨੇ ਕੀਤਾ। ਕਈ ਇਲਾਕਿਆਂ ਵਿੱਚ ਕਿਸਾਨਾਂ ਨੂੰ ਕੇਵਲ 4 ਤੋਂ 5 ਘੰਟੇ ਹੀ ਬਿਜਲੀ ਮਿਲ ਰਹੀ ਹੈ, ਜੋ ਕਿ ਫਸਲਾਂ ਲਈ ਕਤਈ ਕਾਫ਼ੀ ਨਹੀਂ ਹੈ। ਗਿਲਜੀਆਂ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਮੱਕੀ, ਗੰਨਾ ਅਤੇ ਸਬਜ਼ੀਆਂ ਵਰਗੀਆਂ ਫਸਲਾਂ ਨੂੰ ਸਮੇਂ-ਸਿਰ ਪਾਣੀ ਦੀ ਬਹੁਤ ਲੋੜ ਹੁੰਦੀ ਹੈ, ਪਰ ਬਿਜਲੀ ਦੀ ਘਾਟ ਕਾਰਨ ਕਿਸਾਨ ਆਪਣੀਆਂ ਫਸਲਾਂ ਨੂੰ ਸਹੀ ਸਮੇਂ ਸਿੰਚਾਈ ਨਹੀਂ ਕਰ ਸਕਦੇ। ਇਸ ਕਾਰਨ ਫਸਲਾਂ ਸੁੱਕਣ ਦੇ ਕਗਾਰ 'ਤੇ ਪਹੁੰਚ ਰਹੀਆਂ ਹਨ ਅਤੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮਜਬੂਰੀ ਵੱਸ ਕਿਸਾਨਾਂ ਨੂੰ ਮਹਿੰਗੇ ਡੀਜ਼ਲ ਨਾਲ ਜਨਰੇਟਰ ਚਲਾ ਕੇ ਸਿੰਚਾਈ ਕਰਨੀ ਪੈ ਰਹੀ ਹੈ, ਜਿਸ ਨਾਲ ਖੇਤੀ ਦੀ ਲਾਗਤ ਕਈ ਗੁਣਾ ਵੱਧ ਗਈ ਹੈ। ਗਿਲਜੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਪ੍ਰਭਾਵ ਨਾਲ ਬਿਜਲੀ ਸਪਲਾਈ ਨੂੰ ਨਿਰਵਿਘਨ ਬਣਾਇਆ ਜਾਵੇ, ਤਾਂ ਜੋ ਕਿਸਾਨਾਂ ਦੀਆਂ ਸੁੱਕ ਰਹੀਆਂ ਫਸਲਾਂ ਨੂੰ ਬਚਾਇਆ ਜਾ ਸਕੇ।

# ਡਿਪਟੀ ਕਮਿਸ਼ਨਰ ਨੇ ਸਿਹਤ ਬੀਮਾ ਕਾਰਡਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹੇ ਵਿੱਚ ਬਣਾਏ ਜਾ ਰਹੇ ਸਿਹਤ ਕਾਰਡਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਖੇ ਸਿਹਤ ਵਿਭਾਗ ਅਤੇ ਸਬੰਧਤ ਏਜੰਸੀ



ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਕੋਈ ਵੀ ਯੋਗ ਲਾਭਪਾਤਰੀ ਸਿਹਤ ਕਾਰਡ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਪਿੰਡਾਂ ਅਤੇ ਵਾਰਡਾਂ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਬਾਕੀ ਰਹਿੰਦੇ ਲਾਭਪਾਤਰੀਆਂ ਦੇ ਕਾਰਡ ਮੌਕੇ 'ਤੇ ਹੀ ਬਣਾਏ ਜਾਣ। ਡੀ ਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਯੋਜਨਾ ਤਹਿਤ ਲਾਭਪਾਤਰੀ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦੀ ਸਾਲਾਨਾ ਕੈਸ਼ਲੈੱਸ ਮੁਫ਼ਤ ਇਲਾਜ ਸਹੂਲਤ ਦਿੱਤੀ ਜਾ ਰਹੀ ਹੈ। ਇਸ ਸਹੂਲਤ ਦਾ ਲਾਭ ਸੂਚੀਬੱਧ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਲਿਆ ਜਾ ਸਕਦਾ ਹੈ। ਉਨ੍ਹਾਂ ਸਿਹਤ ਵਿਭਾਗ ਨੂੰ ਆਸ਼ਾ ਵਰਕਰਾਂ ਅਤੇ ਪੰਚਾਇਤਾਂ ਦੇ ਸਹਿਯੋਗ ਨਾਲ ਘਰ-ਘਰ ਜਾ ਕੇ ਲੋਕਾਂ ਨੂੰ ਯੋਜਨਾ ਪ੍ਰਤੀ ਜਾਗਰੂਕ ਕਰਨ ਲਈ ਕਿਹਾ।

# ਬਲਾਕ ਸੰਮਤੀ ਦਸੂਹਾ ਦੇ ਚੇਅਰਪਰਸਨ ਡਿੰਪਲ ਕੌਰ ਤੇ ਵਾਈਸ ਚੇਅਰਮੈਨ ਗਗਨ ਚੀਮਾ ਨੇ ਅਹੁਦਾ ਸੰਭਾਲਿਆ



**ਦਸੂਹਾ (ਕਰਨੈਲ ਮਾਂਗਟ)**

ਬਲਾਕ ਸੰਮਤੀ ਦਸੂਹਾ ਦੇ ਚੇਅਰਪਰਸਨ ਡਿੰਪਲ ਕੌਰ ਅਤੇ ਵਾਈਸ ਚੇਅਰਮੈਨ ਗਗਨਦੀਪ ਸਿੰਘ ਚੀਮਾ ਨੇ ਅਹੁਦਾ ਵਿਧਾਇਕ ਕਰਮਬੀਰ ਸਿੰਘ ਘੁੰਮਣ ਦੀ ਹਾਜ਼ਰੀ ਵਿੱਚ ਸੰਭਾਲ ਲਿਆ। ਬੀ ਡੀ ਪੀ ਓ ਦਫ਼ਤਰ ਦਸੂਹਾ ਵਿਖੇ ਕਰਵਾਏ ਵਿਸ਼ੇਸ਼ ਸਮਾਗਮ 'ਚ ਵਿਧਾਇਕ ਕਰਮਬੀਰ ਘੁੰਮਣ ਦੀ ਅਗਵਾਈ ਹੇਠ ਨਵ-ਨਿਯੁਕਤ ਬਲਾਕ ਸੰਮਤੀ ਮੈਂਬਰਾਂ ਨੇ ਚਾਰਜ ਸੰਭਾਲਿਆ। ਇਸ ਮੌਕੇ ਵਿਧਾਇਕ ਘੁੰਮਣ ਨੇ ਕਿਹਾ ਕਿ ਬਲਾਕ ਸੰਮਤੀ ਮੈਂਬਰ ਆਪਣੇ-ਆਪਣੇ ਜ਼ੋਨਾਂ ਦੇ ਪਿੰਡਾਂ ਵਿੱਚ ਪੰਜਾਬ ਸਰਕਾਰ ਦੀਆਂ ਲੋਕ ਹਿੱਤ ਸਕੀਮਾਂ ਨੂੰ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੀਆਂ ਹਰ ਇੱਕ ਗਾਰੰਟੀਆਂ ਦਾ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ। ਇਸ ਮੌਕੇ ਬਲਾਕ ਸੰਮਤੀ ਮੈਂਬਰ ਹਰਮਨਦੀਪ ਸਿੰਘ ਘੁੰਮਣ, ਬਲਾਕ ਸੰਮਤੀ ਮੈਂਬਰ ਗੁਰਦੀਪ ਸਿੰਘ ਅਤੇ ਹੋਰ ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਤੋਂ ਇਲਾਵਾ ਆਪ ਆਗੂ ਬਰਿੰਦਰਇਕਬਾਲ ਸਿੰਘ ਚੀਮਾ, ਚੇਅਰਮੈਨ ਮਾਰਕਿਟ ਕਮੇਟੀ ਦਸੂਹਾ ਕੇ.ਪੀ.ਸੰਧੂ, ਸਰਪੰਚ ਸ਼ੇਰਪ੍ਰਤਾਪ ਸਿੰਘ ਚੀਮਾ, ਅਜੈਪਾਲ ਸਿੰਘ ਚੀਮਾ, ਸਰਪੰਚ ਜਸਕਰਨ ਸਿੰਘ ਭੂਸਾਂ, ਸਰਪੰਚ ਗੁਰਪ੍ਰੀਤ ਸਿੰਘ ਵਿਰਕ, ਸਰਪੰਚ ਲੱਕੀ ਜੰਡ, ਸੁਖਵਿੰਦਰ ਸਿੰਘ ਅਗਲੋਰ, ਸੰਦੀਪ ਸਿੰਘ ਢਿੱਲੋਂ ਸਹਾਇਕ ਬੀ.ਡੀ.ਪੀ.ਓ. ਸੈਕਟਰੀ ਜਸਕਰਨ ਸਿੰਘ, ਸੈਕਟਰੀ ਰਮਨ ਕੁਮਾਰ, ਸੈਕਟਰੀ ਬਿਕਰਮਜੀਤ ਸਿੰਘ, ਸੈਕਟਰੀ ਜਰਨੈਲ ਸਿੰਘ, ਸੁੱਖੀ ਗਾਲੋਵਾਲ, ਸਰਪੰਚ ਨਿਰਮਲ ਸਿੰਘ ਮੀਆਂ ਦਾ ਪਿੰਡ, ਸਰਪੰਚ ਬਲਕਾਰ ਸਿੰਘ ਪੰਨਵਾਂ, ਬਿੱਲਾ ਫੱਤਣਚੱਕ, ਨੇਸ਼ੀ ਠਾਕੁਰ, ਮਨਿੰਦਰ ਸਿੰਘ, ਜਸਵੰਤ ਸਿੰਘ ਚੀਮਾਂ , ਹਰਮਨ ਮੱਲ੍ਹੀ, ਵਿਸ਼ਾਲ, ਰਮਨ ਆਦਿ ਹਾਜ਼ਰ ਸਨ।

# ਸਮੇਂ ਸਿਰ ਸਹੀ ਮਦਦ ਤੇ ਇਲਾਜ ਨਾਲ ਨਸ਼ੇ ਦੀ ਲਤ ਤੋਂ ਬਚਿਆ ਜਾ ਸਕਦਾ : ਡਾ. ਨਿਖਿਲ

**ਫਗਵਾੜਾ (ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਾਂਝ ਕੇਂਦਰ ਫਗਵਾੜਾ



ਅਤੇ ਨਸ਼ਾ ਛੁਡਾਊ ਕੇਂਦਰ ਸਿਵਲ ਹਸਪਤਾਲ ਫਗਵਾੜਾ ਦੇ ਸਹਿਯੋਗ ਨਾਲ ਇਕ ਜਾਗਰੂਕਤਾ ਕੈਂਪ ਦਾ ਆਯੋਜਨ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਟਰੇਨਿੰਗ ਸੈਂਟਰ ਦੇ ਵਿਹੜੇ ਵਿੱਚ ਕੀਤਾ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਸੈਮੀਨਾਰ ਦੌਰਾਨ ਮਾਨਸਿਕ ਤੇ ਦਿਮਾਗੀ ਰੋਗਾਂ ਦੇ ਮਾਹਰ ਡਾ. ਨਿਖਿਲ ਇੰਚਾਰਜ, ਨਸ਼ਾ ਛੁਡਾਊ ਕੇਂਦਰ, ਸਿਵਲ ਹਸਪਤਾਲ ਫਗਵਾੜਾ ਦੀ ਅਗਵਾਈ ਹੇਠ ਟੀਮ ਨੇ ਵਿਦਿਆਰਥੀਆਂ ਅਤੇ ਹਾਜ਼ਰੀਨ ਨੂੰ ਨਸ਼ਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਨੁਕਸਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸੰਬੋਧਨ ਦੌਰਾਨ ਡਾ. ਨਿਖਿਲ ਨੇ ਕਿਹਾ ਕਿ ਨਸ਼ੇ ਕਾਰਨ ਘਰਾਂ ਵਿੱਚ ਸ਼ਾਂਤੀ ਭੰਗ ਹੁੰਦੀ ਹੈ, ਆਰਥਿਕ ਹਾਲਤ ਖਰਾਬ ਹੋ ਜਾਂਦੀ ਹੈ ਅਤੇ ਸਮਾਜ ਵਿੱਚ ਅਪਰਾਧ ਦਰ ਵੀ ਵਧਦੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਰੋਕਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਸਮੇਂ ਸਿਰ ਸਹੀ ਮਦਦ ਤੇ ਇਲਾਜ ਨਾਲ ਨਸ਼ੇ ਦੀ ਲਤ ਤੋਂ ਬਚਿਆ ਜਾ ਸਕਦਾ ਹੈ। ਸੈਮੀਨਾਰ ਦੌਰਾਨ ਪੰਜਾਬ ਪੁਲਸ ਦੇ ਸਾਂਝ ਕੇਂਦਰ ਤੋਂ ਪਹੁੰਚੇ ਰਸ਼ਪਾਲ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪੁਲਸ ਵਿਭਾਗ ਨਸ਼ਿਆਂ ਦੇ ਖ਼ਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੁਲਿਸ ਸਿਰਫ਼ ਕਾਨੂੰਨੀ ਕਾਰਵਾਈ ਹੀ ਨਹੀਂ ਕਰਦੀ, ਸਗੋਂ ਨਸ਼ਾ ਛੁਡਾਊ ਕੇਂਦਰਾਂ ਨਾਲ ਮਿਲ ਕੇ ਨਸ਼ੇ ਦੀ ਲਤ ਵਿੱਚ ਫਸੇ ਲੋਕਾਂ ਨੂੰ ਮੁੱਖ ਧਾਰਾ ਵਿੱਚ ਵਾਪਸ ਲਿਆਉਂਦਾ ਜਾ ਰਿਹਾ ਹੈ। ਉਨ੍ਹਾਂ ਅਪੀਲ ਕੀਤੀ ਕਿ ਨਸ਼ੇ ਨਾਲ ਸੰਬੰਧਤ ਕੋਈ ਵੀ ਜਾਣਕਾਰੀ ਪੁਲਸ ਨਾਲ ਸਾਂਝੀ ਕਰਕੇ ਇਸ ਮੁਹਿੰਮ ਦਾ ਹਿੱਸਾ ਬਣਿਆ ਜਾਵੇ। ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਹੋਰਨਾਂ ਬੁਲਾਰਿਆਂ ਨੇ ਕਿਹਾ ਕਿ ਸਭਾ ਵੱਲੋਂ ਸਮਾਜਿਕ ਭਲਾਈ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਅੱਗੇ ਵੀ ਜਾਰੀ ਰੱਖੇ ਜਾਣਗੇ। ਸੈਮਨਾਰ ਦੀ ਸਮਾਪਤੀ 'ਤੇ ਪਤਵੰਤਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਹੀ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਜਿਉਣ ਅਤੇ ਹੋਰਨਾਂ ਨੂੰ ਵੀ ਇਸ ਬਾਰੇ ਜਾਗਰੂਕ ਕਰਨ। ਇਸ ਮੌਕੇ ਡਾ. ਹਰਨੂਰ, ਸ਼ਮਿੰਦਰ ਕੌਂਸਲਰ, ਸੋਨੂੰ ਬਾਲਾ ਕੌਂਸਲਰ, ਸਤਨਾਮ ਸਿੰਘ ਰਾਣਾ, ਪਰਮਜੀਤ ਰਾਏ, ਜਗਜੀਤ ਸੇਠ, ਗੁਲਸ਼ਨ ਕਪੂਰ, ਮੈਡਮ ਆਸ਼ੂ ਬੱਗਾ, ਮੈਡਮ ਗੁਰਜੀਤ ਕੌਰ, ਮੈਡਮ ਖੁਸ਼ੀ ਰਾਣਾ, ਮੈਡਮ ਨਵਜੋਤ ਕੌਰ, ਸਿਮਰਨ, ਅਨੁਰਾਧਾ, ਗੋਮਤੀ, ਦਿਵਯਾ, ਸੰਜਨਾ, ਗੁਰਪ੍ਰੀਤ, ਪ੍ਰਿਆ, ਪ੍ਰਾਚੀ, ਮੁਸਕਾਨ, ਅਮਨਦੀਪ, ਰੀਟਾ, ਅਮਨਪ੍ਰੀਤ, ਕੋਮਲ, ਹਰਮਨ, ਕਿਰਨ, ਮਮਤਾ, ਹਰਮੀਨ, ਅੰਜਲੀ ਕੁਮਾਰੀ, ਪ੍ਰਿਯੰਕਾ, ਹਰਪ੍ਰੀਤ, ਨੀਰਜ, ਸਨੇਹਾ, ਜਸਪ੍ਰੀਤ, ਪ੍ਰਿਆ, ਨੇਹਾ, ਰਜਨੀ, ਸਨੇਹਾ, ਈਸ਼ਾ, ਐਸ਼ਪ੍ਰੀਤ ਕੌਰ, ਭਾਰਤੀ ਆਦਿ ਹਾਜ਼ਰ ਸਨ।

# ਰਣਜੀਤ ਸਿੰਘ ਰੈਡੀ ਭਾਜਪਾ 'ਚ ਸ਼ਾਮਲ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਣਜੀਤ ਸਿੰਘ ਰੈਡੀ ਰਸਮੀ ਤੌਰ 'ਤੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਸੀਨੀਅਰ ਭਾਜਪਾ ਆਗੂਆਂ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ, ਉਨ੍ਹਾਂ ਐਲਾਨ ਕੀਤਾ ਕਿ ਉਹ ਡੇਰਾਬੱਸੀ ਤੋਂ ਕੌਂਸਲਰ ਉਮੀਦਵਾਰ ਵਜੋਂ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਲੜਨਗੇ।

ਰਣਜੀਤ ਸਿੰਘ ਰੈਡੀ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਸ਼ਹਿਰ ਦੀ ਰਾਜਨੀਤਿਕ ਗਤੀਸ਼ੀਲਤਾ ਬਦਲਣ ਦੀ ਉਮੀਦ ਹੈ। ਸਾਬਕਾ ਪ੍ਰਧਾਨ ਵਜੋਂ ਉਨ੍ਹਾਂ ਦੇ ਤਜ਼ਰਬੇ ਅਤੇ ਉਨ੍ਹਾਂ ਦੇ ਮਜ਼ਬੂਤ ? ?ਜਨਤਕ ਸਮਰਥਕਾਂ ਨੂੰ ਦੇਖਦੇ ਹੋਏ, ਆਉਣ ਵਾਲੀਆਂ ਚੋਣਾਂ ਵਿੱਚ ਭਾਜਪਾ ਨੂੰ ਮਹੱਤਵਪੂਰਨ ਹੁਲਾਰਾ ਮਿਲਣ ਦੀ ਉਮੀਦ ਹੈ।

# ਕਾਂਗਰਸ ਮੁੱਢ ਤੋਂ ਹੀ ਔਰਤਾਂ ਦੇ ਰਾਖਵੇਂਕਰਨ ਨੂੰ ਸਮਰਥਨ ਦੇਣ ਲਈ ਤਿਆਰ : ਅਜੇ ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਰਾਖਵਾਂਕਰਨ ਤੇ ਭਾਰਤੀ ਜਨਤਾ ਪਾਰਟੀ ਦੀ ਕਥਿਤ ਤੌਰ 'ਤੇ ਗੁੰਮਰਾਹ ਕਰਨ ਵਾਲੀ ਰਾਜਨੀਤੀ ਦਾ ਖੁਲਾਸਾ ਕਰਨ ਲਈ ਕਾਂਗਰਸ ਪਾਰਟੀ ਦਫਤਰ ਬਲਾਚੌਰ ਵਿਖੇ ਇੱਕ ਅਹਿਮ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਕੇ ਪੀ ਰਾਣਾ ਸਾਬਕਾ ਸਪੀਕਰ ਉਚੇਚੇ ਤੌਰ 'ਤੇ ਪਹੁੰਚੇ ਜਦੋਂ ਕਿ ਜ਼ਿਲ੍ਹਾ ਕਾਂਗਰਸ ਪਾਰਟੀ ਦੇ ਪ੍ਰਧਾਨ ਅਜੇ ਮੰਗੂਪੁਰ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅਗਵਾਈ ਕੀਤੀ ਗਈ । ਸਾਬਕਾ ਸਪੀਕਰ ਕੇ ਪੀ ਰਾਣਾ ਨੇ ਕਿਹਾ



ਕਿ ਭਾਜਪਾ ਇੱਕ ਝੂਠਾ ਅਤੇ ਦੁਰਭਾਵਨਾ ਪੂਰਨ ਬਿਆਨ ਫੈਲਾਅ ਰਹੀ ਹੈ ਕਿ ਇੰਡੀਅਨ ਨੈਸ਼ਨਲ ਕਾਂਗਰਸ ਔਰਤਾਂ ਵਿਰੋਧੀ ਹੈ ਅਤੇ ਸੰਸਦ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਹਰਾ ਚੁੱਕੀ ਹੈ। ਇਹ ਸਰਾਸਰ ਝੂਠ ਹੈ ਜਿਸ ਦਾ ਉਦੇਸ਼ ਭਾਰਤ ਦੇ ਲੋਕਾਂ ਨੂੰ ਗੁੰਮਰਾਹ ਕਰਨਾ ਹੈ। ਮਹਿਲਾ ਰਾਖਵਾਂਕਰਨ ਬਿੱਲ ਪਹਿਲਾਂ ਹੀ 2023 ਵਿੱਚ ਸੰਸਦ ਦੁਆਰਾ ਸਰਬਸੰਮਤੀ ਨਾਲ ਪਾਸ ਕੀਤਾ ਜਾ ਚੁੱਕਾ ਸੀ। ਇਹ ਸੰਵਿਧਾਨਕ (131ਵਾਂ ਸੋਧ) ਬਿੱਲ ਹੈ ਜੋ ਅਸਲ ਵਿੱਚ ਮਹਿਲਾ ਰਾਖਵਾਂਕਰਨ ਦੇ ਬਹਾਨੇ ਭਾਰਤ ਭਰ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਸੀਟਾਂ ਦੀ ਗਿਣਤੀ ਵਧਾਉਣ ਅਤੇ ਸੀਮਾ ਬੰਦੀ ਕਰਨ ਦੀ ਕੋਸ਼ਿਸ਼ ਸੀ ਜੋ ਲੋਕ ਸਭਾ ਵਿੱਚ ਅਸਫਲ ਰਿਹਾ ਹੈ। ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਪਾਰਟੀ ਭਾਰਤ ਭਰ ਵਿੱਚ ਸੰਸਦ ਅਤੇ ਵਿਧਾਨ ਸਭਾਵਾਂ ਦੀ ਮੌਜੂਦਾ ਤਾਕਤ ਦੇ ਅਨੁਸਾਰ ਮਹਿਲਾ ਰਾਖਵਾਂਕਰਨ ਨੂੰ ਤੁਰੰਤ ਲਾਗੂ ਕਰਨ ਦੀ ਜ਼ੋਰਦਾਰ ਮੰਗ ਕਰਦੀ ਹੈ। ਅਸੀਂ ਮਹਿਲਾ ਰਾਖਵਾਂਕਰਨ ਨੂੰ ਸੀਮਾ ਬੰਦੀ ਨਾਲ ਜੋੜਨ ਅਤੇ ਲੋਕ ਸਭਾ ਸੀਟਾਂ ਦੀ ਗਿਣਤੀ ਵਧਾਉਣ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕਰਦੇ ਹਾਂ। ਭਾਜਪਾ ਜਾਣਬੁੱਝ ਕੇ ਪ੍ਰਕਿਰਿਆ ਵਿੱਚ ਦੇਰੀ ਕਰਕੇ ਅਤੇ ਇਸ ਮੁੱਦੇ ਨੂੰ ਪ੍ਰਚਾਰ ਦੇ ਸਾਧਨ ਵਜੋਂ ਵਰਤ ਕੇ ਆਪਣੇ ਲੁਕਵੇਂ ਰਾਜਨੀਤਿਕ ਏਜੰਡੇ ਨੂੰ ਅੱਗੇ ਵਧਾ ਰਹੀ ਹੈ। ਇਸ ਮੌਕੇ ਚੌਧਰੀ ਦਰਸ਼ਨ ਲਾਲ ਮੰਗੂਪੁਰ ਸਾਬਕਾ ਵਿਧਾਇਕ ਬਲਾਚੌਰ, ਅਸ਼ਵਨੀ ਸ਼ਰਮਾ ਜ਼ਿਲ੍ਹਾ ਪ੍ਰਧਾਨ ਰੋਪੜ, ਅੰਗਦ ਸੈਣੀ ਸਾਬਕਾ ਵਿਧਾਇਕ ਨਵਾਂਸ਼ਹਿਰ, ਮੀਨਾ ਸੂੰਢ ਪਤਨੀ ਸਵ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਅਮਰੀਕ ਸਿੰਘ ਜ਼ਿਲ੍ਹਾ ਪ੍ਰਧਾਨ ਬੀ ਸੀ ਸੈੱਲ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਕੁਲਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਰਾਮਦਾਸ ਸਿੰਘ ਬਲਾਕ ਪ੍ਰਧਾਨ ਔੜ, ਸਰਬਜੀਤ ਸਿੰਘ ਬਲਾਕ ਪ੍ਰਧਾਨ ਨਵਾਂਸ਼ਹਿਰ , ਧਰਮਪਾਲ ਚੇਅਰਮੈਨ, ਹਰਜੀਤ ਜਾਡਲੀ ਮੀਤ ਪ੍ਰਧਾਨ, ਨਰਿੰਦਰ ਕੁਮਾਰ ਟਿੰਕੂ ਘਈ ਅਤੇ ਸਮੂਹ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੈਂਬਰ ਸਾਹਿਬਾਨ ਹਾਜ਼ਰ ਸਨ।

# ਲਾਇਲਪੁਰ ਖਾਲਸਾ ਕਾਲਜ 'ਚ ਪਲੇਸਮੈਂਟ ਡਰਾਈਵ ਲਈ ਮੌਕ ਇੰਟਰਵਿਊ ਤੇ ਸਮੂਹ ਚਰਚਾ ਸੈਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਵਿਦਿਆਰਥੀਆਂ ਨੂੰ ਪੇਸ਼ੇਵਰ ਇੰਟਰਵਿਊ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਜ਼ਰੂਰੀ ਹੁਨਰਾਂ ਨਾਲ ਲੈਸ ਕਰਨ ਦੇ ਉਦੇਸ਼ ਨਾਲ ਲਾਇਲਪੁਰ ਖਾਲਸਾ ਕਾਲਜ ਦੇ ਕਰੀਅਰ ਕਾਉਂਸਲਿੰਗ ਅਤੇ ਪਲੇਸਮੈਂਟ



ਸੈੱਲ ਨੇ ਪ੍ਰਸਤਾਵਿਤ ਪਲੇਸਮੈਂਟ ਡਰਾਈਵ 2026 ਦੇ ਸੰਬੰਧ ਵਿੱਚ ਇੱਕ ਸਮੂਹ ਚਰਚਾ ਸੈਸ਼ਨ ਤੋਂ ਬਾਅਦ ਇੱਕ ਮੌਕ ਇੰਟਰਵਿਊ ਸੈਸ਼ਨ ਦਾ ਆਯੋਜਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਕਰੀਅਰ ਕਾਉਂਸਲਿੰਗ ਅਤੇ ਪਲੇਸਮੈਂਟ ਸੈੱਲ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਦੇ ਕਰੀਅਰ ਨੂੰ ਆਕਾਰ ਦੇਣ ਵਿੱਚ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮੌਕ ਇੰਟਰਵਿਊ ਅਤੇ ਸਮੂਹ ਚਰਚਾਵਾਂ ਵਰਗੇ ਵਿਹਾਰਕ ਸਿਖਲਾਈ ਸੈਸ਼ਨ ਅਕਾਦਮਿਕ ਸਿੱਖਿਆ ਅਤੇ ਉਦਯੋਗ ਦੀਆਂ ਜ਼ਰੂਰਤਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਸੈਸ਼ਨ ਦਾ ਸੰਚਾਲਨ ਸੈੱਲ ਦੇ ਕਨਵੀਨਰ ਡਾ. ਚਰਨਜੀਤ ਸਿੰਘ, ਪੀ.ਜੀ ਵਿਭਾਗ ਕਾਮਰਸ ਅਤੇ ਬਿਜ਼ਨਸ ਮੈਨੇਜਮੈਂਟ ਤੋਂ ਡਾ. ਜੋਤੀ ਵੋਹਰਾ ਅਤੇ ਅਰਥ ਸ਼ਾਸਤਰ ਵਿਭਾਗ ਤੋਂ ਪ੍ਰੋ. ਰਿਤਿਕਾ ਨੇ ਕੀਤਾ। ਸਰੋਤ ਵਿਅਕਤੀਆਂ ਨੇ ਵਿਦਿਆਰਥੀਆਂ ਨੂੰ ਅਸਲ ਇੰਟਰਵਿਊ ਦ੍ਰਿਸ਼ਾਂ ਦਾ ਵਿਹਾਰਕ ਅਨੁਭਵ ਪ੍ਰਦਾਨ ਕੀਤਾ ਅਤੇ ਉਨ੍ਹਾਂ ਨੂੰ ਸੰਚਾਰ ਹੁਨਰ, ਵਿਸ਼ਵਾਸ ਅਤੇ ਸਮੁੱਚੀ ਪੇਸ਼ਕਾਰੀ ਨੂੰ ਬਿਹਤਰ ਬਣਾਉਣ ਲਈ ਮਾਰਗਦਰਸ਼ਨ ਕੀਤਾ। ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਵਧੇਰੇ ਵਿਸ਼ਵਾਸ ਅਤੇ ਯੋਗਤਾ ਨਾਲ ਪ੍ਰਤੀਯੋਗੀ ਪਲੇਸਮੈਂਟ ਡਰਾਈਵ ਦਾ ਸਾਹਮਣਾ ਕਰਨ ਲਈ ਤਿਆਰ ਕਰਨਾ ਸੀ। ਸੈਸ਼ਨ ਇੱਕ ਇੰਟਰਐਕਟਿਵ ਚਰਚਾ ਨਾਲ ਸਮਾਪਤ ਹੋਇਆ ਜਿੱਥੇ ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਪੈਨਲ ਤੋਂ ਵਿਅਕਤੀਗਤ ਫੀਡਬੈਕ ਪ੍ਰਾਪਤ ਕੀਤੀ।

# ਹਰਚੰਦ ਸਿੰਘ ਬਰਸਟ ਵੱਲੋਂ ਪੀ ਐੱਮ ਬੀ ਕੁਨੈਕਟ ਮੋਬਾਇਲ ਐਪ ਲਾਂਚ

**ਮੋਬਾਲੀ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਪਾਰਦਰਸ਼ਤਾ ਅਤੇ ਡਿਜੀਟਲਾਈਜ਼ੇਸ਼ਨ ਲਿਆਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਹੋਇਆ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਇੱਕ ਅਹਿਮ ਮੋਬਾਈਲ ਐਪਲੀਕੇਸ਼ਨ ਪੀਐੱਮਬੀ ਕੁਨੈਕਟ ਲਾਂਚ ਕੀਤੀ ਗਈ। ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਆਯੋਜਿਤ ਸਮਾਗਮ ਦੌਰਾਨ ਇਸ ਐਪ ਨੂੰ ਲਾਂਚ ਕਰਦਿਆਂ ਬਰਸਟ ਨੇ ਕਿਹਾ ਕਿ ਇਹ ਕਦਮ ਮੰਡੀ ਪ੍ਰਣਾਲੀ ਨੂੰ ਡਿਜੀਟਲਾਈਜ਼ ਕਰਨ ਅਤੇ ਹੋਰ ਸੁਖਾਲੀ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਐਪ ਰਾਹੀਂ ਖੇਤੀਬਾੜੀ ਸੈਕਟਰ ਨਾਲ ਜੁੜੇ ਸਾਰੇ ਸਟੇਕ ਹੋਲਡਰਾਂ, ਖਾਸ ਕਰਕੇ ਕਿਸਾਨਾਂ ਅਤੇ ਲਾਇਸੰਸ ਧਾਰਕਾਂ ਨੂੰ ਇੱਕੋ ਪਲੇਟਫਾਰਮ 'ਤੇ ਸਾਰੀ ਜਾਣਕਾਰੀ ਉਪਲਬਧ ਹੋਵੇਗੀ। ਇਹ ਐਪ ਸਿਰਫ਼ ਇੱਕ ਕਲਿੱਕ ਰਾਹੀਂ ਕਿਸਾਨਾਂ, ਲਾਇਸੰਸ ਧਾਰਕਾਂ, ਮਾਰਕੀਟ ਕਮੇਟੀਆਂ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਆਨਲਾਈਨ ਸੇਵਾਵਾਂ ਨਾਲ ਜੋੜੇਗੀ। ਉਨ੍ਹਾਂ ਦੱਸਿਆ ਕਿ ਇਸ ਐਪ ਦੀ ਸਭ ਤੋਂ ਵੱਡੀ ਖ਼ਾਸੀਅਤ ਕਿਸਾਨਾਂ ਨੂੰ ਮਿਲਣ ਵਾਲੀ ਸਹੂਲਤ ਹੈ। ਹੁਣ ਕਿਸਾਨ ਆਪਣੇ ਸਾਰੇ ਜੇ-ਫਾਰਮ ਇੱਕੋ ਥਾਂ 'ਤੇ ਪ੍ਰਾਪਤ ਕਰ ਸਕਦੇ ਹਨ। ਉਹ ਇਨ੍ਹਾਂ ਨੂੰ ਵੇਖ ਸਕਦੇ ਹਨ, ਡਾਊਨਲੋਡ ਕਰ ਸਕਦੇ ਹਨ ਅਤੇ ਲੋੜ ਪੈਣ 'ਤੇ ਸਾਂਝਾ ਵੀ ਕਰ ਸਕਦੇ ਹਨ। ਇਸ ਸਹੂਲਤ ਨਾਲ ਕਿਸਾਨਾਂ ਦੀ ਲਾਇਸੰਸ ਧਾਰਕਾਂ ਅਤੇ ਸਰਕਾਰੀ ਦਫ਼ਤਰਾਂ 'ਤੇ ਨਿਰਭਰਤਾ ਘਟੇਗੀ। ਉਹ ਆਪਣੇ ਲਾਇਸੰਸ ਦੀ ਮਿਆਦ, ਨਵੀਨੀਕਰਨ ਅਤੇ ਹੋਰ ਸਬੰਧਤ ਜਾਣਕਾਰੀ ਇੱਕ ਕਲਿੱਕ ਨਾਲ ਹਾਸਲ ਕਰ ਸਕਣਗੇ। ਸੂਬੇ ਦੀਆਂ ਸਰਹੱਦਾਂ 'ਤੇ ਫਸਲ ਦੀ ਆਮਦ ਦੀ ਜਾਂਚ ਦੌਰਾਨ ਇਹ ਐਪ ਬਹੁਤ ਹੀ ਅਹਿਮ ਭੂਮਿਕਾ ਨਿਭਾਏਗੀ। ਮੰਡੀ ਬੋਰਡ ਦਾ ਫੀਲਡ ਸਟਾਫ ਜੋ ਰੋਜ਼ਾਨਾ ਮੰਡੀ ਵਿੱਚ ਫਸਲ ਦੀ ਆਮਦ, ਖਰੀਦ ਅਤੇ ਚੁਕਾਈ ਦੀ ਰਿਪੋਰਟ ਕਰਦੇ ਹਨ, ਉਹ ਵੀ ਹੁਣ ਕਿਸੇ ਵੀ ਥਾਂ 'ਤੇ ਬੈਠ ਕੇ ਆਪਣੀ ਰਿਪੋਰਟ ਭੇਜ ਸਕਦੇ ਹਨ। ਬਰਸਟ ਨੇ ਦੱਸਿਆ ਕਿ ਇਹ ਐਪ ਜਿੱਥੇ ਸਮੇਂ ਦੀ ਬੱਚਤ ਕਰੇਗੀ, ਉੱਥੇ ਹੀ ਕੰਮ ਦੀ ਗਤੀ ਨੂੰ ਵੀ ਵਧਾਏਗੀ। ਉਨ੍ਹਾਂ ਦੱਸਿਆ ਕਿ ਇਹ ਐਪ ਗੂਗਲ ਪਲੇਅ ਸਟੋਰ ਤੇ ਪੀਐੱਮਬੀ ਕੁਨੈਕਟ ਨਾਮ ਨਾਲ ਉਪਲਬਧ ਹੈ। ਇਸ ਮੌਕੇ ਜਤਿੰਦਰ ਸਿੰਘ ਭੰਗੂ ਇੰਜੀਨੀਅਰ-ਇਨ-ਚੀਫ਼, ਹਰਜੀਤ ਸਿੰਘ ਸੰਧੂ ਸੰਯੁਕਤ ਸਕੱਤਰ, ਗੁਰਿੰਦਰ ਸਿੰਘ ਚੀਮਾ ਮੁੱਖ ਇੰਜੀਨੀਅਰ, ਅਮਨਦੀਪ ਸਿੰਘ ਮੁੱਖ ਇੰਜੀਨੀਅਰ, ਮਨਿੰਦਰਜੀਤ ਸਿੰਘ ਬੇਦੀ ਡੀ.ਜੀ.ਐਮ., ਪ੍ਰੀਤ ਕੰਵਰ ਸਿੰਘ ਬਰਾੜ ਡੀ.ਜੀ.ਐਮ., ਮੁਕੇਸ਼ ਕੁਮਾਰ ਕੈਲੇ ਡੀ.ਜੀ.ਐਮ., ਅਮਨਦੀਪ ਸਿੰਘ ਸੰਧੂ ਡੀ.ਜੀ.ਐਮ., ਨਿਤਿਨ ਬਾਂਸਲ ਸਿਸਟਮ ਐਨਾਲਿਸਟ ਸਮੇਤ ਬੋਰਡ ਦੇ ਸਮੂਹ ਅਧਿਕਾਰੀ ਮੌਜੂਦ ਰਹੇ।

# 'ਪਰਦੇਸਾਂ ਵਿੱਚੋਂ ਚੁਗੇ ਹਰ.ਫ' ਲੋਕ-ਅਰਪਣ



**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬੀ ਲੇਖਕ ਸਭਾ ਚੰਡੀਗੜ੍ਹ ਨੇ ਪ੍ਰਸਿੱਧ ਲੇਖਿਕਾ ਡਾ. ਗੁਰਮਿੰਦਰ ਸਿੱਧੂ ਵੱਲੋਂ ਵਿਦੇਸ਼ਾਂ ਦੀ ਸੈਰ ਵੇਲੇ ਹੰਢਾਏ ਅਨੁਭਵਾਂ 'ਤੇ ਅਧਾਰਿਤ ਵਾਰਤਕ ਪੁਸਤਕ 'ਪਰਦੇਸਾਂ ਵਿੱਚੋਂ ਚੁਗੇ ਹਰ.ਫ' ਲੋਕ ਅਰਪਿਤ ਕੀਤੀ ਤੇ ਇਸ ਉੱਤੇ ਬੜੀ ਸਾਰਥਕ ਚਰਚਾ ਕਰਵਾਈ ਗਈ। ਉੱਘੇ ਸਾਹਿਤਕਾਰ ਕਰਨਲ ਜਸਬੀਰ ਭੁੱਲਰ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ, ਜਦਕਿ ਪਰਿਸ਼ਦ ਦੀ ਸਾਬਕਾ ਚੇਅਰਪਰਸਨ ਤੇ ਚੰਡੀਗੜ੍ਹ ਦੀ ਸਾਬਕਾ ਮੇਅਰ ਬੀਬੀ ਹਰਜਿੰਦਰ ਕੌਰ ਮੁੱਖ ਮਹਿਮਾਨ ਸਨ। ਪ੍ਰਸਿੱਧ ਚਿੰਤਕ ਤੇ ਸਮਾਜਿਕ ਸਰੋਕਾਰਾਂ ਬਾਰੇ ਉੱਘੀ ਵਕਤਾ ਡਾ. ਬਲਵਿੰਦਰ ਕੌਰ ਬਰਾੜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਕਿਤਾਬ 'ਤੇ ਪਰਚਾ ਪ੍ਰਸਿੱਧ ਆਲੋਚਕ ਅਤੇ ਕਹਾਣੀਕਾਰ ਜਸਵੀਰ ਰਾਣਾ ਨੇ ਪਰਚਾ ਪੜ੍ਹਿਆ। ਆਏ ਮਹਿਮਾਨਾਂ ਦੇ ਸਵਾਗਤ ਮੌਕੇ ਦੀਪਕ ਸ਼ਰਮਾ ਚਨਾਰਥਲ ਨੇ ਕਿਹਾ ਕਿ ਅਨੁਭਵਾਂ ਰਾਹੀਂ ਉਪਜਿਆ ਸਾਹਿਤ ਆਪਣੀ ਵੱਖਰੀ ਪਹਿਚਾਣ ਬਣਾਉਣ ਦੇ ਸਮਰੱਥ ਹੁੰਦਾ ਹੈ। ਮੰਚ ਸੰਚਾਲਕ ਭੁਪਿੰਦਰ ਸਿੰਘ ਮਲਿਕ ਨੇ ਲੇਖਿਕਾ ਵੱਲੋਂ ਪੁਸਤਕ ਵਿੱਚ ਛੂਹੇ ਸਾਰੇ ਪੱਖਾਂ ਦੀ ਗੱਲ ਕਰਦਿਆਂ ਇਸ ਨੂੰ ਵਿਲੱਖਣ ਯਾਤਰਾ-ਪ੍ਰਸੰਗ ਦੱਸਿਆ। ਮਨਜੀਤ ਕੌਰ ਮੀਤ ਨੇ ਇੱਕ ਵਧੀਆ ਕਵਿਤਾ ਦੇ ਰੂਪ ਵਿੱਚ ਗੁਰਮਿੰਦਰ ਸਿੱਧੂ ਦੀ ਸ਼ਖ਼ਸੀਅਤ ਤੇ ਉਹਨਾਂ ਦੇ ਸਾਹਿਤਿਕ ਯੋਗਦਾਨ ਬਾਰੇ ਆਪਣੇ ਵਿਚਾਰ ਰੱਖੇ। ਪਰਚਾ ਲੇਖਕ ਜਸਵੀਰ ਰਾਣਾ ਨੇ ਕਿਤਾਬ ਅੰਦਰਲੀ ਝਾਤ ਸਾਂਝੀ ਕੀਤੀ ਅਤੇ ਕਿਹਾ ਕਿ ਗੁਰਮਿੰਦਰ ਸਿੱਧੂ ਨੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਵੀ ਆਪਣਾ ਪਿਛੋਕੜ ਵਿਸਾਰਿਆ ਨਹੀਂ, ਸਗੋਂ ਓਥੋਂ ਦੇ ਅਨੁਭਵਾਂ ਨੂੰ ਸਹੇਜ ਕੇ ਪੰਜਾਬੀ ਵਿਰਾਸਤ ਅਤੇ ਸਭਿਆਚਾਰ ਨੂੰ ਨਾਲੋਂ ਨਾਲ ਤੋਰਿਆ ਹੈ।

# ਇਨਫੋਰਸਮੈਂਟ ਡਾਇਰੈਕਟੋਰੇਟ ਦ.ਫਤਰ 'ਚ 13 ਅਧਿਕਾਰੀਆਂ ਦੇ ਤਬਾਦਲੇ

**ਜਲੰਧਰ (ਸ਼ੈਲੀ ਐਲਬਰਟ)**- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਜਲੰਧਰ ਜ਼ੋਨਲ ਦਫ਼ਤਰ ਵਿੱਚ ਇੱਕ ਵੱਡੀ ਤਬਦੀਲੀ ਹੋ ਰਹੀ ਹੈ ਕਿਉਂਕਿ ਇਸ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਦੋ ਸੀਨੀਅਰ ਆਗੂਆਂ ਸੰਸਦ ਮੈਂਬਰ ਅਸ਼ੋਕ ਕੁਮਾਰ ਮਿੱਤਲ ਅਤੇ ਮੰਤਰੀ ਸੰਜੀਵ ਅਰੋੜਾ ਨਾਲ ਜੁੜੇ ਹਾਲ ਹੀ ਵਿੱਚ ਮਾਰੇ ਗਏ ਛਾਪਿਆਂ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਤਬਾਦਲੇ ਦੇਖੇ ਹਨ। ਜਲੰਧਰ ਦਫ਼ਤਰ ਦੇ ਅੰਦਰ-ਬਾਹਰ ਵੱਡੀ





ਗਿਣਤੀ ਵਿੱਚ ਅਧਿਕਾਰੀਆਂ ਨੂੰ ਤਬਦੀਲ ਕੀਤਾ ਗਿਆ ਹੈ, ਜਿਸ ਨਾਲ ਇਸਦੇ ਕੰਮਕਾਜ 'ਤੇ ਅਸਰ ਪੈ ਰਿਹਾ ਹੈ। ਮਾਮਲਿਆਂ ਦੀ ਜਾਂਚ ਇਸ ਸਮੇਂ ਦਿੱਲੀ ਵਿੱਚ ਈ ਡੀ ਹੈੱਡਕੁਆਰਟਰ ਦੇ ਸੀਨੀਅਰ ਅਧਿਕਾਰੀਆਂ ਦੁਆਰਾ ਸੰਭਾਲੀ ਅਤੇ ਨਿਗਰਾਨੀ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਆਮ ਤੌਰ 'ਤੇ ਸਾਲਾਨਾ ਤਬਾਦਲਿਆਂ ਵਿੱਚ ਪ੍ਰਤੀ ਸਟੇਸ਼ਨ ਦੋ-ਤਿੰਨ ਅਧਿਕਾਰੀ ਸ਼ਾਮਲ ਹੁੰਦੇ ਸਨ, ਪਰ ਇਸ ਵਾਰ ਵੱਖ-ਵੱਖ ਰੈਂਕਾਂ ਦੇ 13 ਅਧਿਕਾਰ9ੀਆਂ ਨੂੰ ਜਲੰਦ-ਹਰ ਤੋਂ ਬਾਹਰ ਭੇਜ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ ਕੁਝ ਅਜਿਹੇ ਵੀ ਸ਼ਾਮਲ ਹਨ ਜਿਨ੍ਹਾਂ ਨੇ ਸਿਰਫ਼ ਇੱਕ ਸਾਲ ਲਈ ਸੇਵਾ ਨਿਭਾਈ ਸੀ। ਜਲੰਧਰ ਜ਼ੋਨ ਦੇ ਸਭ ਤੋਂ ਸੀਨੀਅਰ ਅਧਿਕਾਰੀ ਜਾਇੰਟ ਡਾਇਰੈਕਟਰ ਰਵੀ ਤਿਵਾੜੀ ਦਾ ਤਬਾਦਲਾ ਚੇਨਈ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਉੱਤਰਾਧਿਕਾਰੀ ਦਿਨੇਸ਼ ਪੁਰੁਚੂਰੀ ਫਿਲਹਾਲ ਦਿੱਲੀ ਤੋਂ ਹੀ ਇਸ ਜ਼ੋਨ ਦਾ ਅਤਿਰਿਕਤ ਚਾਰਜ ਸੰਭਾਲ ਰਹੇ ਹਨ। ਇਸ ਨਾਲ ਸਥਾਨਕ ਪੱਧਰ ਉੱਤੇ ਲੀਡਰਸ਼ਿਪ ਦੀ ਘਾਟ ਕਾਰਨ ਪ੍ਰਸ਼ਾਸਨਿਕ ਸਥਿਰਤਾ 'ਤੇ ਲਾਗੂ ਕਰਨ ਦੇ ਅਸਰ ਪਿਆ ਹੈ। ਮਾਰਚ ਦੇ ਅੰਤ ਤੱਕ ਕੁੱਲ 12 ਹੋਰ ਸਟਾਫ ਮੈਂਬਰਾਂ ਨੂੰ ਵੀ ਰਿਲੀਵ ਕਰ ਦਿੱਤਾ ਗਿਆ। ਇਨ੍ਹਾਂ ਵਿਚ ਕਈ ਅਸਿਸਟੈਂਟ ਡਾਇਰੈਕਟਰ ਸ਼ਾਮਲ ਹਨ ਜਿਨ੍ਹਾਂ ਨੂੰ ਬੈਂਗਲੁਰੂ, ਹੈਦਰਾਬਾਦ, ਚੇਨਈ ਅਤੇ ਜੰਮੂ ਵਰਗੇ ਸ਼ਹਿਰਾਂ ਵਿਚ ਭੇਜਿਆ ਗਿਆ ਹੈ। ਇਸ ਤੋਂ ਇਲਾਵਾ ਘੱਟੋ-ਘੱਟ 5 ਐਨਫੋਰਸਮੈਂਟ ਅਫਸਰਾਂ (ਈ ਓ) ਦਾ ਵੀ ਤਬਾਦਲਾ ਕੀਤਾ ਗਿਆ ਹੈ।

# ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਨੇ ਮੰਗਾਂ ਸੰਬੰਧੀ ਭੇਜਿਆ ਮੰਗ ਪੱਤਰ

**ਜਲੰਧਰ (ਰਾਜੇਸ਼ ਥਾਪਾ)**

ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੀ 22-23 ਫਰਵਰੀ 2026 ਨੂੰ ਕੁਰੂਕਸ਼ੇਤਰ (ਹਰਿਆਣਾ) ਵਿਖੇ ਹੋਈ ਕੌਮੀ ਕਾਨਫਰੰਸ ਦੇ ਸਰਬ ਸੰਮਤੀ ਨਾਲ 21 ਅਪ੍ਰੈਲ ਨੂੰ ਮੰਗ ਦਿਵਸ ਦੇ ਤੌਰ 'ਤੇ ਮਨਾਉਂਣ ਦੇ ਕੀਤੇ ਗਏ ਐਲਾਨ ਅਨੁਸਾਰ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਜਲੰਧਰ ਪ੍ਰਧਾਨ ਬਾਲ ਕ੍ਰਿਸ਼ਨ ਸੂਦ ਦੀ ਅਗਵਾਈ ਵਿੱਚ 21 ਅਪ੍ਰੈਲ ਨੂੰ ਮੰਗ ਦਿਵਸ ਦੇ ਤੌਰ 'ਤੇ ਮਨਾਉਂਦੇ ਹੋਏ, ਡਿਪਟੀ ਕਮਿਸ਼ਨਰ ਜਲੰਧਰ ਦੀ ਗੈਰ ਮੌਜੂਦਗੀ ਵਿੱਚ ਨਵਦੀਪ ਸਿੰਘ ਐੱਸ ਡੀ ਐੱਮ ਜਲੰਧਰ 1 ਰਾਹੀਂ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ 'ਤੇ ਮੰਗ ਪੱਤਰ ਭੇਜਿਆ ਗਿਆ। ਮੰਗ ਪੱਤਰ ਭੇਜਣ ਸਮੇਂ ਇਕੱਠੇ ਹੋਏ ਜੁਝਾਰੂ ਪੈਨਸ਼ਨਰ





ਸਾਥੀਆਂ ਨੂੰ ਮੰਗ ਪੱਤਰ ਦੀਆਂ ਮੰਗਾਂ ਬਾਰੇ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਆਗੂਆਂ ਪਵਨ ਮਸੀਹ, ਸੂਰਤੀ ਲਾਲ, ਬਲਵਿੰਦਰ ਕੁਮਾਰ, ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਫਾਈਨਾਂਸ ਬਿੱਲ 2025 ਨੂੰ ਰੱਦ ਕਰਨ, ਐੱਨ ਪੀ ਐੱਸ ਨੂੰ ਖ਼ਤਮ ਕਰਨ ਅਤੇ ਪੁਰਾਣੀ ਪੈਨਸ਼ਨ ਨੂੰ ਸਮੂਹ ਮੁਲਾਜ਼ਮਾਂ ਤੇ ਲਾਗੂ ਕਰਨ,31/12/2025 ਤੱਕ ਸੇਵਾ ਮੁਕਤ ਹੋਏ ਪੈਨਸ਼ਨਰਾਂ 'ਤੇ ਵੀ ਅੱਠਵਾਂ ਪੇ ਕਮਿਸ਼ਨ ਲਾਗੂ ਕਰਨ, ਸਾਰੇ ਰਾਜਾਂ ਵਿੱਚ ਮੁਲਾਜ਼ਮਾਂ 'ਤੇ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਨਾਲ ਇੱਕ ਸਾਰ ਡੀ ਏ ਲਾਗੂ ਕਰਨ, ਪੈਨਸ਼ਨ ਕਮਿਊਟੇਸ਼ਨ ਦੀ ਕਟੌਤੀ 15 ਸਾਲ ਦੀ ਬਜਾਏ 11 ਸਾਲਾਂ ਵਿੱਚ ਕਰਨ, ਸਭ ਪ੍ਰਕਾਰ ਦੀ ਯਾਤਰਾ ਵਿੱਚ ਕਿਰਾਏ ਵਿੱਚ ਬੰਦ ਕੀਤੀ ਛੋਟ ਬਹਾਲ ਕਰਨ, ਕੈਸ਼ ਲੈੱਸ ਹੈਲਥ ਬੀਮਾ ਯੋਜਨਾ ਲਾਗੂ ਕਰਨ, ਪੈਨਸ਼ਨਰ ਦੀ ਉਮਰ 65,70,75,80,85,90,95 ਦੇ ਅਨੁਸਾਰ ਹਰ ਪੱਧਰ 'ਤੇ ਉਮਰ ਕ੍ਰਮ ਅਨੁਸਾਰ 10, 20, 30, 50, 70, 90, 100 ਪ੍ਰਤੀਸ਼ਤ ਦਾ ਵਾਧਾ ਯਕੀਨੀ ਕਰਨ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ ਅਤੇ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਬਣਾਏ ਮਜ਼ਦੂਰਾਂ ਵਿਰੋਧੀ ਚਾਰ ਕਿਰਤ ਕੋਡਾਂ ਨੂੰ ਤੁਰੰਤ ਰੱਦ ਕਰਨ ਆਦਿ ਮੰਗਾਂ ਸੰਬੰਧੀ ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਉਪਰੋਕਤ ਮੰਗਾਂ ਦਾ ਨਿਪਟਾਰਾ ਕਰਨ ਲਈ ਡਿਪਟੀ ਕਮਿਸ਼ਨਰਾਂ ਰਾਹੀਂ ਪੂਰੇ ਦੇਸ਼ ਭਰ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਂ ਤੇ ਮੰਗ ਪੱਤਰ ਭੇਜੇ ਜਾ ਰਹੇ ਹਨ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਬਾਲ ਕ੍ਰਿਸ਼ਨ, ਜਨਰਲ ਸਕੱਤਰ ਗੁਰਨਾਮ ਚੰਦ,ਸੀਨੀਅਰ ਮੀਤ ਪ੍ਰਧਾਨ ਪਵਨ ਮਸੀਹ, ਪ੍ਰੈੱਸ ਸਕੱਤਰ ਸੂਰਤੀ ਲਾਲ, ਦਫ਼ਤਰ ਸਕੱਤਰ ਨਰੇਸ਼ ਕੁਮਾਰ ਤਿਵਾੜੀ, ਜੁਆਇੰਟ ਸਕੱਤਰ ਹਰਜਿੰਦਰ ਅਨੇਜਾ, ਰਾਜ ਸਿੰਘ ਸੈਣੀ, ਚਮਨ ਲਾਲ, ਇਮਾਨੂੰਏਲ ਬਲਵਿੰਦਰ ਕੁਮਾਰ ਪ੍ਰਧਾਨ ਫਿਲੌਰ, ਕੁਲਦੀਪ ਸਿੰਘ ਕੌੜਾ ਮੁੱਖ ਸਲਾਹਕਾਰ ਫਿਲੌਰ, ਰਤਨ ਸਿੰਘ ਗੁਰਾਇਆ ਆਦਿ ਪੈਨਸ਼ਨਰ ਹਾਜ਼ਰ ਹੋਏ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਵੱਡੀ ਕਾਰਵਾਈ

**1277 ਮੁਕੱਦਮੇ ਦਰਜ ਕਰਕੇ 1909 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ**



**ਫਰੀਦਕੋਟ (ਅਲੈਗਜ਼ੈਂਡਰ ਡਿਸੂਜ਼ਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰੰਭ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਜਾਰੀ ਹੈ।ਇਸੇ ਲੜੀ ਤਹਿਤ ਕੋਟਕਪੂਰਾ ਦੇ ਜੀਵਨ ਸਿੰਘ ਨਗਰ ਵਿਖੇ ਪ੍ਰਸ਼ਾਸਨ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਗਈ ਉਸਾਰੀ ਨੂੰ ਢਾਹਿਆ ਗਿਆ। ਸ੍ਰੀ ਮਨਵਿੰਦਰ ਬੀਰ ਸਿੰਘ ਐਸ.ਪੀ (ਸਥਾਨਕ) ਨੇ ਦੱਸਿਆ ਕਿ ਥਾਣਾ ਸਿਟੀ ਕੋਟਕਪੂਰਾ ਦੇ ਅੰਦਰ ਆਉਂਦੇ ਜੀਵਨ ਸਿੰਘ ਨਗਰ ਵਿਖੇ ਜਸਵਿੰਦਰ ਸਿੰਘ ਉਰਫ ਕਾਕਾ ਦੇ ਪਰਵਾਰ ਵੱਲੋਂ ਨਜਾਇਜ਼ ਉਸਾਰੀ ਕੀਤੀ ਗਈ ਸੀ।ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਹੁਣ ਅਤੇ ਸੁਰੱਖਿਆ ਪ੍ਰਬੰਧ ਕਰਨ ਦੀਆਂ ਹਦਾਇਤਾਂ ਪ੍ਰਾਪਤ ਹੋਈਆਂ ਸਨ, ਜਿਸ ਤੋਂ ਬਾਅਦ ਸਿਵਲ ਪ੍ਰਸ਼ਾਸਨ ਵੱਲੋਂ ਕਾਰਵਾਈ ਕਰਦਿਆਂ ਇਸ ਨਜਾਇਜ਼ ਉਸਾਰੀ ਨੂੰ ਢਾਹ ਦਿੱਤਾ ਗਿਆ।ਉਨ੍ਹਾਂ ਦੱਸਿਆ ਕਿ ਜਦੋਂ ਇਨ੍ਹਾਂ ਦੇ ਰਿਕਾਰਡ ਦੀ ਜਾਂਚ ਕੀਤੀ ਗਈ ਤਾਂ ਇਹ ਸਾਹਮਣੇ ਆਇਆ ਕਿ ਇਸੇ ਵਰਿੰਦਰ ਅਨਮੋਲ ਸਿੰਘ ਉਰਫ ਗੁੱਲੂ ਦੇ ਖਿਲਾਫ ਕੁੱਲ ਨਸ਼ੇ ਦੀ ਤਸਕਰੀ ਸਬੰਧੀ 10 ਮੁਕੱਦਮੇ ਦਰਜ ਰਜਿਸਟਰ ਹਨ, ਇਸ ਦੇ ਨਾਲ ਹੀ ਚੋਰੀ ਦੀ ਵਾਰਦਾਤ ਸਬੰਧੀ ਵੀ 02 ਮਾਮਲੇ ਦਰਜ ਰਜਿਸਟਰ ਹਨ, ਉਸਦੇ ਭਰਾ ਗਗਨ ਖਿਲਾਫ ਨਸ਼ੇ ਦੀ ਤਸਕਰੀ ਤੇ ਹੋਰ ਧਾਰਾਵਾਂ ਤਹਿਤ 04 ਤੇ ਉਸਦੀ ਮਾਤਾ ਕਮਲੇਸ਼ ਰਾਣੀ ਖਿਲਾਫ 05 ਮੁਕੱਦਮੇ ਦਰਜ ਰਜਿਸਟਰ ਹਨ।ਇਸ ਦੇ ਨਾਲ ਹੀ ਉਸਦੇ ਜੀਜੇ ਪ੍ਰਦੀਪ ਸਿੰਘ ਉਰਫ ਸੋਨੀ ਦੇ ਖਿਲਾਫ ਵੀ ਨਸ਼ੇ ਦੀ ਤਸਕਰੀ ਸਬੰਧੀ ਥਾਣਾ ਸਿਟੀ ਕੋਟਕਪੂਰਾ ਵਿਖੇ 02 ਮਾਮਲੇ ਦਰਜ ਰਜਿਸਟਰ ਹਨ। ਇਸ ਮੌਕੇ ਬਤੌਰ ਡਿਊਟੀ ਮੈਜਿਸਟ੍ਰੇਟ ਨਾਇਬ ਤਹਿਸੀਲਦਾਰ, ਕੋਟਕਪੂਰਾ ਸ੍ਰੀ ਗੁਰਚਰਨ ਸਿੰਘ ਬਰਾੜ ਸਮੇਤ ਸਿਵਲ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਸਨ। ਫਰੀਦਕੋਟ ਪੁਲਿਸ ਵੱਲੋਂ ਯੁੱਧ ਨਸ਼ਿਆ ਵਿਰੁੱਧ ਤਹਿਤ ਕਾਰਵਾਈ ਕਰਦੇ ਹੋਏ ਮਾਰਚ-2025 ਤੋਂ ਹੁਣ ਤੱਕ 1277 ਮੁਕੱਦਮੇ ਦਰਜ ਕਰਕੇ 1909 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਦੌਰਾਨ 41 ਕਿਲੋ ਤੋਂ ਵੱਧ ਹੈਰੋਇਨ, 07 ਕਿਲੋ ਅਫੀਮ, 20 ਕੁਇੰਟਲ ਦੇ ਕਰੀਬ ਪੋਸਤ, 23 ਹਜਾਰ ਨਸ਼ੀਲੀਆਂ ਗੋਲੀਆਂ/ ਕੈਪਸੂਲ ਅਤੇ 18 ਲੱਖ ਦੇ ਕਰੀਬ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

# ਟਰੇਡ ਯੂਨੀਅਨਾਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕੀਤੀ



**ਮਾਲੇਰਕੋਟਲਾ (ਅਸਗਰ ਪਰਿਹਾਰ)** ਸੀਟੂ, ਜ਼ਿਲ੍ਹਾ ਏਟਕ ਵੱਲੋਂ ਨੋਇਡਾ, ਮਾਨੇਸਰ, ਹਰਿਆਣਾ ਤੇ ਦੇਸ਼ ਦੀਆਂ ਕਈ ਥਾਵਾਂ 'ਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ 'ਤੇ ਭਾਜਪੀ ਸਰਕਾਰ ਲਾਠੀਚਾਰਜ ਕਰ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਟੂ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਅਬਦੁਲ ਸਤਾਰ ਕਿਹਾ ਕਿ ਸਰਕਾਰ ਮਜ਼ਦੂਰਾਂ ਨੂੰ ਤਸ਼ੱਦਦ ਕਰਕੇ ਦਿਵਾਉਣਾ ਚਾਹੁੰਦੀ ਹੈ ਤੇ ਨੋਇਡਾ ਅਤੇ ਮਾਨੇਸਰ ਵਿਖੇ ਮਜ਼ਦੂਰਾਂ ਤੇ ਕੀਤੇ ਲਾਠੀਚਾਰਜ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਤੇ ਸਖ਼ਤ ਧਰਾਵਾਂ ਲਾ ਕੇ ਫੌਜਦਾਰੀ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।ਇਸ ਮੌਕੇ ਟਰੇਡ ਯੂਨੀਅਨਾਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਹੋਰ ਕਿਹਾ ਕਿ 29 ਕਿਰਤ ਕਾਨੂੰਨ ਲਾਗੂ ਕੀਤੇ ਜਾਣ।ਮਜ਼ਦੂਰਾਂ ਦੀ ਘੱਟੋ-ਘੱਟ ਤਨਖ਼ਾਹ 26000 ਲਾਗੂ ਕੀਤੀ ਜਾਵੇ।ਸੰਘਰਸ਼ ਕਰਦੇ ਮਜ਼ਦੂਰਾਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ।ਸਾਰੇ ਫੌਜਦਾਰੀ ਕੇਸ ਵਾਪਸ ਕਰਕੇ ਮਜ਼ਦੂਰਾਂ ਨੂੰ ਰਿਹਾਅ ਕੀਤਾ ਜਾਵੇ।

# ਆਸਰਾ ਕਾਲਜ 'ਚ ਮੈਗਾ ਰੋਜ਼ਗਾਰ ਮੇਲਾ, 155 ਵਿਦਿਆਰਥੀ ਚੁਣੇ

**ਭਵਾਨੀਗੜ੍ਹ, (ਰਾਜ ਖੁਰਮੀ)** ਪਟਿਆਲਾ-ਸੰਗਰੂਰ ਨੈਸ਼ਨਲ ਹਾਈਵੇਅ 'ਤੇ ਸਥਿਤ ਆਸਰਾ ਕਾਲਜ ਵਿਖੇ ਵਿਸ਼ਾਲ ਮੈਗਾ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼-ਵਿਦੇਸ਼ ਦੀਆਂ 20 ਤੋਂ ਵੱਧ ਨਾਮੀ ਕੰਪਨੀਆਂ ਨੇ ਭਾਗ ਲਿਆ।ਮੇਲੇ ਵਿੱਚ ਤਕਰੀਬਨ 500 ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।ਇਸ ਰੁਜ਼ਗਾਰ ਮੇਲੇ ਦਾ ਸ਼ੁਭ ਆਰੰਭ ਆਸਰਾ ਗਰੁੱਪ ਦੇ ਚੇਅਰਮੈਨ ਡਾ. ਆਰ.ਕੇ. ਗੋਇਲ, ਐਮ.ਡੀ. ਡਾ. ਕੇਸ਼ਵ ਗੋਇਲ ਤੇ ਕੈਂਪਸ ਡਾਇਰੈਕਟਰ ਅਰਵਿੰਦ ਗੋਇਲ ਵੱਲੋਂ ਕੀਤਾ ਗਿਆ।ਮੇਲੇ ਵਿੱਚ ਹੈਵਲਜ਼, ਕਲਿਸ਼ਨਾ ਮਾਰੂਤੀ, ਭਾਰਤ ਸੀਟਸ, ਆਈ.ਸੀ.ਆਈ.ਸੀ.ਆਈ. ਬੈਂਕ, ਰਿਲਾਇੰਸ ਰਿਟੇਲ, ਲੈਂਸਕਾਰਟ, ਟੈਲੀਪਰਫੋਰਮੈਂਸ, ਈ-ਕਲੈਰਕਸ, ਅਮਰਟੈਕਸ, ਪਾਰਸ ਤੇ ਕੈਪੀਟਲ ਹਸਪਤਾਲ ਸਮੇਤ ਕਈ ਪ੍ਰਮੁੱਖ ਕੰਪਨੀਆਂ ਨੇ ਹਿੱਸਾ ਲਿਆ।ਇਸ ਮੌਕੇ 2024-25 ਤੇ 2025-26 ਸੈਸ਼ਨਾਂ ਦੇ ਪਾਸਆਊਟ ਵਿਦਿਆਰਥੀਆਂ ਦੇ ਨਾਲ-ਨਾਲ ਮਹਿੰਦਰਾ ਕਾਲਜ ਪਟਿਆਲਾ, ਬਿਕਰਮ ਕਾਲਜ, ਮੋਦੀ ਕਾਲਜ, ਸਰਕਾਰੀ ਗਰਲਜ਼ ਕਾਲਜ ਪਟਿਆਲਾ, ਰਿਪੁਦਮਨ ਕਾਲਜ ਨਾਭਾ, ਰਣਬੀਰ ਕਾਲਜ ਸੰਗਰੂਰ ਅਤੇ ਹੋਰ ਕਾਲਜਾਂ ਦੇ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ



ਪਹੁੰਚੇ।ਕੰਪਨੀਆਂ ਦੇ ਉੱਚ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਦੀ ਲਿਖਤੀ ਪ੍ਰੀਖਿਆ, ਸਮੂਹ ਚਰਚਾ ਤੇ ਇੰਟਰਵਿਊ ਲਈ ਗਏ, ਜਿਸ ਤੋਂ ਬਾਅਦ ਯੋਗ ਉਮੀਦਵਾਰਾਂ ਨੂੰ ਚੁਣਿਆ ਗਿਆ। ਡਾ. ਕੇਸ਼ਵ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁੱਲ 155 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਨੂੰ 4 ਲੱਖ ਤੋਂ 10 ਲੱਖ ਰੁਪਏ ਤੱਕ ਦੇ ਸਾਲਾਨਾ ਪੈਕੇਜ ਆਫਰ ਕੀਤੇ ਗਏ। ਚੇਅਰਮੈਨ ਡਾ. ਆਰ.ਕੇ. ਗੋਇਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਰੁਜ਼ਗਾਰ ਮੇਲਿਆਂ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਉੱਚ ਪੱਧਰੀ ਨੌਕਰੀ ਦੇ ਮੌਕੇ ਪ੍ਰਦਾਨ ਕਰਨਾ ਹੈ ਤੇ ਭਵਿੱਖ ਵਿੱਚ ਵੀ ਇਹ ਉਪਰਾਲੇ ਜਾਰੀ ਰਹਿਣਗੇ।ਪ੍ਰਿੰਸੀਪਲ ਡਾ. ਵਿਕਾਸ ਗੋਇਲ ਨੇ ਸਾਰੀਆਂ ਭਾਗ ਲੈਣ ਵਾਲੀਆਂ ਕੰਪਨੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸੰਸਥਾ ਹਮੇਸ਼ਾ ਵਿਦਿਆਰਥੀਆਂ ਦੇ ਕਰੀਅਰ ਨਿਰਮਾਣ ਲਈ ਪ੍ਰਤੀਬੱਧ ਰਹੇਗੀ।

# ਵਿਵੇਕਾਨੰਦ ਸਕੂਲ ਦੇ ਵਿਦਿਆਰਥੀਆਂ ਦਾ ਜੇ ਈ ਈ ਮੇਨਜ਼ 'ਚ ਸ਼ਾਨਦਾਰ ਪ੍ਰਦਰਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਵਿਵੇਕਾਨੰਦ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਜੇ. ਈ. ਈ. ਮੇਨਜ਼ 2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ. ਐੱਸ. ਐੱਨ. ਰੁਦਰਾ ਨੇ ਕਿਹਾ ਕਿ ਵਿਵੇਕਾਨੰਦ ਵਰਲਡ ਸਕੂਲ ਫਿਰੋਜ਼ਪੁਰ ਦੇ ਵਿਦਿਆਰਥੀਆਂ ਨੇ ਜੇ. ਈ. ਈ. ਮੇਨਜ਼ 2026 ਵਿੱਚ ਸ਼ਾਨਦਾਰ ਸਫਲਤਾ ਹਾਸਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਨਮਿਸ਼ ਜਿੰਦਲ ਨੇ 99.26 ਪ੍ਰਤੀਸ਼ਤ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ, ਇਸ ਤੋਂ ਬਾਅਦ ਪ੍ਰਿਆਂਸ਼ੂ ਨੇ 98.75 ਪ੍ਰਤੀਸ਼ਤ, ਮਾਹਿਰ ਗੁਪਤਾ ਨੇ 96.857 ਪ੍ਰਤੀਸ਼ਤ, ਅਭਿਨਵ ਅਰੋੜਾ ਨੇ 96.50 ਪ੍ਰਤੀਸ਼ਤ, ਸ਼ੁਕਲ ਜੈਨ ਨੇ 94.2 ਪ੍ਰਤੀਸ਼ਤ, ਅਯਾਨ ਖੁੱਲਰ ਨੇ 92.88 ਪ੍ਰਤੀਸ਼ਤ ਤੇ ਤਮੀਰ ਸਿੰਗਲਾ ਨੇ 92.2 ਪ੍ਰਤੀਸ਼ਤ ਹਾਸਲ ਕੀਤੇ। ਇਹੋ ਜਿਹੀਆਂ ਉਪਲਬਧੀਆਂ ਕੇਂਦ੍ਰਿਤ ਸਿਖਲਾਈ ਵਾਤਾਵਰਣ, ਠੋਸ ਮਾਰਗਦਰਸ਼ਨ ਤੇ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਲਗਾਤਾਰ ਪ੍ਰੇਰਣਾ ਦਾ ਨਤੀਜਾ ਹਨ। ਸਕੂਲ ਹਮੇਸ਼ਾ ਬੱਚਿਆਂ ਵਿੱਚ ਸੰਕਲਪ, ਨਿਯਮਿਤ ਅਭਿਆਸ ਤੇ ਸਮੁੱਚੇ ਵਿਕਾਸ 'ਤੇ ਜ਼ੋਰ ਦਿੰਦਾ ਆ ਰਿਹਾ ਹੈ, ਤਾਂ ਜੋ ਵਿਦਿਆਰਥੀ ਜੇ. ਈ. ਈ. ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਉੱਤਮਤਾ ਹਾਸਲ ਕਰ ਸਕਣ। ਡਾ. ਰੁਦਰਾ ਨੇ ਇਹ ਵੀ ਕਿਹਾ ਕਿ ਵਿਵੇਕਾਨੰਦ ਵਰਲਡ ਸਕੂਲ ਉੱਚ ਗੁਣਵੱਤਾ ਵਾਲੀ ਸਿੱਖਿਆ, ਨਵੀਨਤਮ ਸਿੱਖਿਅਕ ਤਰੀਕਿਆਂ ਤੇ ਮੁੱਲਾਂ ਅਧਾਰਤ ਸਿਖਲਾਈ ਰਾਹੀਂ ਨੌਜਵਾਨ ਮਨਾਂ ਨੂੰ ਸੰਵਾਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਅਧਿਆਪਕਾਂ ਦੀ ਅਥਕ ਮਿਹਨਤ ਦੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਹਰ ਪੜਾਅ 'ਤੇ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਤੇ ਪ੍ਰੇਰਿਤ ਕੀਤਾ।

# ਪ੍ਰਜਾਪਤ ਸਭਾ ਵੱਲੋਂ ਤਮੰਨਾ ਡਾ. ਅੰਬੇਡਕਰ ਦੀ ਤਸਵੀਰ ਨਾਲ ਸਨਮਾਨਤ

**ਤਮੰਨਾ ਨੇ 8ਵੀਂ 'ਚੋਂ ਪਹਿਲਾ ਸਥਾਨ ਹਾਸਲ ਕਰਕੇ ਰਚਿਆ ਇਤਿਹਾਸ : ਬਸੰਤ ਕੁਮਾਰ**

**ਕੋਟਕਪੂਰਾ (ਰਛਪਾਲ ਭੁੱਲਰ) :** ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਜਮਾਤ 'ਚੋਂ ਪਹਿਲੇ ਸਥਾਨ 'ਤੇ ਆਉਣ ਵਾਲੀ ਹੋਣਹਾਰ ਵਿਦਿਆਰਥਣ ਤਮੰਨਾ ਪ੍ਰਜਾਪਤੀ ਲਈ ਕਰਵਾਏ ਗਏ ਸਨਮਾਨ ਸਮਾਰੋਹ ਵਿੱਚ ਭਾਰੀ ਗਿਣਤੀ ਵਿੱਚ ਬਰਾਦਰੀ ਨਾਲ ਸਬੰਧਤ ਪਤਵੰਤਿਆਂ ਨੇ ਭਰਵੀਂ ਸ਼ਮੂਲੀਅਤ ਕੀਤੀ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਬਸੰਤ ਕੁਮਾਰ ਪ੍ਰਜਾਪਤੀ ਕੋਟਕਪੂਰਾ ਜ਼ਿਲ੍ਹਾ ਜਨਰਲ ਸਕੱਤਰ ਬਸਪਾ ਨੇ ਬੇਟੀ ਤਮੰਨਾ ਪ੍ਰਜਾਪਤੀ ਦਾ ਡਾ. ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਤੇ ਨਗਦ ਰਾਸ਼ੀ ਨਾਲ ਸਨਮਾਨ ਕੀਤਾ।ਇਸ ਮੌਕੇ ਬਸੰਤ ਕੁਮਾਰ ਪਰਜਾਪਤ ਨੇ ਆਖਿਆ ਕਿ ਕੋਈ ਸਮਾਂ ਸੀ ਜਦੋਂ ਮਾਪੇ ਆਪਣੀਆਂ ਲੜਕੀਆਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਹੀਂ ਸਨ ਭੇਜਦੇ ਤੇ ਚੁੱਲ੍ਹੇ ਚੌਕੇ ਤੱਕ ਹੀ ਸੀਮਤ ਰੱਖਿਆ ਜਾਂਦਾ ਸੀ, ਪਰ ਜਦੋਂ ਸਮਾਜ ਨੇ ਮੌਕਾ ਦਿੱਤਾ ਤਾਂ ਉਨ੍ਹਾਂ ਲੜਕਿਆਂ ਤੋਂ ਦੋ ਕਦਮ ਅੱਗੇ ਹੋ ਕੇ ਸਾਬਿਤ ਕੀਤਾ ਕਿ ਉਹ ਕਿਸੇ ਵੀ ਖੇਤਰ ਵਿੱਚ ਘੱਟ ਨਹੀਂ ਹਨ।ਤਮੰਨਾ ਨੇ ਪੂਰੇ ਅੰਕਾਂ ਵਿੱਚੋਂ ਇੱਕ ਨੰਬਰ ਵੀ ਕੱਟਣ ਨਹੀਂ ਦਿੱਤਾ ਤੇ 600 'ਚੋਂ 600 ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ, ਸਕੂਲ ਸਟਾਫ ਤੇ ਜੈਤੋ ਇਲਾਕੇ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖ ਦਿੱਤਾ।ਇਸ ਮੌਕੇ ਬਸੰਤ ਕੁਮਾਰ ਨਾਲ ਉਪਰੋਕਤ ਤੋਂ



ਇਲਾਵਾ ਮਦਨ ਨਾਲ ਮਾਲ ਚੇਅਰਮੈਨ ਪ੍ਰਜਾਪਤ ਕੁੰਮਹਾਰ ਮਹਾਂਸੰਘ ਪੰਜਾਬ, ਰਵੀ ਕੁਮਾਰ ਜਨਰਲ ਸੈਕਟਰੀ ਦਕਸ਼ ਪ੍ਰਜਾਪਤੀ ਨੌਜਵਾਨ ਸਭਾ ਅਬੋਹਰ, ਅਮਰਜੀਤ ਕੁਮਾਰ ਬਕਵਾਸੀਆ ਪ੍ਰਧਾਨ ਪ੍ਰਜਾਪਤ ਸਭਾ ਜੈਤੋ ਤੇ ਤਮੰਨਾ ਪ੍ਰਜਾਪਤੀ ਦੇ ਪਿਤਾ ਨਰਿੰਦਰ ਕੁਮਾਰ ਜੈਤੋ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਨੀਟ ਪ੍ਰੀਖਿਆ ਨੂੰ ਲੈ ਕੇ ਵਧੀਕ ਡਿਪਟੀ ਕਮਿਸ਼ਨਰ ਦੀ ਅਧਿਕਾਰੀਆਂ ਨਾਲ ਮੀਟਿੰਗ

**ਫਾਜ਼ਿਲਕਾ ( ਨਿਸ਼ਾ ਸ਼ਰਮਾ)-** ਜ਼ਿਲ੍ਹਾ ਫਾਜ਼ਿਲਕਾ ਵਿੱਚ 3 ਮਈ ਨੂੰ ਹੋਣ ਵਾਲੀ ਨੀਟ ਦੀ ਪ੍ਰੀਖਿਆ ਨੂੰ ਲੈ ਕੇ ਵਧੀਕ ਡਿਪਟੀ ਕਮਿਸ਼ਨਰ ਡਾ. ਮਨਦੀਪ ਕੌਰ ਨੇ ਆਪਣੇ ਦਫ਼ਤਰ ਵਿਖੇ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਵਧੀਕ ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ, ਪੁਲਸ ਵਿਭਾਗ, ਬਿਜਲੀ ਵਿਭਾਗ ਅਤੇ ਹੋਰਨਾਂ ਵਿਭਾਗੀ ਅਧਿਕਾਰੀਆਂ ਨੂੰ ਸਮਾਂ ਰਹਿੰਦਿਆਂ ਨੀਟ ਪ੍ਰੀਖਿਆ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ। ਉਹਨਾਂ ਦੱਸਿਆ ਕਿ ਇਹਨਾਂ ਪ੍ਰਬੰਧਾਂ ਵਿੱਚ ਸੈਂਟਰਾਂ ਵਿਖੇ ਤਸਦੀਕਸ਼ੁਦਾ ਸਟਾਫ, ਟ੍ਰੈਫਿਕ ਪਲਾਨ ਆਦਿ ਵਿੱਚ ਤਰੁਟੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਪ੍ਰੀਖਿਆ ਐਮ.ਆਰ ਸਰਕਾਰੀ ਕਾਲਜ ਫਾਜ਼ਿਲਕਾ ਅਤੇ ਸਕੂਲ ਆਫ਼ ਐਮੀਨੈਂਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ ਵਿਖੇ ਹੋਵੇਗੀ। ਉਹਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੀਟ ਦੀ ਪ੍ਰੀਖਿਆ ਸੁਚਾਰੂ ਤਰੀਕੇ ਨਾਲ ਮੁਕੰਮਲ ਕਰਨ ਲਈ ਨੋਡਲ ਅਧਿਕਾਰੀ ਤਾਇਨਾਤ ਕੀਤਾ ਗਿਆ ਹੈ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਵੀ ਹਾਜ਼ਰ ਸਨ।

# ਸਟਫਿਨ ਦੇ ਵਿਦਿਆਰਥੀਆਂ ਵੱਲੋਂ ਮਸਤੂਆਣਾ ਸਾਹਿਬ ਦਾ ਦੌਰਾ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-** ਸਟਫਿਨ ਇੰਟਰਨੈਸ਼ਨਲ ਸਕੂਲ ਮਹਿਲਾਂ ਦੇ ਵਿਦਿਆਰਥੀਆਂ ਵੱਲੋਂ ਹਾਲ ਹੀ ਵਿੱਚ ਗੁਰਦੁਆਰਾ ਮਸਤੂਆਣਾ ਸਾਹਿਬ ਦੇ ਪਵਿੱਤਰ ਸਥਾਨ ਦਾ ਦੌਰਾ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਮੱਥਾ ਟੇਕ ਕੇ ਵਾਹਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਦੌਰੇ ਦਾ ਮੁੱਖ ਮਕਸਦ ਵਿਦਿਆਰਥੀਆਂ ਵਿੱਚ ਆਤਮਿਕ






ਤੇ ਨੈਤਿਕ ਮੁੱਲਾਂ ਨੂੰ ਮਜ਼ਬੂਤ ਕਰਨਾ ਸੀ।ਦੌਰੇ ਦੌਰਾਨ ਵਿਦਿਆਰਥੀਆਂ ਨੇ ਗੁਰਬਾਣੀ ਕੀਰਤਨ ਸੁਣਿਆ ਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਹਾਸਲ ਕੀਤੀ, ਜਿਹੜੀਆਂ ਨਿਮਰਤਾ, ਸੇਵਾ ਤੇ ਸਮਾਨਤਾ ਦਾ ਸੰਦੇਸ਼ ਦਿੰਦੀਆਂ ਹਨ।ਵਿਦਿਆਰਥੀਆਂ ਨੇ ਲੰਗਰ ਸੇਵਾ ਵਿੱਚ ਵੀ ਭਾਗ ਲਿਆ ਤੇ ਨਿਸ਼ਕਾਮ ਸੇਵਾ ਦੀ ਮਹੱਤਤਾ ਨੂੰ ਸਮਝਿਆ।ਗੁਰਦੁਆਰਾ ਦਾ ਸ਼ਾਂਤ ਤੇ ਆਤਮਿਕ ਮਾਹੌਲ ਸਭ ਲਈ ਬਹੁਤ ਹੀ ਪ੍ਰੇਰਣਾਦਾਇਕ ਸਾਬਤ ਹੋਇਆ। ਸਕੂਲ ਦੀ ਡਾਇਰੈਕਟਰ-ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਇਸ ਉਪਰਾਲੇ ਦੀ ਸਰਾਹਨਾ ਕੀਤੀ ਤੇ ਵਿਦਿਆਰਥੀਆਂ ਨੂੰ ਆਤਮਿਕ ਮੁੱਲਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਇਸ ਤਰ੍ਹਾਂ ਦੇ ਦੌਰੇ ਵਿਦਿਆਰਥੀਆਂ ਦੇ ਸਰਵਾਂਗੀਨ ਵਿਕਾਸ ਲਈ ਬਹੁਤ ਮਹੱਤਵਪੂਰਨ ਸਾਬਤ ਹੁੰਦੇ ਹਨ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਹੋਈ ਮੀਟਿੰਗ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)** ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ:49 ਦੱਖਣ ਜੋਨ ਪਟਿਆਲਾ ਕਾਰਜ਼ਕਾਰੀ ਦੀ ਮੀਟਿੰਗ ਕੁਲਦੀਪ ਸਿੰਘ ਚੌਹਾਨ ਪ੍ਰਧਾਨ ਦੱਖਣ ਜੋਨ ਪਟਿਆਲ਼ਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜੋਨ ਕਮੇਟੀ ਸਕੱਤਰ ਅਜੇ ਕੁਮਾਰ ਸੰਗਰੂਰ,



ਲਖਵਿੰਦਰ ਸਿੰਘ ਸੁਨਾਮ ਕੈਸ਼ੀਅਰ ਦੱਖਣ ਜੋਨ, ਸੁਖਦੇਵ ਸਿੰਘ ਰਾਠੌਰ ਪਟਿਆਲ਼ਾ ਸਰਕਲ, ਨਿਰਮਲ ਕੁਮਾਰ ਨਾਭਾ ਸੂਬਾ ਸਕੱਤਰ,ਲਖਵਿੰਦਰ ਸਿੰਘ ਪ੍ਰਧਾਨ ਸੰਗਰੂਰ ਸਰਕਲ, ਜੀ ਨੇ ਹਾਜ਼ਰੀ ਲਗਵਾਈ ਇਸ ਮੀਟਿੰਗ ਵਿੱਚ 10/04/026 ਨੂੰ ਪੰਜਾਬ ਪੱਧਰੀ ਧਰਨੇ ਵਿੱਚ ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਸ਼ਮੂਲਿਅਤ ਕਰਨ ਤੇ ਧੰਨਵਾਦ ਕੀਤਾ, 11/04/26 ਤੋ ਚਲ ਰਹੇ ਵਰਕ-ਟੂ-ਰੂਲ ਨੂੰ ਤਨ ਦੇਹਿ ਨਾਲ ਨਿਭਾਉਣ ਲਈ ਆਖਿਆ ਗਿਆ ਅਤੇ ਆਉਣ ਵਾਲੇ ਸੰਘਰਸ਼ ਵਿਚ ਵਧ ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਅਤੇ ਮੁਲਾਜ਼ਮਾਂ ਦੀਆਂ ਬਦਲੀਆ ਲਈ ਯੋਗ ਉਪਰਾਲੇ ਕੀਤੇ ਜਾਣਗੇ ਇਸ ਮੀਟਿੰਗ ਵਿੱਚ ਉਪਰੋਕਤ ਆਗੂਆ ਤੋਂ ਇਲਾਵਾ ਕੁਲਵਿੰਦਰ ਸਿੰਘ ਪ੍ਰਧਾਨ, ਪ੍ਰਿਤਪਾਲ ਸਿੰਘ ਲਾਡੀ ਸਕੱਤਰ, ਪ੍ਰਿਤਪਾਲ ਸਿੰਘ ਕੈਂਟ, ਸੁਨੀਲ ਕੁਮਾਰ ਰਾਜਪੁਰਾ, ਪਰਬੋਧ ਕੌਂਸਲ, ਆਦਿ ਆਗੂ ਅਤੇ ਸਰਕਲ ਮੈਬਰਾਂਨ ਹਾਜ਼ਿਰ ਸਨ।

# ਧਾਰੀਵਾਲ 'ਚ ਹੋਵੇਗਾ ਚਾਰ ਰੋਜ਼ਾ ਪੁਨਰ ਸੁਰਜੀਤੀ ਸੰਮੇਲਨ

**ਫ਼ਰੀਦਕੋਟ (ਅਲੈਗਜ਼ੈਂਡਰ ਡਿਸੂਜਾ)** ਕ੍ਰਾਈਸਟ ਚਰਚ ਸੀਐਨਆਈ, ਧਾਰੀਵਾਲ ਦੇ ਲੋਕਾਂ ਦੇ ਸਹਿਯੋਗ ਨਾਲ 22 ਅਪ੍ਰੈਲ ਤੋਂ 25 ਅਪ੍ਰੈਲ ਤੱਕ ਪੁਨਰ ਸੁਰਜੀਤੀ ਸੰਮੇਲਨ ਕਰ ਰਿਹਾ



ਹੈ।ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪ੍ਰਸਿੱਧ ਪ੍ਰਚਾਰਕ ਇਸ ਸਮਾਗਮ ਵਿੱਚ ਹਿੱਸਾ ਲੈਣਗੇ, ਜੋ ਮਾਡਲ ਟਾਊਨ, ਧਾਰੀਵਾਲ ਵਿੱਚ ਆਯੋਜਤ ਕੀਤਾ ਜਾਵੇਗਾ। ਇਸ ਚਾਰ ਦਿਨਾਂ ਅਧਿਆਤਮਕ ਸਮਾਗਮ ਦੌਰਾਨ ਹਰ ਰੋਜ਼ ਸ਼ਾਮ 6:00 ਵਜੇ ਤੋਂ ਰਾਤ 9:00 ਵਜੇ ਤੱਕ ਵਿਸ਼ੇਸ਼ ਪ੍ਰਾਰਥਨਾਵਾਂ ਕੀਤੀਆਂ ਜਾਣਗੀਆਂ।ਪ੍ਰਬੰਧਕਾਂ ਅਨੁਸਾਰ ਇਸ ਕਾਨਫਰੰਸ ਦਾ ਮੁੱਖ ਉਦੇਸ਼ ਲੋਕਾਂ ਵਿੱਚ ਅਧਿਆਤਮਿਕ ਜਾਗਰੂਕਤਾ ਪੈਦਾ ਕਰਨਾ ਤੇ ਮਨੁੱਖਤਾ ਦੀ ਭਲਾਈ ਲਈ ਪ੍ਰਾਰਥਨਾ ਕਰਨਾ ਹੈ।

# ਸੂਚਨਾ ਦੇ ਅਧਿਕਾਰ ਐਕਟ ਤਹਿਤ ਮੰਗੀ ਜਾਣਕਾਰੀ ਡੀ ਸੀ ਦੇ ਦਖਲ ਨਾਲ ਮਿਲਣ ਦੀ ਬੱਝੀ ਆਸ

**ਕੋਟਕਪੂਰਾ, (ਰਛਪਾਲ ਭੁੱਲਰ)** ਸੂਚਨਾ ਦੇ ਅਧਿਕਾਰ ਐਕਟ ਤਹਿਤ ਨਿਸ਼ਚਿਤ ਸਮੇਂ ਵਿੱਚ ਮੰਗੀ ਗਈ ਜਾਣਕਾਰੀ ਨਾ ਮਿਲਣ ਤੋਂ ਬਾਅਦ ਦੁਬਾਰਾ ਯਾਦ ਪੱਤਰ (ਰਿਮਾਂਈਡਰ) ਦੇ ਤੌਰ 'ਤੇ ਡਿਪਟੀ ਕਮਿਸ਼ਨਰ ਦਫਤਰ ਨੂੰ ਭੇਜੀ ਬੇਨਤੀ ਤੋਂ ਬਾਅਦ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਕੋਟਕਪੂਰਾ ਵਲੋਂ ਭੇਜਿਆ ਪੱਤਰ ਬਿਨੈਕਾਰ ਨੂੰ ਮਿਲਿਆ ਹੈ।ਬੇਨਤੀ ਕਰਨ ਵਾਲੇ ਆਰਟੀਆਈ ਕਾਰਕੁੰਨ ਗੁਰਿੰਦਰ ਸਿੰਘ ਨੇ ਡਿਪਟੀ ਕਮਿਸ਼ਨਰ ਦਫ਼ਤਰ ਨੂੰ 29 ਜਨਵਰੀ ਨੂੰ 10 ਰੁਪਏ ਦਾ ਪੋਸਟਲ ਆਰਡਰ ਭੇਜ ਕੇ ਬੀਡੀਪੀਓ ਦਫਤਰ ਕੋਟਕਪੂਰਾ ਤੋਂ ਚਾਰ ਵਿਕਾਸ ਕਾਰਜਾਂ ਦੇ ਕੰਮਾ ਬਾਰੇ ਜਾਣਕਾਰੀ ਮੰਗੀ ਸੀ, ਜਿਵੇਂ ਜਨਵਰੀ 2019 ਤੋਂ ਸਤੰਬਰ 2025 ਤੱਕ ਬੀਡੀਪੀਓ ਦਫ਼ਤਰ ਬਲਾਕ ਕੋਟਕਪੂਰਾ ਨੂੰ ਵਿਕਾਸ ਕਾਰਜਾਂ ਲਈ ਕਿੰਨੀਆਂ ਗ੍ਰਾਂਟਾਂ ਮਿਲੀਆਂ। ਬਲਾਕ ਕੋਟਕਪੂਰਾ ਦੇ ਪਿੰਡਾਂ ਕ੍ਰਮਵਾਰ ਫਿੱਡੇ ਖੁਰਦ, ਕੋਠੇ ਧਾਲੀਵਾਲ, ਭੈਰੋਂ ਭੱਟੀ, ਘਣੀਏਵਾਲਾ ਵਿੱਚ ਕੀਤੇ ਵਿਕਾਸ ਕਾਰਜਾਂ ਦਾ ਮੁਕੰਮਲ ਵੇਰਵਾ ਦਿੱਤਾ ਜਾਵੇ, ਉਪਰੋਕਤ ਪਿੰਡਾਂ ਵਿੱਚ ਕੀਤੇ ਕੰਮਾਂ 'ਤੇ ਖਰਚ ਕੀਤੀ ਰਾਸ਼ੀ ਦੀ ਜਾਣਕਾਰੀ ਦਿੱਤੀ ਜਾਵੇ, ਵਿਕਾਸ ਕਾਰਜਾਂ 'ਤੇ ਖਰਚ ਕੀਤੀ ਰਾਸ਼ੀ ਦਾ ਵੇਰਵਾ ਬਿੱਲਾਂ ਸਮੇਤ ਮੁਹੱਈਆ ਕਰਾਇਆ ਜਾਵੇ, ਪਰ ਜਦ ਦੋ ਮਹੀਨੇ ਤੱਕ ਡਿਪਟੀ ਕਮਿਸ਼ਨਰ ਦਫਤਰ ਦੀਆਂ ਹਦਾਇਤਾਂ ਦੇ ਬਾਵਜੂਦ ਵੀ ਬੀਡੀਪੀਓ ਦਫਤਰ ਵਲੋਂ ਮੰਗੀ ਜਾਣਕਾਰੀ ਦੇਣ ਦੀ ਜ਼ਰੂਰਤ ਨਾ ਸਮਝੀ ਗਈ ਤਾਂ ਦੁਬਾਰਾ ਫਿਰ ਯਾਦ ਪੱਤਰ ਦੇ ਤੌਰ 'ਤੇ ਕੀਤੀ ਬੇਨਤੀ ਦੇ ਜਵਾਬ ਵਿੱਚ 17 ਅਪ੍ਰੈਲ ਨੂੰ ਜਾਰੀ ਹੋਇਆ ਪਿੱਠ ਅੰਕਨ ਨੰਬਰ 937-38 ਅੱਜ ਆਰਟੀਆਈ ਕਾਰਕੁੰਨ ਨੂੰ ਮਿਲਿਆ, ਜਿਸ ਵਿੱਚ ਸੁਨੀਲ ਕੁਮਾਰ ਜੇ.ਈ. ਅਤੇ ਧਰਮਜੀਤ ਸਿੰਘ ਵੀਡੀਓ-ਕਮ-ਏਪੀਆਈਓ ਨੂੰ ਆਰਟੀਆਈ ਐਕਟ 2005 ਤਹਿਤ ਸੂਚਨਾ ਸਪਲਾਈ ਕਰਨ ਦੀ ਹਦਾਇਤ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਫਰੀਦਕੋਟ ਦੇ ਪੱਤਰ ਨੰਬਰ 2229-ਡੀਏ-2 ਮਿਤੀ 10 ਫਰਵਰੀ 2026 ਅਤੇ ਪੱਤਰ ਨੰਬਰ 2915 ਡੀ.ਏ.-ਮਿਤੀ 10 ਅਪ੍ਰੈਲ 2026 ਦਾ ਵੀ ਹਵਾਲਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਆਰਟੀਆਈ ਕਾਰਕੁੰਨ ਨੇ ਮੁੱਖ ਸੂਚਨਾ ਕਮਿਸ਼ਨਰ ਚੰਡੀਗੜ੍ਹ, ਖਪਤਕਾਰ ਅਦਾਲਤ ਫਰੀਦਕੋਟ ਜਾਂ ਹਾਈਕੋਰਟ ਦਾ ਦਰਵਾਜ਼ਾ ਖੜਕਾਉਣ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਦਫਤਰ ਨੂੰ ਬੇਨਤੀ ਕਰਨੀ ਜ਼ਰੂਰੀ ਸਮਝੀ, ਜਿਸ ਦਾ ਅਸਰ ਹੋਣ ਨਾਲ ਮੰਗੀ ਜਾਣਕਾਰੀ ਮਿਲਣ ਦੀ ਉਮੀਦ ਬੱਝੀ ਹੈ।

# ਮੁੱਖ ਖੇਤੀਬਾੜੀ ਅਫਸਰ ਵੱਲੋਂ ਵੱਖ-ਵੱਖ ਅਦਾਰਿਆਂ ਨਾਲ ਖਾਦਾਂ ਸੰਬੰਧੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-** ਡਾ. ਜਗਸੀਰ ਸਿੰਘ ਮੁੱਖ ਖੇਤੀਬਾੜੀ ਅਫਸਰ ਵੱਲੋਂ ਸਹਾਇਕ ਰਜਿਸ਼ਟਰਾਰ ਸਹਿਕਾਰੀ ਸਭਾਵਾਂ, ਇਫਕੋ, ਐਫ.ਐਸ.ਓ. ਮਾਰਕਫੈਡ ਤੇ ਸਹਿਕਾਰੀ ਸਭਾਵਾਂ ਦੇ ਸਕੱਤਰਾਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਉਨ੍ਹਾਂ ਵੱਲੋਂ ਇਨ੍ਹਾਂ ਅਦਾਰਿਆ ਕੋਲ ਪਈ ਖਾਦ ਦਾ ਜਾਇਜ਼ਾ ਲਿਆ ਗਿਆ, ਕਿਉਂਕਿ ਜ਼ਿਲ੍ਹੇ ਅੰਦਰ ਲੱਗਣ ਵਾਲੇ ਖਾਦਾਂ ਦੇ ਰੈਕਾਂ 'ਚ 60 ਪ੍ਰਤੀਸ਼ਤ ਖਾਦ ਸਹਿਕਾਰੀ ਸਭਾਵਾਂ ਕੋਲ ਹੀ ਸਪਲਾਈ ਹੁੰਦੀ ਹੈ।ਉਨ੍ਹਾਂ ਵੱਲੋਂ ਇਫਕੋ



ਖਾਦਾਂ ਦੇ ਪਿਛਲੇ ਸਾਲ ਦੇ ਇਡੈਂਟ ਦੇ ਮੁਕਾਬਲੇ ਇਸ ਸਾਲ ਦੇ ਇਡੈਂਟ ਸਬੰਧੀ ਪੁੱਛਿਆ ਗਿਆ।ਮੀਟਿੰਗ ਵਿੱਚ ਹਾਜਰੀਨ ਨੁਮਾਇੰਦਿਆ ਵੱਲੋਂ ਆਪਣੇ-ਆਪਣੇ ਅਦਾਰਿਆਂ ਨਾਲ ਸਬੰਧਤ ਯੂਰੀਆ ਤੇ ਡੀ.ਏ.ਪੀ. ਖਾਦ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਸ੍ਰੀ ਜ਼ਸ਼ਨਪ੍ਰੀਤ ਸਿੰਘ ਬਰਾੜ ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ) ਵੱਲੋਂ ਹਾਜ਼ਰੀਨ ਨੂੰ ਕਿਹਾ ਗਿਆ ਕਿ ਭਾਰਤ ਸਰਕਾਰ ਵੱਲੋ ਖਾਦਾਂ ਦੀ ਵਿਕਰੀ ਵੱਲ ਵਿਸੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਵੱਲੋਂ ਜ਼ਿਲ੍ਹੇ ਅੰਦਰ ਚੈਕਿੰਗ ਟੀਮਾਂ ਵੀ ਭੇਜੀਆਂ ਜਾ ਰਹੀਆਂ ਹਨ।ਸੋ ਖਾਦ ਦੀ ਵਿਕਰੀ ਪੀ.ਓ.ਐਸ. ਮਸ਼ੀਨ ਰਾਹੀਂ ਹੀ ਕੀਤੀ ਜਾਵੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਖਾਦ ਦਾ ਫ਼ਿਜ਼ੀਕਲ ਸਟਾਕ ਤੇ ਪੀਓਐਸ ਸਟਾਕ ਮੇਲ ਖਾਂਦਾ ਹੋਵੇ। ਸਹਿਕਾਰੀ ਸਭਾਵਾਂ ਦੇ ਬਾਹਰ ਸਟਾਕ ਬੋਰਡ ਲਾਉਣ ਦੇ ਨਾਲ-ਨਾਲ ਭਰੇ ਜਾਣੇ ਯਕੀਨੀ ਬਣਾਏ ਜਾਣ, ਜਿਸ ਤੋਂ ਸਹਿਕਾਰੀ ਸਭਾਵਾਂ ਵਿੱਚ ਪਈਆਂ ਖੇਤੀ ਵਸਤਾਂ ਦਾ ਪਤਾ ਲੱਗ ਸਕੇ।ਸਭਾਵਾਂ ਵੱਲੋਂ ਖਾਦ ਦੇ ਕੱਟੇ ਜਾਂਦੇ ਬਿੱਲ ਉਪਰ ਕਿਸਾਨਾਂ ਦਾ ਨਾਂਅ, ਪਿੰਡ ਦਾ ਨਾਂਅ, ਮੋਬਾਇਲ ਨੰਬਰ ਤੇ ਖਾਦ ਦੀ ਦਿੱਤੀ ਮਾਤਰਾ ਲਿਖਿਆ ਹੋਣਾ ਲਾਜ਼ਮੀ ਹੈ। ਡਾ. ਜਗਸੀਰ ਸਿੰਘ ਵੱਲੋਂ ਹਾਜ਼ਰੀਨ ਨੁਮਾਇੰਦਿਆਂ ਨੂੰ ਕਿਹਾ ਗਿਆ ਕਿ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਖਾਦ ਦੀ ਵਰਤੋਂ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੀ ਕੀਤੀ ਜਾਵੇ ਅਤੇ ਹਰੀ ਖਾਦ ਲਈ ਜੰਤਰ ਦੀ ਕਾਸ਼ਤ ਕੀਤੀ ਜਾਵੇ।ਅੰਤ ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ ਦੀ ਖਰੀਦ ਲੋੜ ਅਨੁਸਾਰ ਹੀ ਕਰਨ ਤੇ ਲੋੜ ਤੋਂ ਜ਼ਿਆਦਾ ਖਾਦ ਸਟੋਰ ਨਾ ਕਰਨ।

# ਅਲੀਸ਼ੇਰ ਕਲਾਂ ਤੇ ਖੀਵਾ ਖੁਰਦ ਦੇ ਸਰਕਾਰੀ ਸਕੂਲਾਂ 'ਚ ਨਵੇਂ ਆਧੁਨਿਕ ਕਮਰਿਆਂ ਦਾ ਉਦਘਾਟਨ

**ਮਾਨਸਾ (ਆਤਮਾ ਸਿੰਘ ਪਮਾਰ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ।ਇਸੇ ਲੜੀ ਤਹਿਤ ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੈ ਸਿੰਗਲਾ ਦੇ ਯਤਨਾਂ ਨਾਲ ਹਲਕਾ ਮਾਨਸਾ



ਦੇ ਸਰਕਾਰੀ ਸਕੂਲਾਂ ਚ ਵੱਖ ਵੱਖ ਵਿਕਾਸ ਕਾਰਜ ਕਰਾਏ ਜਾ ਰਹੇ ਹਨ। ਸਰਕਾਰੀ ਮਿਡਲ ਸਕੂਲ ਅਲੀਸ਼ੇਰ ਕਲਾਂ ਵਿਖੇ 15 ਲੱਖ ਦੀ ਲਾਗਤ ਨਾਲ ਤਿਆਰ ਕੀਤੇ ਦੋ ਆਧੁਨਿਕ ਕਲਾਸ ਰੂਮ ਅਤੇ ਸਰਕਾਰੀ ਹਾਈ ਸਕੂਲ ਖੀਵਾ ਖੁਰਦ ਵਿਖੇ 9 ਲੱਖ 55 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਆਧੁਨਿਕ ਕਲਾਸ ਰੂਮ ਦਾ ਉਦਘਾਟਨ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ, ਗੁਰਪ੍ਰੀਤ ਸਿੰਘ ਭੁੱਚਰ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਸੁਧਾਰਕ ਪਹਿਲਕਦਮੀਆਂ ਨਾਲ ਸਰਕਾਰੀ ਸਕੂਲਾਂ ਦੀ ਤਸਵੀਰ ਤੇ ਤਕਦੀਰ ਦੋਵੇਂ ਬਦਲ ਰਹੀਆਂ ਹਨ।ਸਿੱਖਿਆ ਖੇਤਰ 'ਚ ਆ ਰਹੇ ਬਦਲਾਅ ਨਾ ਸਿਰਫ਼ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕ ਰਹੇ ਹਨ, ਸਗੋਂ ਮਾਪਿਆਂ ਦਾ ਸਰਕਾਰੀ ਸਕੂਲਾਂ 'ਤੇ ਭਰੋਸਾ ਵੀ ਮਜ਼ਬੂਤ ਕਰ ਰਹੇ ਹਨ।

# ਮਾਓਵਾਦੀਆਂ ਨੂੰ ਅੰਦੋਲਨ ਦੀ ਮੁੜ ਪੜਚੋਲ ਕਰਨੀ ਚਾਹੀਦੀ : ਖੀਵਾ

**ਲੁਧਿਆਣਾ (ਰੈਕਟਰ ਕਥੂਰੀਆ)** ਸੀਪੀਆਈ ਐਮ.ਐਲ ਰੈਡ ਸਟਾਰ ਪਾਰਟੀ ਨੇ ਦੇਸ਼ ਦੀ ਮੌਜੂਦਾ ਸਥਿਤੀ ਬਾਰੇ ਕੁਝ ਸਪੱਸ਼ਟ ਗੱਲਾਂ ਕਰਦਿਆਂ ਆਪਣੇ ਤਿੱਖੇ ਸੁਝ ਵੀ ਦਿੱਤੇ ਹਨ।ਪਾਰਟੀ ਨੇ ਕਿਹਾ ਹੈ ਕਿ ਭਾਰਤ ਹੁਣ ਬਿਲਕੁਲ ਵੀ ਅਰਧ-ਜਗੀਰੂ, ਅਰਧ-ਬਸਤੀਵਾਦੀ ਦੇਸ਼ ਨਹੀਂ ਰਿਹਾ।ਹੁਣ ਇਸ ਵਿੱਚ ਪੂਰੀ ਤਰ੍ਹਾਂ ਪੂੰਜੀਵਾਦ ਭਾਰੂ ਹੋ ਚੁੱਕਿਆ ਹੈ।ਇਸ ਕਰਕੇ ਮਾਓਵਾਦੀਆਂ ਦੀ ਲਾਈਨ ਨੂੰ ਜੋ ਪਛਾੜ ਲੱਗੀ ਹੈ, ਉਹ ਆਖਰਕਾਰ ਲੱਗਣੀ ਹੀ ਸੀ।ਮਾਓਵਾਦੀ ਪਾਰਟੀ ਨੇ ਸਟੇਟ ਦੀ ਤਾਕਤ ਨੂੰ ਘੱਟ ਅੰਕਿਆ ਹੈ, ਜਿਸ ਕਰਕੇ ਇਸ ਦੀ ਲੀਡਰਸ਼ਿਪ ਤੇ ਕਾਡਰ ਇਸ ਵਿਚਾਰਧਾਰਕ ਕਮਜ਼ੋਰੀ ਦਾ ਸ਼ਿਕਾਰ ਰਹੇ ਹਨ।ਇਹ ਵਿਚਾਰ ਪਾਰਟੀ ਦੇ ਆਗੂ ਡਾਕਟਰ ਗੁਰਤੇਜ ਸਿੰਘ ਖੀਵਾ ਨੇ ਖੁੱਲ੍ਹ ਕੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਹਾਲੇ ਵੀ ਸਮੇਂ ਰਹਿੰਦੇ ਆਪਣੀ ਯੁੱਧ-ਨੀਤੀ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ ਤੇ ਇੱਕ ਵਾਰ ਹਥਿਆਰਬੰਦ ਸੰਘਰਸ਼ ਵਾਪਸ ਲੈ ਕੇ ਆਪਣੇ ਅੰਦੋਲਨ ਨੂੰ ਨਵੇਂ ਸਿਰੇ ਤੋਂ ਪੜਚੋਲ ਦੇ ਜ਼ਰੀਏ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿੱਥੋਂ ਤੱਕ ਸਾਡੀ ਸਮਝ ਹੈ, ਭਾਰਤ ਇੱਕ ਨਵ-ਬਸਤੀਵਾਦੀ ਦੇਸ਼ ਹੈ।ਸਾਮਰਾਜ



ਨੇ ਹੁਣ ਲੁੱਟ ਦਾ ਢੰਗ ਬਦਲ ਲਿਆ ਹੈ, ਉਹ ਹੁਣ ਸਿੱਧੀ ਬਸਤੀ ਨਹੀਂ ਵਸਾਉਂਦਾ, ਸਗੋਂ ਪੂੰਜੀਵਾਦ ਦੇ ਜਰੀਏ ਲੁੱਟ ਕਰਦਾ ਹੈ।ਇਸ ਕਰਕੇ ਜਿਹੜੀਆਂ ਧਿਰਾਂ ਅਜੇ ਵੀ ਭਾਰਤ ਨੂੰ ਅਰਧ-ਜਗੀਰੂ, ਅਰਧ-ਬਸਤੀਵਾਦੀ ਮੁਲਕ ਸਮਝਦੀਆਂ ਹਨ, ਉਹ ਗ਼ਲਤ ਟਰੈਕ 'ਤੇ ਚੱਲ ਰਹੀਆਂ ਹਨ।ਇਸ ਕਰਕੇ ਉਨ੍ਹਾਂ ਦਾ ਕੰਮ ਵਧਣ ਦੀ ਬਜਾਏ ਸੁੰਘੜ ਰਿਹਾ ਹੈ। ਉਨ੍ਹਾਂ ਦੁਹਰਾਇਆ ਕਿ ਅਸੀਂ ਆਪਣੀ ਪਾਰਟੀ ਸੀਪੀਆਈ (ਐਮਐਲ) ਰੈਡ ਸਟਾਰ ਵੱਲੋਂ ਉਨ੍ਹਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੀ ਯੁੱਧ-ਨੀਤੀ ਅਤੇ ਦਾਅ-ਪੇਚਾਂ ਦੀ ਮੁੜ ਪੜਚੋਲ ਕਰਨ।ਮਾਰਕਸਵਾਦ ਸਾਨੂੰ ਇਹ ਸਿਖਾਉਂਦਾ ਹੈ ਕਿ ਜੇਕਰ ਸਾਡੇ ਕੰਮ ਦੇ ਢੰਗ ਤੋਂ ਠੀਕ ਨਤੀਜੇ ਨਹੀਂ ਨਿਕਲ ਰਹੇ, ਤਾਂ ਸਾਨੂੰ ਉਸਦੀ ਗੰਭੀਰ ਪੜਚੋਲ ਕਰਨੀ ਚਾਹੀਦੀ ਹੈ। ਵਿਗਿਆਨਕ ਸੋਚ ਇਹੀ ਹੈ ਕਿ ਅਸੀਂ ਆਪਣੇ ਆਪ ਨੂੰ ਅਤੇ ਆਪਣੀ ਪ੍ਰੈਕਟਿਸ ਨੂੰ ਲਗਾਤਾਰ ਘੋਖਦੇ ਰਹੀਏ।

# ਝਾੜ ਸਾਹਿਬ ਕਾਲਜ ਵੱਲੋਂ ਸਿਹਤ ਜਾਗਰੂਕਤਾ ਲੈਕਚਰ

**ਸਮਰਾਲਾ, (ਸੁਰਜੀਤ ਸਿੰਘ)-** ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਅਤੇ ਆਈ.ਕਿਊ.ਏ. ਸੀ ਦੇ ਸਹਿਯੋਗ ਨਾਲ ਵਰਲਡ ਹੈਲਥ ਡੇ ਨੂੰ ਸਮਰਪਤ ਐਨ.ਐਸ.ਐਸ ਯੂਨਿਟ ਅਤੇ ਹੋਮ ਸਾਇੰਸ ਵਿਭਾਗ ਦੇ ਸਾਂਝੇ ਯਤਨਾਂ ਸਦਕਾ 'ਜੱਚਾ-ਬੱਚਾ ਦੀ ਸਿਹਤ ਸੰਭਾਲ' ਵਿਸ਼ੇ 'ਤੇ ਪਿੰਡ ਝਾੜ ਸਾਹਿਬ ਵਿਖੇ ਜਾਗਰੂਕਤਾ ਲੈਕਚਰ ਆਯੋਜਿਤ ਕੀਤਾ ਗਿਆ। ਇਸ ਮੌਕੇ



ਹੋਮ ਸਾਇੰਸ ਵਿਭਾਗ ਦੇ ਮੁਖੀ ਡਾ. ਰਣਜੀਤ ਕੌਰ ਨੇ ਪਿੰਡ ਝਾੜ ਸਾਹਿਬ ਦੀਆਂ ਮਹਿਲਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਔਰਤ ਦੀ ਚੰਗੀ ਸਿਹਤ ਹੀ ਪਰਵਾਰ ਦਾ ਧੁਰਾ ਹੈ।ਜੇਕਰ ਔਰਤ ਸਿਹਤਮੰਦ ਹੋਵੇਗੀ ਤਾਂ ਹੀ ਪਰਵਾਰ ਸਿਹਤਮੰਦ ਅਤੇ ਖੁਸ਼ਹਾਲ ਹੋਵੇਗਾ।ਜੱਚਾ-ਬੱਚਾ ਦੀ ਸਿਹਤ ਸਾਡੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਸਹੀ ਜਾਣਕਾਰੀ, ਸਹੀ ਖੁਰਾਕ ਅਤੇ ਸੰਭਾਲ ਨਾਲ ਹੀ ਇੱਕ ਸਿਹਤਮੰਦ ਸਮਾਜ ਬਣ ਸਕਦਾ ਹੈ। ਉਨ੍ਹਾਂ ਨੇ ਔਰਤਾਂ ਦੀ ਸੰਤੁਲਿਤ ਖੁਰਾਕ ਅਤੇ ਖਾਣ ਪੀਣ ਦੀਆਂ ਚੰਗੀਆਂ ਆਦਤਾਂ ਬਾਰੇ ਜਾਣਕਾਰੀ ਦਿੱਤੀ। ਹੋਮ ਸਾਇੰਸ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰਾਂ ਦੇ ਪੌਸ਼ਟਿਕ ਪਕਵਾਨ ਬਣਾ ਕੇ ਔਰਤਾਂ ਨੂੰ ਪਰੋਸੇ ਗਏ ਅਤੇ ਛੋਟੇ ਬੱਚਿਆਂ ਨੂੰ ਫਾਸਟ ਫੂਡ ਤੋਂ ਪ੍ਰਹੇਜ਼ ਕਰਨ ਲਈ ਕਿਹਾ। ਇਸ ਤੋਂ ਇਲਾਵਾ ਐਨ.ਐਸ.ਐਸ ਯੂਨਿਟ ਦੇ ਵਲੰਟੀਅਰਜ਼ ਵੱਲੋਂ ਆਂਗਣਵਾੜੀ ਦੇ ਬੱਚਿਆਂ ਨੂੰ ਖੇਡਾਂ ਰਾਹੀਂ ਪੜ੍ਹਾਇਆ ਗਿਆ।ਅਖੀਰ ਵਿੱਚ ਐਨ.ਐਸ.ਐਸ ਯੂਨਿਟ ਦੇ ਪ੍ਰੋਗਰਾਮ ਅਫਸਰ ਜਸਵੀਰ ਕੌਰ ਵੱਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਪਿੰਡ ਝਾੜ ਸਾਹਿਬ ਦੇ ਆਂਗਨਵਾੜੀ ਸੈਂਟਰ ਦੇ ਵਰਕਰ ਮੌਜੂਦ ਸਨ।

# ਡਾਕਟਰਾਂ ਵੱਲੋਂ ਸਿਵਲ ਸਰਜਨ ਡਾ. ਮੀਨਾਕਸ਼ੀ ਦਾ ਵਿਸ਼ੇਸ਼ ਸਨਮਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਫਿਰੋਜ਼ਪੁਰ ਸ਼ਹਿਰ ਦੇ ਨਾਮਵਰ ਸਰਕਾਰੀ ਤੇ ਪ੍ਰਾਈਵੇਟ ਡਾਕਟਰਾਂ ਵੱਲੋਂ ਸਿਵਲ ਸਰਜਨ ਡਾ. ਮੀਨਾਕਸ਼ੀ ਨੂੰ ਸਿਵਲ ਸਰਜਨ ਦਾ ਅਹੁਦਾ



ਸੰਭਾਲਣ 'ਤੇ ਵਧਾਈ ਦਿੱਤੀ ਤੇ ਬੁੱਕੇ ਦੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਦੱਸਣਯੋਗ ਹੈ ਕਿ ਅੱਜ ਫਿਰੋਜ਼ਪੁਰ ਦੇ ਕਈ ਮੰਨੇ-ਪ੍ਰਮੰਨੇ ਡਾਕਟਰ ਸਿਵਲ ਸਰਜਨ ਦਫ਼ਤਰ ਵਿਖੇ ਇਕੱਤਰ ਹੋਏ ਤੇ ਡਾ. ਮੀਨਾਕਸ਼ੀ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਹਾਜ਼ਰ ਡਾਕਟਰਾਂ ਨੇ ਡਾ. ਮੀਨਾਕਸ਼ੀ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਚੱਲ ਰਹੀਆਂ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤੀ ਨਾਲ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਬਾਰੇ ਵਿਚਾਰ ਚਰਚਾ ਕੀਤੀ। ਉਨ੍ਹਾਂ ਜ਼ਿਲ੍ਹੇ ਵਿੱਚ ਸਿਹਤ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਤੇ ਆ ਰਹੀਆਂ ਦਰਪੇਸ਼ ਮੁਸ਼ਕਲਾਂ ਬਾਰੇ ਵੀ ਵਿਚਾਰ ਸਾਂਝੇ ਕੀਤੇ। ਸਿਵਲ ਸਰਜਨ ਡਾ. ਮੀਨਾਕਸ਼ੀ ਨੇ ਸਮੂਹ ਡਾਕਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿਹਤ ਸੇਵਾਵਾਂ ਨੂੰ ਹਰ ਨਾਗਰਿਕ ਤੱਕ ਪਹੁੰਚਾਉਣਾ ਸਿਹਤ ਵਿਭਾਗ ਦਾ ਮੁੱਖ ਮੰਤਵ ਹੈ।

ਪ੍ਰਾਈਵੇਟ ਤੇ ਸਰਕਾਰੀ ਖੇਤਰ ਦੇ ਡਾਕਟਰਾਂ ਦਾ ਸਹਿਯੋਗ ਮਰੀਜ਼ਾਂ ਦੇ ਹਿੱਤ ਵਿੱਚ ਬਹੁਤ ਜ਼ਰੂਰੀ ਹੈ। ਇਸ ਮੌਕੇ ਡਾ. ਸੁਸ਼ਮਾ ਠੱਕਰ ਸਹਾਇਕ ਸਿਵਲ ਸਰਜਨ, ਡਾ. ਵਨੀਤਾ ਭੁੱਲਰ, ਡਾ. ਜੋਤੀ ਕਾਲੀਆ, ਡਾ. ਸ਼ਵੇਤਾ, ਡਾ. ਤਰੁਣਪਾਲ ਸੋਢੀ, ਡਾ. ਰੀਚਾ ਅਰੋੜਾ ਸਮੇਤ ਕਈ ਡਾਕਟਰ ਮੌਜੂਦ ਸਨ।

# ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ : ਰਾਏ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-** ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਪਿੰਡ ਰਜਿੰਦਰਗੜ੍ਹ ਵਿਖੇ ਪਹੁੰਚੇ। ਉਹਨਾਂ ਪਿੰਡ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ



ਵਿਧਾਇਕ ਰਾਏ ਨੇ ਕਿਹਾ ਕਿ ਗ੍ਰਾਮ ਪੰਚਾਇਤ ਰਜਿੰਦਰਗੜ੍ਹ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਦੇ ਲਈ 5 ਲੱਖ ਰੁਪਏ ਦੀ ਲਾਗਤ ਦੇ ਨਾਲ ਨਵਾਂ ਨਾਲਾ ਉਸਾਰਿਆ ਗਿਆ ਹੈ। ਇਸ ਨਾਲੇ ਵਿੱਚ 10 -10 ਫੁੱਟ ਦੀ ਦੂਰੀ ਉੱਤੇ ਲੱਕੜ ਦੇ ਬਾਲੇ ਪਾਏ ਗਏ ਹਨ ਤਾਂ ਜੋ ਨੇੜੇ ਤੋਂ ਗੁਜਰਨ ਵਾਲੇ ਭਾਰੀ ਵਾਹਨਾਂ ਦੇ ਕਾਰਨ ਇਸ ਨਾਲੇ ਦਾ ਨੁਕਸਾਨ ਨਾ ਹੋਵੇ। ਉਹਨਾਂ ਕਿਹਾ ਕਿ ਰਜਿੰਦਰਗੜ੍ਹ ਦੀ ਪੰਚਾਇਤ ਵੱਲੋਂ ਕੀਤਾ ਗਿਆ ਕਾਰਜ ਬਹੁਤ ਹੀ ਸ਼ਲਾਘਾਯੋਗ ਹੈ। ਦੂਸਰੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਇਸ ਤਰ੍ਹਾਂ ਦੀ ਤਕਨੀਕ ਅਪਣਾਉਣੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਬਲਾਕ ਸੰਮਤੀ ਖੇੜਾ ਗੁਰਮੇਲ ਸਿੰਘ ਝਾਂਮਪੁਰ, ਬਿੱਕਰ ਸਿੰਘ ਰਜਿੰਦਰਗੜ੍ਹ, ਗੁਰਪ੍ਰੀਤ ਸਿੰਘ, ਪਿੰਡ ਦੇ ਸਰਪੰਚ ਪੰਚ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਮੰਗ ਹਫ਼ਤੇ ਦੌਰਾਨ ਸਰਕਾਰੀ ਕਾਲਜਾਂ ਅੱਗੇ ਕੀਤੀਆਂ ਗਈਆਂ ਗੇਟ ਰੈਲੀਆਂ : ਲੁਬਾਣਾ, ਰਾਣਵਾਂ

**ਪਟਿਆਲਾ (ਪੱਤਰ ਪ੍ਰੇਰਕ)** ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਮੰਗ ਹਫ਼ਤੇ ਵਜੋਂ ਸਰਕਾਰੀ ਕਾਲਜਾਂ ਦੇ ਮੇਨ ਗੇਟਾਂ ਅੱਗੇ ਰੋਸ ਰੈਲੀਆਂ ਕੀਤੀਆਂ ਗਈਆਂ।ਇੱਥੇ ਪੁਰਾਤਨ ਸਟੇਟ ਕਾਲਜ ਆਫ ਐਜੂਕੇਸ਼ਨ ਦੇ ਮੁੱਖ ਗੇਟ ਅੱਗੇ ਵੀ ਸਰਕਾਰੀ ਮਹਿੰਦਰਾ ਕਾਲਜ, ਬਿਕਰਮ ਕਾਲਜ, ਵੂਮੈਨ ਕਾਲਜ, ਫ਼ਿਜ਼ੀਕਲ ਕਾਲਜ, ਰਿਪੁਦਮਨ ਕਾਲਜ ਨਾਭਾ, ਕਿਰਤੀ ਕਾਲਜ ਨਿਆਲ ਪਾਤੜਾਂ, ਚੌਥਾ ਦਰਜਾ ਮੁਲਾਜ਼ਮਾਂ ਕੱਚਿਆਂ ਤੇ ਪੱਕਿਆਂ ਵੱਲੋਂ ਸਾਂਝੇ ਤੌਰ 'ਤੇ ਇਕੱਤਰ ਹੋ ਕੇ ਗੇਟ ਰੈਲੀ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਆਗੂ ਤੇ ਮੁਲਾਜ਼ਮ ਸ਼ਾਮਲ ਹੋਏ।ਇਸ ਦੀ ਅਗਵਾਈ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸੂਬਾ ਮੀਤ ਪ੍ਰਧਾਨ ਰਾਮ ਲਾਲ ਰਾਮਾ, ਫੈਡਰੇਸ਼ਨ ਦੇ ਪ੍ਰਧਾਨ ਸੀਨੀਅਰ ਮੀਤ ਪ੍ਰਧਾਨ ਨਾਰੰਗ ਸਿੰਘ, ਪ੍ਰਿਤਮ ਚੰਦ ਠਾਕੁਰ, ਪੈਨਸ਼ਨਰਜ਼ ਦੇ ਪ੍ਰਧਾਨ ਸ਼ਿਵ ਚਰਨ, ਸਟੇਟ ਕਾਲਜ ਦੇ ਪ੍ਰਧਾਨ ਰਾਮ ਜੋਧਾ, ਵਿਮਨ ਕਾਲਜ ਦੇ ਪ੍ਰਧਾਨ ਸੁਨੀਲ ਦੱਤ, ਬਿਕਰਮ ਕਾਲਜ ਦੇ ਪ੍ਰਧਾਨ ਬੁੱਧ ਰਾਮ, ਜ਼ਿਲ੍ਹਾ ਚੇਅਰਮੈਨ ਦੀਪ ਚੰਦ ਹੰਸ ਆਦਿ ਨੇ ਕੀਤੀ।ਰੈਲੀ ਵਿੱਚ ਪੰਜਾਬ ਦੇ 64 ਸਰਕਾਰੀ ਕਾਲਜਾਂ ਦੇ ਅਧਿਕਾਰੀਆਂ ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਕਾਲਜਾਂ ਵਿਚਲੇ ਕੱਚੇ ਚੌਥਾ ਦਰਜਾ ਕਰਮੀਆਂ ਨੂੰ ਸਾਲ 2001, ਸਾਲ 2011, ਸਾਲ 2015, ਸਾਲ 2016 ਵਿੱਚ ਮੁਲਾਜਮਾਂ ਨੂੰ ਰੈਗੂਲਾਇਜੇਸ਼ਨ ਕਰਨ ਲਈ ਜਾਰੀ




ਨੀਤੀਆਂ ਨੂੰ ਲਾਗੂ ਨਹੀਂ ਕੀਤਾ ਤੇ ਨਾ ਹੀ ਕੋਈ ਵੀ ਕੱਚਾ ਕਰਮੀ ਪੱਕਾ ਕੀਤਾ।ਇਹ ਕਾਲਜਾਂ ਵਿਚਲੇ ਸਮੁੱਚੇ ਕੱਚੇ ਮੁਲਾਜ਼ਮਾਂ ਨਾਲ ਧੱਕਾ ਤੇ ਬੇਇਨਸਾਫੀ ਕੀਤੀ ਗਈ ਹੈ।ਸਾਲ 2016 ਵਿੱਚ ਜਾਰੀ ਰੈਗੂਲਾਈਜੇਸ਼ਨ ਨੀਤੀ ਜਿਸ ਤਹਿਤ ਤਿੰਨ ਸਾਲ, ਪੰਜ ਸਾਲ ਤੇ ਦਸ ਸਾਲਾਂ ਦੀ ਸੇਵਾ ਪੂਰੀ ਕਰ ਚੁੱਕੇ ਕਰਮੀਆਂ ਨੂੰ ਰੈਗੂਲਰ ਕੀਤਾ ਜਾਣਾ ਸੀ, ਪ੍ਰੰਤੂ ਉਚੇਰੀ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ, ਖੇਤਰੀ ਅਧਿਕਾਰੀਆਂ ਨੇ ਇਨ੍ਹਾਂ ਨੀਤੀਆਂ ਨੂੰ ਅੱਖੋਂ ਓਹਲੇ ਕਰ ਦਿੱਤਾ ਸੀ। ਚੌਥਾ ਦਰਜਾ ਮੁਲਾਜ਼ਮਾਂ ਦੇ ਸੂਬਾ ਚੇਅਰਮੈਨ ਸੁਖਦੇਵ ਸਿੰਘ ਸੁਰਤਾਪੁਰੀ, ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਤੇ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਸੂਬਾ ਵਰਕਿੰਗ ਪ੍ਰਧਾਨ ਜਸਵਿੰਦਰ ਪਾਲ ਉੱਘੀ ਨੇ ਕਾਲਜਾਂ ਦੇ ਕ੍ਰਮਚਾਰੀਆਂ ਨਾਲ ਕੀਤੀ ਗਈ ਬਹੁਤ ਵੱਡੀ ਬੇਇਨਸਾਫੀ ਹੈ।ਇਨ੍ਹਾਂ ਆਗੂਆਂ ਨੇ ਦੱਸਿਆ ਕਿ ਡਾਇਰੈਕਟਰ ਕਾਲਜ ਵਲੋਂ ਪੰਜਾਬ ਵਿਚਲੇ ਸਮੂਹ ਪ੍ਰਿੰਸੀਪਲਾਂ ਨੂੰ ਇੱਕ ਪੱਤਰ ਮਿਤੀ 05-04-2026 ਨੂੰ ਜਾਰੀ ਕਰਕੇ ਕਿਹਾ ਹੈ ਕਿ ਪੰਜਾਬ ਸਰਕਾਰ ਦੀ ਰੈਗੂਲਾਈਜੇਸ਼ਨ ਨੀਤੀ 16 ਮਈ 2023 ਵਿੱਚ ਦਰਸਾਇਆ ਹਦਾਇਤਾਂ ਅਨੁਸਾਰ ਕਾਲਜਾਂ ਵਿਚਲੇ 10 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਕੱਚੇ ਚੌਥਾ ਦਰਜਾ ਕਰਮਚਾਰੀਆਂ ਨੂੰ ਨਿਯਮਤ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ, ਇਹਨਾਂ ਕਿਹਾ ਕਿ ਇਹ ਵੀ ਚਲ ਰਹੇ ਸੰਘਰਸ਼ਾਂ ਦਾ ਹੀ ਹਿੱਸਾ ਹੈ। ਇਹਨਾਂ ਆਗੂਆਂ ਨੇ ਸਪਸ਼ਟ ਕੀਤਾ ਕਿ ਮੌਜੂਦਾ ਸਰਕਾਰ ਵੱਲੋਂ 2023 ਵਿੱਚ ਜਾਰੀ ਕੀਤੀ ਰੈਗੂਲਾਈਜੇਸ਼ਨ ਨੀਤੀ ਤਹਿਤ ਸਮੁੱਚੇ ਕੱਚੇ ਕ੍ਰਮਚਾਰੀਆਂ ਦਾ ਸੇਵਾ ਵਿੱਚ ਆਰਥਿਕ ਸ਼ੋਸ਼ਣ ਕੀਤਾ ਗਿਆ ਹੈ, ਇਸ ਨੀਤੀ ਤਹਿਤ ਰੈਗੂਲਰ ਹੋਣ ਵਾਲੇ ਚੌਥਾ ਦਰਜਾ ਕੱਚੇ ਕ੍ਰਮਚਾਰੀ ਨੂੰ ਉੱਕਾ-ਪੁੱਕਾ 15000 ਰੁਪਏ ਪ੍ਰਤੀ ਮਹੀਨਾ ਮਿਲੇਗੀ ਤੇ ਭਵਿੱਖੀ ਕੋਈ ਵਾਧਾ ਨਹੀਂ ਹੋਵੇਗਾ ਤੇ 58 ਸਾਲ ਦੀ ਉਮਰ ਵਿੱਚ ਉਸਨੂੰ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਜਾਵੇ, ਇਸ ਤਰ੍ਹਾਂ ਮੌਜੂਦਾ ਸਰਕਾਰ ਨੇ ਪੰਜਾਬ ਵਿਚਲੇ ਸਮੁੱਚੇ ਕੱਚੇ ਮੁਲਾਜ਼ਮਾਂ ਨਾਲ ਕੋਝਾ ਮਜਾਕ ਕੀਤਾ ਹੈ ਅਤੇ ਘੱਟੋ-ਘੱਟ ਉਜਰਤਾਂ ਤੋਂ ਵੀ ਘੱਟ ਤਨਖਾਹਾਂ ਦਾ ਫੈਸਲਾ ਕਰਕੇ ਜਬਰਦਸਤ ਆਰਥਿਕ ਸੋਸ਼ਣ ਕੀਤਾ ਗਿਆ ਹੈ ਆਗੂਆਂ ਨੇ ਮੰਗ ਕੀਤੀ ਕਿ ਸਮੁੱਚੇ ਕੱਚੇ ਮੁਲਾਜ਼ਮਾਂ ਨੂੰ ਮਾਨਯੋਗ ਉੱਚ ਅਦਾਲਤਾਂ ਦੇ ਫੈਸਲਿਆਂ ਦੀ ਰੌਸ਼ਨੀ ਵਿੱਚ ਜਦ ਬਰਾਬਰ ਕੰਮ ਬਰਾਬਰ ਤਨਖਾਹ ਦੇਣ ਯੋਗ ਹਨ ਤੇ ਵੇਤਨ ਕਮਿਸ਼ਨ ਵਲੋਂ ਸਿਫਾਰਸ਼ ਕੀਤੇ ਤਨਖਾਹ ਸਕੇਲਾਂ ਸਮੇਤ ਸਾਰੇ ਭੱਤਿਆ ਤੇ ਸਲਾਨਾ ਇੰਕਰੀਮੈਂਟ ਦੇਣ ਯੋਗ ਹੈ ਤੇ ਪੈਨਸ਼ਨਰਾਂ ਦੇਣ ਯੋਗ ਹੈ।ਇਨ੍ਹਾਂ ਆਗੂਆਂ ਨੇ ਸਰਕਾਰ ਦੇ ਇਸ ਫੈਸਲੇ ਦੀ ਨਿੰਦਾ ਕਰਦੇ ਹੋਏ ਮੰਗ ਕੀਤੀ ਕਿ ਸਮੁੱਚੇ ਕੱਚੇ ਮੁਲਾਜ਼ਮਾਂ 'ਤੇ 2016 ਦੀ ਨੀਤੀ ਲਾਗੂ ਕੀਤੀ ਜਾਵੇ ਜਾਂ 2023 ਦੀ ਨੀਤੀ ਵਿੱਚ ਸੋਧ ਕੀਤੀ ਜਾਵੇ।ਇਸ ਨੇ ਸਮੁੱਚੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਪਹਿਲੀ ਮਈ ਲੇਬਰ ਡੇਅ ਵਾਲੇ ਦਿਨ ਰੈਲੀਆਂ ਕਰਕੇ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇ।

# ਅਮੋਲਕ ਸਿੰਘ ਨੇ ਸਰਕਾਰੀ ਸਕੂਲ ਜੀਵਨ ਵਾਲਾ ਵਿਖੇ ਨਵੇਂ ਕਲਾਸ ਰੂਮ ਦਾ ਕੀਤਾ ਉਦਘਾਟਨ

**ਕੋਟਕਪੂਰਾ (ਰਛਪਾਲ ਭੁੱਲਰ)-** ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਸਿੱਖਿਆ ਵਿੱਚ ਸੁਧਾਰ ਕਰਨ ਅਤੇ ਨੁਹਾਰ ਬਦਲਣ ਦੇ ਮਕਸਦ ਨਾਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਨਵੇਂ ਕਮਰੇ ਅਤੇ ਕਈ ਹੋਰ ਸਹੂਲਤਾਂ ਮੁਹਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੁਹਿੰਮ ਤਹਿਤ ਇਥੋਂ ਥੋੜ੍ਹੀ ਦੂਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੀਵਨ ਵਾਲਾ ਵਿਖੇ ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵੱਲੋਂ ਸਕੂਲ ਵਿੱਚ ਬਣਾਏ ਗਏ ਨਵੇਂ ਅਡੀਸ਼ਨਲ ਕਲਾਸ ਰੂਮ ਦਾ ਉਦਘਾਟਨ ਕਰਨ ਸਮੇਂ ਸਕੂਲ ਵਿੱਚ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਵਿਕਾਸ ਅਰੋੜਾ ਨੇ ਸਮਾਗਮ ਦੇ ਮੁੱਖ ਮਹਿਮਾਨ ਅਮੋਲਕ ਸਿੰਘ ਐਮ ਐਲ ਏ, ਸਮੁੱਚੀ ਗ੍ਰਾਮ ਪੰਚਾਇਤ, ਸਕੂਲ ਪ੍ਰਬੰਧਕ ਕਮੇਟੀ ਅਤੇ ਸਮਾਗਮ ਵਿੱਚ ਹਾਜ਼ਰ ਹੋਰ ਪਤਵੰਤਿਆਂ ਨੂੰ




ਜੀ ਆਇਆਂ ਕਿਹਾ ਅਤੇ ਆਪਣੇ ਸਕੂਲ ਦੀਆਂ ਵਿਦਿਅਕ ਅਤੇ ਹੋਰ ਵੱਖ ਵੱਖ ਖੇਤਰਾਂ ਵਿੱਚ ਕੀਤੀਆਂ ਗਈਆਂ ਪ੍ਰਾਪਤੀਆਂ ਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ। ਸਮਾਗਮ ਦੇ ਮੁੱਖ ਮਹਿਮਾਨ ਅਮੋਲਕ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀਆਂ ਭੌਤਿਕ ਸਹੂਲਤਾਂ ਵਿੱਚ ਸੁਧਾਰ ਹੋਣ ਨਾਲ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮੁਹਈਆ ਕਰਨ ਦਾ ਮਾਹੌਲ ਪ੍ਰਦਾਨ ਹੋਵੇਗਾ, ਨਵੇਂ ਕਲਾਸ ਰੂਮ ਨਾਲ ਵਿਦਿਆਰਥੀਆਂ ਨੂੰ ਕਾਫ਼ੀ ਸੁਵਿਧਾ ਮਿਲੇਗੀ ਅਤੇ ਪੜ੍ਹਾਈ ਦੇ ਮਿਆਰ ਵਿਚ ਹੋਰ ਸੁਧਾਰ ਆਵੇਗਾ । ਸਮਾਗਮ ਦੌਰਾਨ ਸਕੂਲ ਦੇ ਲੈਕਚਰਾਰ ਆਤਮਾ ਸਿੰਘ ਨੇ ਸਕੂਲ ਦੀਆਂ ਜ਼ਰੂਰਤਾਂ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਸਮਾਗਮ ਦੇ ਮੁੱਖ ਮਹਿਮਾਨ ਵਿਧਾਇਕ ਅਮੋਲਕ ਸਿੰਘ ਨੇ ਮੌਕੇ 'ਤੇ ਹੀ ਸਕੂਲ ਲਈ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵਾਅਦਾ ਕੀਤਾ।ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਪੰਨਾ ਲਾਲ, ਦੀਪਕ ਸਿੰਘ ਪ੍ਰਿੰਸੀਪਲ, ਕਪਿਲ ਗੋਇਲ ਮੁੱਖ ਅਧਿਆਪਕ, ਵਿਨੈ ਗੋਇਲ, ਬਲਦੇਵ ਸਿੰਘ ਸਰਪੰਚ ਜੀਵਨ ਵਾਲਾ ਅਤੇ ਸਮੂਹ ਪੰਚਾਇਤ ਮੈਂਬਰ, ਕਰਮਜੀਤ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਪਰਸਨ ਜਸਵਿੰਦਰ ਕੌਰ ਅਤੇ ਸਮੂਹ ਮੈਂਬਰ , ਵਿਦਿਆਰਥੀਆਂ ਦੇ ਮਾਪੇ ਅਤੇ ਸਕੂਲ ਦੇ ਸਮੂਹ ਸਟਾਫ ਮੈਂਬਰਜ਼ ਹਾਜ਼ਰ ਸਨ।

# ਮਜ਼ਦੂਰ ਇਨਕਲਾਬ ਦੇ ਮੋਢੀ ਕਾਮਰੇਡ ਲੈਨਿਨ ਦੇ 156ਵੇਂ ਜਨਮ ਦਿਵਸ ਮੌਕੇ ਸਮਾਗਮ



ਬਟਾਲਾ (ਤਰਲੋਕ ਬੱਗਾ)-ਫੈਜ਼ਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ ਸੀਪੀਆਈ (ਐਮਐਲ) ਵੱਲੋਂ ਮਜ਼ਦੂਰ ਜਮਾਤ ਦੇ ਇਨਕਲਾਬ ਦੇ ਮੋਢੀ ਅਤੇ ਸਿਧਾਂਤਕਾਰ ਕਾਮਰੇਡ ਲੈਨਿਨ ਦੇ 156ਵੇਂ ਜਨਮ ਦਿਵਸ ਮੌਕੇ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮੇਂ ਬੋਲਦਿਆਂ ਲਿਬਰੇਸ਼ਨ ਆਗੂ ਬਲਬੀਰ ਸਿੰਘ ਮੂਧਲ, ਸੁਖਦੇਵ ਸਿੰਘ ਹੇਰ, ਮੰਗਲ ਸਿੰਘ ਧਰਮਕੋਟ, ਕਿਸਾਨ ਆਗੂ ਹਰਵਿੰਦਰ ਸਿੰਘ ਮੱਲ੍ਹੀ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਕਾਮਰੇਡ ਲੈਨਿਨ ਦੁਨੀਆ ਦਾ ਉਹ ਮਹਾਨ ਵਿਅਕਤੀ ਸੀ ਜਿਸ ਨੇ ਦੁਨੀਆ ਦੇ ਪੂੰਜੀਵਾਦੀ ਸਮਾਜ ਵਿਰੁੱਧ ਪਹਿਲੀ ਵਾਰ 7 ਨਵੰਬਰ 1917 ਨੂੰ ਰੂਸ ਵਿੱਚ ਮਜ਼ਦੂਰ ਜਮਾਤ ਦੀ ਸੱਤਾ ਸਥਾਪਿਤ ਕੀਤੀ ਸੀ, ਜਿਸ ਨੂੰ ਦੁਨੀਆ ਵਿਚ ਮਹਾਨ ਰੂਸੀ ਇਨਕਲਾਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਕਾਮਰੇਡ ਲੈਨਿਨ ਦੀ ਅਗਵਾਈ ਵਿੱਚ ਰੂਸੀ ਇਨਕਲਾਬ ਨੇ ਸਮੁੱਚੇ ਸਾਮਰਾਜਵਾਦੀ ਅਤੇ ਪੂੰਜੀਵਾਦੀ ਲਾਣੇ ਦੀ ਨੀਂਹ ਹਰਾਮ ਕਰ ਦਿੱਤੀ ਸੀ।ਮਜ਼ਦੂਰ ਜਮਾਤ ਦੇ ਇਸ ਮਹਾਨ ਆਗੂ ਦੇ ਜਨਮ ਦਿਨ ਸਮੇਂ 22 ਅਪ੍ਰੈਲ 1969 ਨੂੰ ਕਲਕੱਤੇ ਦੇ ਗਾਂਧੀ ਮੈਦਾਨ ਵਿੱਚ ਸੀਪੀਆਈਐਮਐਲ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਭਾਰਤ ਦੇਸ਼ ਵਿੱਚ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਕਮਿਊਨਿਸਟ ਸੱਤਾ ਹੀ ਕਰ ਸਕਦੀ ਹੈ, ਕਿਉਂਕਿ ਮੋਦੀ ਸਰਕਾਰ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਦੇਸ਼ ਦੇ ਲੋਕਾਂ ਨੂੰ ਫਿਰਕਾਪ੍ਰਸਤੀ ਅਧਾਰਤ ਵੰਡ ਰਹੀ ਹੈ ਅਤੇ ਸਾਮਰਾਜਵਾਦ ਖਾਸ ਕਰ ਅਮਰੀਕੀ ਸਾਮਰਾਜ ਅੱਗੇ ਪੂਰੀ ਤਰ੍ਹਾਂ ਗੋਡੇ ਟੇਕ ਚੁੱਕੀ ਹੈ।ਇੱਕ ਮਤੇ ਰਾਹੀਂ ਮੰਗ ਕੀਤੀ ਗਈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਈਰਾਨ ਵਿਰੋਧੀ ਜੰਗ ਨੂੰ ਫੌਰੀ ਬੰਦ ਕਰੇ। ਸਮਾਗਮ ਵਿੱਚ ਪ੍ਰੇਮ ਮਸੀਹ ਸੋਨਾ, ਗਮਦੀਪ ਪਿੰਡੀ, ਜੋਗਿੰਦਰ ਪਾਲ ਲੇਹਲ, ਨਿਰਮਲ ਸਿੰਘ ਛੱਜਲਵੱਡੀ, ਸੁਖਦੇਵ ਸਿੰਘ ਸਿਗਾਪੁਰ, ਰਾਜੂ ਬਟਾਲਾ, ਜੀਤ ਲਾਲ ਬਟਾਲਾ, ਬੰਟੀ ਰੰਗੜਵਾਲਾ, ਕੁਲਵੰਤ ਰਾਮਦੀਵਾਲੀ, ਸੁਰਜੀਤ ਸ਼ੰਕਰਪੁਰਾ, ਬਸ਼ੀਰ ਗਿੱਲ ਅਤੇ ਬਚਨ ਸਿੰਘ ਥੋਪਾ ਰਾਏ ਹਾਜ਼ਰ ਸਨ

# ਦਿ ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਨੇ ਡੀਸੀ ਨੂੰ ਮੰਗ ਪੱਤਰ ਸੌਂਪਿਆ



ਪੱਟੀ, (ਬਲਦੇਵ ਸਿੰਘ ਸੰਧੂ)-ਆਲ ਇੰਡੀਆ ਸਟੇਟ ਗਵਰਨਮੈਂਟ ਪੈਨਸ਼ਨਰ ਫੈੱਡਰੇਸ਼ਨ ਦੇ ਸੱਦੇ ਤੇ ਜ਼ਿਲ੍ਹਾ ਤਰਨ ਤਾਰਨ ਦੀ ਪੈਨਸ਼ਨਰ ਜਥੇਬੰਦੀ ਵੱਲੋਂ ਪੈਨਸ਼ਨਰ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਸਬੰਧੀ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇ ਕੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਡੀਸੀ ਤਰਨ ਤਾਰਨ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਪਹੁੰਚਾਉਣ ਲਈ ਬੇਨਤੀ ਕੀਤੀ। ਡੀਸੀ ਨੇ ਵਫਦ ਨੂੰ ਬੜੇ ਸਨਮਾਨ ਨਾਲ ਸੁਣਿਆ ਅਤੇ ਵਿਸ਼ਵਾਸ ਦਵਾਇਆ ਕਿ ਮੰਗ ਪੱਤਰ ਪ੍ਰਧਾਨ ਮੰਤਰੀ ਤੱਕ ਪਹੁੰਚਾ ਦਿੱਤਾ ਜਾਵੇਗਾ। ਵਫਦ ਵਿੱਚ ਪੱਟੀ ਖਡੂਰ ਸਾਹਿਬ ਤਰਨ ਤਾਰਨ ਤੋਂ ਪੈਨਸ਼ਨਰ ਸ਼ਾਮਲ ਹੋਏ ਜਿਨ੍ਹਾਂ ਵਿੱਚ ਸੂਬਾ ਕਮੇਟੀ ਮੈਂਬਰ ਜਗਤਾਰ ਸਿੰਘ ਆਸਲ, ਗੋਪਾਲ ਸਿੰਘ, ਹਰਜਿੰਦਰ ਸਿੰਘ ਜੰਡ, ਬੀਰ ਮਸੀਹ, ਮਨਜੀਤ ਸਿੰਘ, ਗੁਰਮੀਤ ਸਿੰਘ ਮਾਨ, ਜਸਵੰਤ ਸਿੰਘ, ਗੁਰਨਾਮ ਸਿੰਘ, ਗੁਰਦੀਪ ਸਿੰਘ ਪਟਵਾਰੀ, ਧਰਮ ਸਿੰਘ ਪੱਟੀ, ਗੁਰਦੇਵ ਸਿੰਘ ਸੰਧੂ, ਚੇਅਰਮੈਨ ਤਜਿੰਦਰ ਸਿੰਘ ਕੱਲ੍ਹਾ, ਬਲਦੇਵ ਸਿੰਘ ਤਰਨ ਤਾਰਨ, ਦਵਿੰਦਰ ਸਿੰਘ ਬਿੱਟੂ, ਦਰਸ਼ਨ ਸਿੰਘ ਪਟਵਾਰੀ, ਜੋਰਾਵਰ ਸਿੰਘ, ਰਾਮ ਪ੍ਰਕਾਸ਼, ਸੰਤੋਸ਼ ਕੁਮਾਰ, ਅਵਤਾਰ ਸਿੰਘ, ਬਖਸ਼ੀਸ਼ ਸਿੰਘ ਜਵੰਧਾ ਅਤੇ ਦਵਿੰਦਰ ਸਿੰਘ ਗਰੇਵਾਲ ਹਾਜ਼ਰ ਸਨ।

# ਕਟਾਰੂਚੱਕ ਨੇ ਗੁਰਦਾਸਪੁਰ ਦਾਣਾ ਮੰਡੀ 'ਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ ਗੁਰਦਾਸਪੁਰ ਦਾਣਾ ਮੰਡੀ ਵਿਖੇ ਪਹੁੰਚੇ ਅਤੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਮੌਕੇ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ, ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ, ਅਨੁਪ੍ਰੀਤ ਕੌਰ ਐੱਸਡੀਐੱਮ ਗੁਰਦਾਸਪੁਰ, ਭਾਰਤ ਭੂਸ਼ਣ ਸ਼ਰਮਾ ਚੇਅਰਮੈਨ ਮਾਰਕਿਟ ਕਮੇਟੀ ਗੁਰਦਾਸਪੁਰ ਅਤੇ ਰਜਨੀਸ਼ ਕੌਰ ਡਿਪਟੀ ਡਾਇਰੈਕਟਰ ਖੁਰਾਕ ਅਤੇ ਸਪਲਾਈ ਵਿਭਾਗ ਵੀ ਮੌਜੂਦ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਹੁਣ ਤੱਕ 61 ਲੱਖ ਮੀਟਰਕ ਟਨ ਫਸਲ ਮੰਡੀਆਂ ਵਿੱਚ ਪਹੁੰਚੀ ਹੈ, ਜਿਸ ਵਿੱਚੋਂ 57 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਅਤੇ 7109 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਬੀਤੇ ਕੱਲ੍ਹ ਰਿਕਾਰਡ 12 ਲੱਖ ਮੀਟਰਕ ਟਨ ਫਸਲ ਮੰਡੀਆਂ ਵਿੱਚ ਪਹੁੰਚੀ ਸੀ।ਉਨ੍ਹਾਂ ਕਿਹਾ ਕਿ ਇਸ ਸੀਜ਼ਨ ਵਿੱਚ ਸੂਬੇ ਦਾ 122 ਲੱਖ ਮੀਟ੍ਰਿਕ ਟਨ ਕਣਕ ਖਰੀਦ ਕਰਨ ਦਾ ਟੀਚਾ ਹੈ।ਇਸ ਮੌਕੇ ਕੈਬਨਿਟ ਮੰਤਰੀ ਨੇ ਮੰਡੀਆਂ ਵਿੱਚ ਬਾਰਦਾਨੇ ਦੀ ਉਪਲੱਬਧਤਾ, ਲਿਫਟਿੰਗ, ਸਾਫ਼-ਸਫਾਈ ਅਤੇ ਕਿਸਾਨਾਂ ਲਈ ਪੀਣ ਵਾਲੇ ਪਾਣੀ, ਛਾਂ ਆਦਿ ਦੇ ਪ੍ਰਬੰਧਾਂ ਦਾ ਵੀ ਨਿਰੀਖਣ ਕੀਤਾ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ ਅਤੇ ਲਿਫਟਿੰਗ ਦਾ ਕੰਮ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾਵੇ।ਦੱਸਣਯੋਗ ਹੈ ਗੁਰਦਾਸਪੁਰ ਜ਼ਿਲ੍ਹੇ ਅੰਦਰ 1 ਲੱਖ 69 ਹਜ਼ਾਰ 195 ਮੀਟਰਕ ਟਨ ਫਸਲ ਦੀ ਖਰੀਦ (21 ਅਪ੍ਰੈਲ ਤੱਕ) ਕੀਤੀ ਜਾ ਚੁੱਕੀ ਹੈ ਅਤੇ ਕਿਸਾਨਾਂ ਨੂੰ 267 ਕਰੋੜ 60 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਇਸ ਮੌਕੇ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਅਮਨਜੋਤ ਸਿੰਘ ਡੀ. ਐੱਫ. ਐੱਸ. ਸੀ. ਗੁਰਦਾਸਪੁਰ, ਜਸਵਿੰਦਰ ਸਿੰਘ ਜ਼ਿਲ੍ਹਾ ਮੰਡੀ ਅਫਸਰ, ਵਿਜੇ ਕੁਮਾਰ ਡੀ. ਡੀ. ਐੱਮ, ਗਗਨ ਮਹਾਜਨ, ਵਪਾਰ ਮੰਡਲ ਦੇ ਪਰਧਾਨ ਅਸ਼ਵਨੀ ਮਹਾਜਨ, ਹਿਤੇਸ਼ ਮਹਾਜਨ ਅਤੇ ਕਿਸਾਨ, ਮਜ਼ਦੂਰ ਅਤੇ ਆੜ੍ਹਤੀ ਹਾਜ਼ਰ ਸਨ।

## ਕੌਮਾਂਤਰੀ ਮਜ਼ਦੂਰ ਦਿਵਸ ਮਨਾਉਣ ਦਾ ਫ਼ੈਸਲਾ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਸੀਟੂ ਦੇ ਜ਼ਿਲ੍ਹਾ ਦਫਤਰ ਅੰਮ੍ਰਿਤਸਰ ਵਿਚ ਅਹੁਦੇਦਾਰਾਂ ਨੇ ਮੀਟਿੰਗ ਕਰਕੇ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਚੱਪੜੀ ਰੋਡ, ਫੈਜ਼ਗੰਜ ਵਿਖੇ ਮਨਾਉਣ ਦਾ ਫ਼ੈਸਲਾ ਲਿਆ। ਮੀਟਿੰਗ ਤੋਂ ਬਾਅਦ ਸੀਟੂ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਕੌਮਾਂਤਰੀ ਮਜ਼ਦੂਰ ਦਿਵਸ ਬੜੇ ਉਤਸ਼ਾਹ ਨਾਲ ਸਰਕਾਰ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇਗਾ, ਕਿਉਂਕਿ ਕੇਂਦਰ ਸਰਕਾਰ ਨੇ ਚਾਰ ਲੇਬਰ ਕੋਡ ਲਾਗੂ ਕਰਕੇ 8 ਘੰਟੇ ਦੀ ਦਿਹਾੜੀ 12 ਘੰਟੇ ਡਿਊਟੀ ਕਰਕੇ ਮਜ਼ਦੂਰਾਂ ਦੀਆਂ ਛੁੱਟੀਆਂ ਤੇ ਬੋਨਸ ਬੰਦ ਕਰ ਦਿੱਤਾ ਹੈ। ਮਜ਼ਦੂਰਾਂ ਨੂੰ ਮਾਲਕਾਂ ਦੇ ਰਹਿਮ ਕਰਮ 'ਤੇ ਛੱਡ ਦਿੱਤਾ ਗਿਆ। ਇਸ ਲਈ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਵਿਚਾਰ ਚਰਚਾ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਮੀਟਿੰਗ ਵਿਚ ਚਰਨਜੀਤ ਮਜੀਠਾ, ਕਿਰਪਾ ਰਾਮ, ਸਵਿੰਦਰ ਸਿੰਘ ਮੀਰਾਂਕੋਟ, ਵਿਜੇ ਕੁਮਾਰ, ਜਸਪਾਲ ਸ਼ਰਮਾ ਅਤੇ ਮਜ਼ਦੂਰ ਆਦਿ ਹਾਜ਼ਰ ਸਨ।

## 29 ਮਈ ਦੀ ਜਲੰਧਰ ਰੈਲੀ ਵਿਸ਼ਾਲ ਤੇ ਇਤਿਹਾਸਕ ਹੋਵੇਗੀ:ਸੇਖੋਂ



ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਵਿਖੇ ਸੀ ਪੀ ਆਈ ਐੱਮ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕਾਮਰੇਡ ਅਵਿਨਾਸ਼ ਸੈਣੀ ਦੀ ਪ੍ਰਧਾਨਗੀ ਹੇਠ ਪਾਰਟੀ ਦਫਤਰ ਗਾਂਧੀ ਚੌਂਕ ਵਿਖੇ ਹੋਈ, ਜਿਸ ਵਿਚ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਉਚੇਚੇ ਤੌਰ 'ਤੇ ਪਹੁੰਚੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਆਪਣੀਆ ਮੰਗਾਂ ਦੇ ਹੱਕ ਵਿੱਚ ਕੀਤੀ ਜਾ ਰਹੀ ਰੈਲੀ ਇਤਿਹਾਸਕ ਹੋਵੇਗੀ।ਮਨਰੇਗਾ ਦਾ ਨਾਂ ਬਦਲ ਕੇ ਲਿਆਂਦਾ ਨਵਾਂ ਕਾਨੂੰਨ ਮਜ਼ਦੂਰਾਂ ਕੋਲੋਂ ਕੰਮ ਦੀ ਗਰੰਟੀ ਖਤਮ ਕਰ ਦੇਵੇਗਾ।ਬਿਜਲੀ ਬਿੱਲ 2025 ਮਜ਼ਦੂਰਾਂ ਕਿਸਾਨਾਂ ਦੀਆਂ ਸਹੂਲਤਾਂ ਅਤੇ ਸਬਸਿਡੀਆਂ ਖਤਮ ਕਰ ਦੇਵੇਗਾ।ਬੀਜ ਬਿੱਲ ਕਿਸਾਨਾਂ ਦੇ ਬੀਜ ਦੇ ਹੱਕ ਨੂੰ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇ ਦੇਵੇਗਾ।ਮਜ਼ਦੂਰਾਂ ਦਾ ਲਿਆਂਦਾ ਕੋਡ ਬਿੱਲ ਮਜ਼ਦੂਰਾਂ ਦੇ ਹੱਕ ਦੀ ਰਾਖੀ ਨਹੀਂ ਕਰਦਾ। 12 ਘੰਟੇ ਦੀ ਦਿਹਾੜੀ ਕਰਨੀ ਮਜ਼ਦੂਰਾਂ ਮਜ਼ਦੂਰ ਵਾਸਤੇ ਮੁਸ਼ਕਲ ਹੈ।ਘੱਟੋ-ਘੱਟ ਮਜ਼ਦੂਰੀ ਅਤੇ 8 ਘੰਟੇ ਦੀ ਦਿਹਾੜੀ ਲਈ ਲੜ ਦੇ ਮਜ਼ਦੂਰਾਂ ਤੇ ਲਾਠੀਚਾਰਜ ਅਤੇ ਗ੍ਰਿਫਤਾਰੀਆਂ ਕੇਂਦਰ ਸਰਕਾਰ ਦੇ ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ ਹੋਣ ਦਾ ਸਬੂਤ ਹੈ।ਇਸ ਲਈ ਸਰਕਾਰ ਦਾ ਇਨ੍ਹਾਂ ਨੀਤੀਆਂ ਕਰਕੇ ਵਿਰੋਧ ਕਰਨ ਲਈ 29 ਮਈ ਦੀ ਜਲੰਧਰ ਰੈਲੀ ਵਿਚ ਪਹੁੰਚੋ।ਸਕੱਤਰ ਸਹਿਗਲ ਨੇ ਲੱਗੇ ਕੋਟੇ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਜਲੰਧਰ ਰੈਲੀ ਵਿੱਚ ਘੱਟੋ-ਘੱਟ 100 ਸਾਥੀ ਸ਼ਾਮਲ ਹੋਣਗੇ।ਇਸ ਵੇਲੇ ਅਵਿਨਾਸ਼ ਸੈਣੀ, ਪਰਸ਼ੋਤਮ ਕੁਮਾਰ, ਬਿਕਰਮਜੀਤ, ਪਰਸ਼ੋਤਮ ਕੁਮਾਰ, ਜਗਦੀਸ਼ ਰਾਜ, ਬਲਵੰਤ ਸਿੰਘ, ਦੇਵੀ ਸੈਣੀ, ਸੁਧਾ ਰਾਣੀ, ਗੁਡੋ ਦੇਵੀ, ਕੇਵਲ ਕਾਲੀਆ ਹਾਜ਼ਰ ਸਨ।

## ਨਿਊ ਮਾਝਾ ਪ੍ਰੈੱਸ ਕਲੱਬ (ਪੰਜਾਬ) ਦੇ ਅਹੁਦੇਦਾਰਾਂ ਦੀ ਚੋਣ

### * ਬੱਲੀ ਰੰਧਾਵਾ ਨੂੰ ਮੁੜ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੀ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਨਿਊ ਮਾਝਾ ਪ੍ਰੈੱਸ ਕਲੱਬ (ਪੰਜਾਬ) ਦੇ ਸਮੂਹ ਮੈਂਬਰਾਂ ਦੀ ਬੀਤੀਂ ਦਿਨੀਂ ਹੋਈ ਮੀਟਿੰਗ ਦੌਰਾਨ ਪ੍ਰੈੱਸ ਕਲੱਬ ਦੀ ਅਹੁਦੇਦਾਰਾਂ ਦੀ ਦੁਬਾਰਾ ਚੋਣ ਨੂੰ ਲੈ ਕੇ ਵਿਚਾਰ ਵਿਦਾਂਦਰਾ ਕੀਤਾ ਗਿਆ,ਜਿਸ ਤੋਂ ਬਾਅਦ ਆਪਸੀ ਸਰਬਸੰਤੀ ਨਾਲ ਬਲਜਿੰਦਰ ਸਿੰਘ ਬੱਲੀ ਰੰਧਾਵਾ ਨੂੰ ਮੁੜ ਤੋਂ ਪ੍ਰਧਾਨ ਚੁਣਿਆ ਗਿਆ ਤੇ ਇਸਦੇ ਨਾਲ ਹੀ ਬਾਕੀ ਅਹੁਦਿਆਂ ਲਈ ਕੁਝ ਨਵੇਂ ਮੈਂਬਰਾਂ ਦੀ ਚੋਣ ਕੀਤੀ ਗਈ ਤੇ ਬਾਕੀ ਪਹਿਲੇ ਅਹੁੱਦੇਦਾਰਾਂ ਨੂੰ ਹੀ ਦੁਬਾਰਾ ਜ਼ਿੰਮੇਵਾਰੀ ਸੌਂਪੀ ਗਈ।ਕਲੱਬ ਦੇ ਸਰਪ੍ਰਸਤ ਜਗਦੀਸ਼ ਸਿੰਘ ਬਮਰਾਹ, ਮੀਤ ਪ੍ਰਧਾਨ ਸਤਨਾਮ ਸਿੰਘ ਜੱਜ, ਜਨਰਲ ਸਕੱਤਰ ਜੋਗਿੰਦਰ ਸਿੰਘ ਮਾਣਾ ਤੇ ਖਜ਼ਾਨਚੀ ਦਵਿੰਦਰ ਸਿੰਘ ਰੰਧਾਵਾ ਪਹਿਲਾਂ ਵਾਂਗ ਹੀ ਅਹੁਦੇ 'ਤੇ ਬਣੇ ਰਹੇ ਜਦਕਿ ਨਵੀਂ ਨਿਯੁਕਤੀਆਂ 'ਚ ਨਿਰਮਲ ਸਿੰਘ ਭੋਮਾ ਦੀ ਚੇਅਰਮੈਨ, ਜਤਿੰਦਰਪਾਲ ਸਿੰਘ ਦੀ ਮੀਤ ਪ੍ਰਧਾਨ, ਰਾਜਵਿੰਦਰ ਸਿੰਘ ਦੀ ਮੀਡੀਆ ਸਲਾਹਕਾਰ ਤੇ ਕਰਮਜੀਤ ਸਿੰਘ ਲਾਲੀ ਦੀ ਪ੍ਰੈੱਸ ਸਕੱਤਰ ਵਜੋਂ ਚੋਣ ਕੀਤੀ ਗਈ।ਇਸ ਮੌਕੇ ਪ੍ਰਧਾਨ ਬਲਜਿੰਦਰ ਸਿੰਘ ਬੱਲੀ ਰੰਧਾਵਾ ਨੇ ਕਿਹਾ ਕਿ ਅਜੋਕੇ ਸਮੇਂ ਪੱਤਰਕਾਰੀ ਨਾਲ ਜੁੜੇ ਵਿਅਕਤੀਆਂ ਨੂੰ ਫੀਲਡ 'ਚ ਕੰਮ ਕਰਨ 'ਚ ਬਹੁਤ ਸਾਰੀਆਂ ਮੁਸ਼ਕਲਾਂ ਦਰਪੇਸ਼ ਆ ਰਹੀਆਂ ਹਨ, ਜਿਸ ਲਈ ਸਰਕਾਰ ਨੂੰ ਪੱਤਰਕਾਰੀ ਖੇਤਰ 'ਚ ਕੰਮ ਕਰਦੇ ਭਾਈਚਾਰੇ ਦੀ ਸਾਰ ਲੈਣੀ ਚਾਹੀਦੀ ਹੈ ਤੇ ਪੱਤਰਕਾਰਾਂ ਦੀ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਚਾਹੀਦਾ ਹੈ।ਇਸ ਮੌਕੇ ਡਾ. ਦਲਜੀਤ ਸਿੰਘ, ਗੁਰਮੀਤ ਸਿੰਘ ਲੱਕੀ ਸਦਾਰੰਗ, ਬਲਰਾਜ ਸਿੰਘ ਰਾਜਾ, ਉਪਕਾਰ ਦੀਪ ਸਿੰਘ ਬੱਲ, ਵਰਿੰਦਰ ਸਿੰਘ ਬਾਊ,ਪਰਮਜੀਤ ਸਿੰਘ, ਰਾਹੁਲ, ਅਮਰੀਕ ਸਿੰਘ, ਸੰਦੀਪ ਸਿੰਘ ਸਹੋਤਾ, ਤਰਸੇਮ ਸਿੰਘ ਤੇ ਰਣਜੀਤ ਸਿੰਘ ਰਾਜਾ ਆਦਿ ਕਲੱਬ ਮੈਂਬਰ ਮੌਜੂਦ ਸਨ।

## ਕਾਰਪੋਰੇਸ਼ਨ ਚੋਣਾਂ ਨੂੰ ਲੈ ਕੇ ਸਰਕਾਰ ਕਰ ਰਹੀ ਹੈ ਧੱਕੇਸ਼ਾਹੀ: ਹੀਰਾ ਵਾਲੀਆ



ਬਟਾਲਾ (ਤਰਲੋਕ ਬੱਗਾ)-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਵਾਲੀਆ ਦੀ ਪ੍ਰਧਾਨਗੀ ਹੇਠ ਮੀਟਿੰਗ ਬੁਲਾਈ ਗਈ ਜਿਸ ਵਿਚ ਆਉਣ ਵਾਲੀਆਂ ਕਾਰਪੋਰੇਸ਼ਨਾਂ ਚੋਣਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਵਾਲੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਰੇਆਮ ਧੱਕੇਸ਼ਾਹੀ ਕੀਤਾ ਜਾ ਰਹੀ ਹੈ।

ਬਟਾਲਾ ਦੇ ਕਾਰਪੋਰੇਸ਼ਨ ਕਮਿਸ਼ਨਰ ਦੇ ਦਫਤਰ ਵਿੱਚ ਆਪਣੀ ਟੀਮ ਨਾਲ ਜਾ ਕੇ ਉਨ੍ਹਾਂ ਪੁੱਛਿਆ ਕਿ ਜੋ ਸੋਸ਼ਲ ਮੀਡੀਆ 'ਤੇ ਲਿਸਟ ਅ ਰਹੀ ਹੈ ਕੀ ਉਹ ਲਿਸਟ ਠੀਕ ਹੈ ਪਰ ਕਮਿਸ਼ਨਰ ਸਾਹਿਬ ਦਾ ਜਵਾਬ ਸੀ ਕਿ ਸਾਨੂੰ ਇਸ ਲਿਸਟ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ। ਇਹ ਲਿਸਟ ਠੀਕ ਵੀ ਹੋ ਸਕਦੀ ਹੈ ਅਤੇ ਨਹੀਂ ਵੀ। ਜਦੋਂ ਅਸੀਂ ਵੋਟਰ ਲਿਸਟਾਂ ਦੀ ਡਿਮਾਂਡ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸਾਨੂੰ ਲਿਸਟਾਂ ਬਾਰੇ ਕੋਈ ਵੀ ਜਾਣਕਾਰੀ ਨਹੀਂ, ਲਿਸਟਾਂ ਤੁਹਾਨੂੰ ਐੱਸਡੀਐੱਮ ਦਫਤਰ ਤੋਂ ਹੀ ਮਿਲਣੀਆਂ ਹਨ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਲੀਡਰ ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਸਰਕਾਰ ਦੀ ਧੱਕੇਸ਼ਾਹੀ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਏਗੀ। ਇਸ ਮੌਕੇ ਜਨਰਲ ਸੈਕਟਰੀ ਰੋਸ਼ਨ ਲਾਲ, ਵਾਈਸ ਪ੍ਰਧਾਨ ਸ਼ਕਤੀ ਸ਼ਰਮਾ, ਮੈਂਬਰ ਭੂਸ਼ਣ ਬਜਾਜ, ਵਾਈਸ ਪ੍ਰਧਾਨ ਪੰਕਜ ਸ਼ਰਮਾ, ਪੰਕਜ ਮਹਾਜਨ, ਆਸ਼ੂ ਹਾਂਡਾ, ਗੁਰਿੰਦਰਪਾਲ ਸਿੰਘ, ਸਿਟੀ ਦੇ ਸਰਕਲ ਪ੍ਰਧਾਨ ਬਲਵਿੰਦਰ ਕੁਮਾਰ, ਸਿਵਿਲ ਲਾਈਨ ਸਰਕਲ ਪ੍ਰਧਾਨ ਦੀਪਕ ਜੋਸ਼ੀ ਆਦਿ ਹਾਜ਼ਰ ਸਨ

## ਰਿੰਕੂ ਨਰੂਲਾ ਵੱਲੋਂ ਕਾਂਗਰਸੀ ਕਾਰਕੁਨਾਂ ਨੂੰ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਵਿਧਾਨ ਸਭਾ ਹਲਕਾ ਦੱਖਣੀ ਦੇ ਵਾਰਡ ਨੰਬਰ 49, ਗਲੀ ਕ੍ਰਿਸ਼ਨਾ, ਨਮਕ ਮੰਡੀ ਵਿੱਚ ਇੱਕ ਆਤਮਿਕ ਮਿਲਣ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਮੁੱਖ ਸੇਵਾਦਾਰ ਅਤੇ ਸਾਬਕਾ ਪਾਰਸ਼ਦ ਜਗਦੀਪ ਸਿੰਘ ਰਿੰਕੂ ਨਰੂਲਾ ਆਪਣੇ ਸਮਰਥਕ ਰਾਕੇਸ਼ ਕਪੂਰ ਦੇ ਨਿਵਾਸ ਸਥਾਨ ਤੇ ਪਹੁੰਚੇ, ਜਿੱਥੇ ਉਨ੍ਹਾਂ ਸਾਥੀਆਂ ਨਾਲ ਸੰਗਠਨ ਨੂੰ ਮਜ਼ਬੂਤ ਕਰਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਰਿੰਕੂ ਨਰੂਲਾ ਨੇ ਇਸ ਮੌਕੇ ਮੌਜੂਦ ਕਾਰਕੁਨਾਂ ਅਤੇ ਸਥਾਨਕ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਜੜਾਂ ਹਮੇਸ਼ਾ ਲੋਕਾਂ ਵਿੱਚ ਰਹੀਆਂ ਹਨ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਕਾਰਕੁਨ ਨੂੰ ਸਰਗਰਮ ਭੂਮਿਕਾ ਨਿਭਾਉਣੀ ਹੋਵੇਗੀ।

ਉਨ੍ਹਾਂ ਨੇ ਮਿਸ਼ਨ 2027 ਤਹਿਤ ਜ਼ਮੀਨੀ ਪੱਧਰ 'ਤੇ ਕੰਮ ਕਰਨ, ਲੋਕਾਂ ਦੇ ਵਿਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਸੱਦਾ ਦਿੱਤਾ।ਸਮਾਗਮ ਵਿੱਚ ਹਰੀਸ਼ ਸ਼ਰਮਾ (ਪੇਂਟ ਵਾਲੇ), ਰਿਸ਼ੀ ਕਪੂਰ, ਰਾਹੁਲ ਮਲਹੋਤਰਾ, ਅਭਿਸ਼ੇਕ ਸ਼ਰਮਾ, ਵਿਜੈ ਕੁਮਾਰ ਅਤੇ ਅਜੈ ਕਪੂਰ ਖਾਸ ਤੌਰ 'ਤੇ ਮੌਜੂਦ ਰਹੇ।ਸਭ ਨੇ ਇਕਜੁੱਟ ਹੋ ਕੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਕਾਮਯਾਬੀ ਹਾਸਲ ਕਰਨ ਦਾ ਸੰਕਲਪ ਲਿਆ।

# ਬੀ ਐੱਸ ਐੱਫ ਵੱਲੋਂ ਨਸ਼ਾ ਰੋਕੂ ਜਾਗਰੂਕਤਾ ਅਤੇ ਸੱਭਿਆਚਾਰਕ ਪ੍ਰੋਗਰਾਮ ਦੀ ਪਹਿਲਕਦਮੀ



ਗੁਰਦਾਸਪੁਰ, (ਜਨਕ ਮਹਾਜਨ)-ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਬੀਐੱਸਐੱਫ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਨਸ਼ਾ ਰੋਕਥਾਮ ਜਾਗਰੂਕਤਾ ਅਤੇ ਸੱਭਿਆਚਾਰਕ ਪ੍ਰੋਗਰਾਮ ਬੜੀ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।ਪ੍ਰੋਗਰਾਮ ਦਾ ਆਗਾਜ਼ ਕਾਲਜ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਕੀਤਾ ਗਿਆ, ਜਿਸ ਨੇ ਸਾਰੇ ਮਾਹੌਲ ਨੂੰ ਅਧਿਆਤਮਿਕ ਅਤੇ ਪ੍ਰੇਰਨਾਦਾਇਕ ਰੰਗ ਵਿੱਚ ਰੰਗ ਦਿੱਤਾ।ਇਸ ਤੋਂ ਬਾਅਦ ਬੀ.ਐੱਸ.ਐੱਫ. ਵੱਲੋਂ ਨਸ਼ਿਆਂ ਵਿਰੁੱਧ ਨਾਟਕ ਅਤੇ ਗੀਤ ਪੇਸ਼ ਕੀਤੇ ਗਏ। ਇਸ ਮੌਕੇ ਦੇ ਮੁੱਖ ਮਹਿਮਾਨ ਬੀਐੱਸਐੱਫ ਦੇ ਡੀਆਈਜੀ ਸ੍ਰੀ ਜੇ. ਕੇ. ਬਿਰਦੀ ਅਤੇ ਉਨ੍ਹਾਂ ਦੀ ਧਰਮਪਤਨੀ ਸਨ।ਇਸ ਦੇ ਨਾਲ ਹੀ ਕਮਾਂਡੈਂਟ ਸੰਜੀਵ ਕੁਮਾਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਆਪਣੇ ਸੰਬੋਧਨ ਵਿੱਚ ਡੀਆਈਜੀ ਬਿਰਦੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਿਆਂ ਤੋਂ ਦੂਰ ਰਹਿਣਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣਾ ਹਰ ਨੌਜਵਾਨ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਨੇ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਵੱਲ ਪ੍ਰੇਰਿਤ ਕਰਦੇ ਹੋਏ ਬੀਐੱਸਐੱਫ ਵਿੱਚ ਰੁਜ਼ਗਾਰ ਦੇ ਮੌਕਿਆਂ ਬਾਰੇ ਵੀ ਜਾਣਕਾਰੀ ਦਿੱਤੀ।ਪ੍ਰੋਗਰਾਮ ਦੌਰਾਨ ਕਾਲਜ ਦੇ ਲਗਭਗ 1500 ਵਿਦਿਆਰਥੀਆਂ ਨੇ ਭਰੂਣ ਹੱਤਿਆ ਅਤੇ ਨਸ਼ਿਆਂ ਵਿਰੁੱਧ ਨਾਟਕਾਂ ਦਾ ਆਨੰਦ ਮਾਣਿਆ।ਇਸ ਤੋਂ ਇਲਾਵਾ ਭੰਗੜਾ ਅਤੇ ਗਿੱਧਾ ਵਰਗੀਆਂ ਲੋਕ ਨ੍ਰਿਤ ਪ੍ਰਸਤੁਤੀਆਂ ਨੇ ਪ੍ਰੋਗਰਾਮ ਵਿੱਚ ਖਾਸ ਰੌਣਕ ਪੈਦਾ ਕੀਤੀ।ਪ੍ਰਸਿੱਧ ਗਾਇਕ ਪ੍ਰਿੰਸ ਬਾਵਾ ਨੇ ਆਪਣੇ ਲੋਕ ਗੀਤਾਂ ਰਾਹੀਂ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ ਅਤੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।ਬੀਐੱਸਐੱਫ ਵੱਲੋਂ ਹਥਿਆਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਭੱਲਾ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਸਮਾਜ ਦੀ ਸਥਾਪਨਾ ਲਈ ਅੱਗੇ ਆਉਣ ਦਾ ਸੰਦੇਸ਼ ਦਿੱਤਾ।ਇਸ ਮੌਕੇ ਵਿਦਿਆਰਥੀਆਂ ਨੇ ਇਕਜੁੱਟ ਹੋ ਕੇ ਇਹ ਪ੍ਰਣ ਲਿਆ ਕਿ ਉਹ ਤਿੰਨ ਮਹੀਨਿਆਂ ਦੇ ਅੰਦਰ ਆਪਣੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਉਣਗੇ ਅਤੇ ਪ੍ਰਸ਼ਾਸਨ ਦਾ ਪੂਰਾ ਸਾਥ ਦੇਣਗੇ।ਇਹ ਪ੍ਰੋਗਰਾਮ ਨੌਜਵਾਨਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਸਮਾਜ ਨੂੰ ਸਿਹਤਮੰਦ ਦਿਸ਼ਾ ਵੱਲ ਲਿਜਾਣ ਲਈ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

# ਸਰੀਰਕ ਪੱਖੋਂ ਕਮਜ਼ੋਰ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਲਈ ਲਾਇਆ ਜਾਗਰੂਕਤਾ ਕੈਂਪ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਵਿਖੇ ਪੈਰਾ ਪੰਜਾਬ ਬੋਸੀਆ ਐਸੋਸੀਏਸ਼ਨ, ਐਂਡ ਬੋਸੀਆ ਸਪੋਰਟਸ ਫੈਡਰੇਸ਼ਨ ਵੱਲੋਂ ਨੌਜਵਾਨ ਕੋਚ ਸਿਮਰਨਜੀਤ ਕੌਰ ਰੰਧਾਵਾ ਦੇ ਯਤਨਾਂ ਸਦਕਾ ਸਰੀਰਕ ਪੱਖੋਂ ਕਮਜ਼ੋਰ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਲਈ ਪੰਜਾਬ ਬੋਸੀਆ ਅਵੇਅਰਨੈੱਸ ਕੈਂਪ ਲਗਾਇਆ ਗਿਆ।ਇਸ ਕੈਂਪ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਪੈਰਾ ਪੰਜਾਬ ਬੋਸੀਆ ਦੇ ਜਨਰਲ ਸਕੱਤਰ ਸਮਿੰਦਰ ਸਿੰਘ ਅਤੇ ਪੰਜਾਬ ਪ੍ਰਧਾਨ ਜਸਪ੍ਰੀਤ ਸਿੰਘ ਵੱਲੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੂੰ ਜੀ ਆਇਆਂ ਕਹਿੰਦਿਆਂ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।ਪ੍ਰਧਾਨ ਜਸਪ੍ਰੀਤ ਸਿੰਘ ਤੇ ਜਨਰਲ ਸਕੱਤਰ ਸਮਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇਸ ਸਰਹੱਦੀ ਇਲਾਕੇ ਦੇ ਸਿਹਤ ਪੱਖੋਂ ਕੁਦਰਤੀ ਤੌਰ ਤੇ ਕਮਜ਼ੋਰ ਤੇ ਲੋੜਵੰਦ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਵਾਸਤੇ ਇਹ ਪਹਿਲਾ ਪੰਜਾਬ ਬੋਸੀਆ ਜਾਗਰੂਕ ਕੈਂਪ ਲਗਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਆਸਟਰੇਲੀਆ ਵਿੱਚ ਜੋ ਪੈਰਾ ਖਿਡਾਰੀਆਂ ਦੀਆਂ ਖੇਡਾਂ ਹੋਈਆਂ ਸਨ ਉਨ੍ਹਾਂ ਵਿੱਚ ਪੰਜਾਬ ਦੇ 4 ਖਿਡਾਰੀ ਮੈਡਲ ਲੈ ਕੇ ਆਏ ਸਨ। ਉਨ੍ਹਾਂ ਕਿਹਾ ਕਿ ਅਸੀਂ ਇਸ ਸਰਹੱਦੀ ਇਲਾਕੇ ਦੇ ਬੱਚਿਆਂ ਨੂੰ ਖੇਡਾਂ ਲਈ ਤਿਆਰ ਕਰਨ ਵਾਸਤੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਕੋਲੋਂ ਗਰਾਊਂਡ ਦੀ ਮੰਗ ਕੀਤੀ ਸੀ ਜਿਨ੍ਹਾਂ ਵੱਲੋਂ ਸਾਨੂੰ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਇਸ ਮੌਕੇ ਐਸੋਸੀਏਸ਼ਨ ਵੱਲੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਐੱਸਡੀਐੱਮ ਆਦਿੱਤਿਆ ਸ਼ਰਮਾ ਅਤੇ ਕੈਂਪ ਮੌਕੇ ਪੁੱਜੀਆਂ ਵਿਸ਼ੇਸ਼ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਦਿਤਿਆ ਸ਼ਰਮਾ ਐੱਸਡੀਐੱਮ ਡੇਰਾ ਬਾਬਾ ਨਾਨਕ, ਭਾਈ ਸੁਖਵਿੰਦਰ ਸਿੰਘ ਅਗਵਾਨ , ਡਾ. ਜਤਿੰਦਰ ਸਿੰਘ, ਕੋਚ ਸਿਮਰਨਜੀਤ ਕੌਰ ਰੰਧਾਵਾ, ਸਮਸਨ ਰਾਮ ਐਜੂਕੇਸ਼ਨ ਪ੍ਰੋਜੈਕਟ ਅਜਨਾਲਾ, ਲਖਬੀਰ ਸਿੰਘ ਐੱਮਡੀ ਖਾਲਸਾ ਏਡ, ਦਲਜੀਤ ਸਿੰਘ ਕਾਹਲੋਂ ਖਾਲਸਾ ਏਡ, ਮਨਪ੍ਰੀਤ ਸਿੰਘ ਬਟਾਲਾ ਖਾਲਸਾ ਏਡ, ਪ੍ਰਧਾਨ ਦਵਿੰਦਰ ਸਿੰਘ ਬਰਾੜ, ਗੁਰਜਿੰਦਰ ਸਿੰਘ, ਸ਼ਿਖਾ ਗੁਪਤਾ ਪ੍ਰਧਾਨ ਨਗਰ ਕੌਂਸਲ, ਪ੍ਰਿੰ. ਪਰਮਿੰਦਰ ਸਿੰਘ ਬੇਦੀ, ਆਪ ਆਗੂ ਰਾਜੇਸ਼ ਕੁਮਾਰ ਬਿੱਟਾ, ਕੌਂਸਲਰ ਰਜਤ ਮਰਵਾਹ, ਕੌਂਸਲਰ ਸੁਖਜਿੰਦਰ ਸਿੰਘ ਪੱਖੋਕੇ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕੌਂਸਲਰ ਸਤਪਾਲ ਸ਼ੌਂਕੀ, ਕੌਂਸਲਰ ਬਲਦੇਵ ਰਾਜ ਡਾਇਮੰਡ, ਲੈਕਚਰਾਰ ਰਮੇਸ਼ ਅਵਸਥੀ, ਰਾਜੇਸ਼ ਕੁਮਾਰ ਹਾਂਡਾ ਪ੍ਰਧਾਨ ਸਿਟੀ ਵੈੱਲਫੇਅਰ ਕਲੱਬ ਸਮੇਤ ਵੱਡੀ ਗਿਣਤੀ ਵਿੱਚ ਬੱਚੇ ਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

# ਆਰ. ਡੀ. ਖੋਸਲਾ ਸਕੂਲ 'ਚ ਵਿਦਿਆਰਥੀਆਂ ਨੂੰ ਧਰਤੀ ਤੇ ਵਾਤਾਵਰਣ ਪ੍ਰਤੀ ਕੀਤਾ ਜਾਗਰੂਕ




ਬਟਾਲਾ (ਤਰਲੋਕ ਬੱਗਾ)-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਧਰਤੀ ਦਿਵਸ ਮਨਾਇਆ ਗਿਆ।ਵਿਦਿਆਰਥੀਆਂ ਨੇ ਭਾਸ਼ਣਾਂ ਅਤੇ ਕਵਿਤਾਵਾਂ ਰਾਹੀਂ ਵਾਤਾਵਰਣ ਸੁਰੱਖਿਆ ਦਾ ਸੰਦੇਸ਼ ਦਿੱਤਾ।ਵਿਦਿਆਰਥੀਆਂ ਨੇ ਧਰਤੀ ਦੀ ਮਹੱਤਤਾ, ਪ੍ਰਦੂਸ਼ਣ ਦੀ ਸਮੱਸਿਆ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ 'ਤੇ ਸ਼ਕਤੀਸ਼ਾਲੀ ਭਾਸ਼ਣ ਦਿੱਤੇ।ਇਸ ਮੌਕੇ ਸਲੋਗਨ ਲੇਖਣ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਵਾਰ ਧਰਤੀ ਦਿਵਸ ਦਾ ਥੀਮ ਹੈ 'ਸਾਡੀ ਸ਼ਕਤੀ ਸਾਡਾ ਗ੍ਰਹਿ ਹੈ, ਅਸੀਂ ਮਿਲ ਕੇ ਸੰਵਾਰਨਾ ਤੇ ਬਚਾਉਣਾ ਹੈ।' ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਣ ਸੁਰੱਖਿਆ ਪ੍ਰਤੀ ਸੁਚੇਤ ਰਹਿਣ ਅਤੇ ਧਰਤੀ ਅਤੇ ਵਾਤਾਵਰਣ ਨੂੰ ਬਚਾਉਣ ਲਈ ਆਪਣੇ ਰੋਜ਼ਾਨਾ ਜੀਵਨ ਵਿੱਚ ਛੋਟੇ-ਛੋਟੇ ਯਤਨ ਕਰਨ ਲਈ ਉਤਸ਼ਾਹਿਤ ਕੀਤਾ।

ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਧਰਤੀ ਨੂੰ ਸੁਰੱਖਿਅਤ ਅਤੇ ਸਾਫ਼ ਬਣਾਉਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।ਸਕੂਲ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੈ ਖੋਸਲਾ ਨੇ ਵੀ ਵਿਦਿਆਰਥੀਆਂ ਨੂੰ ਧਰਤੀ ਅਤੇ ਵਾਤਾਵਰਣ ਦੀ ਰੱਖਿਆ ਲਈ ਪ੍ਰੇਰਿਤ ਕੀਤਾ।

ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਰੱਖਿਆ ਲਈ ਪ੍ਰਣ ਲੈਣ ਲਈ ਕਿਹਾ ਗਿਆ।

# ਬਚਪਨ ਤੇ ਏਐੱਚਪੀ ਸਕੂਲ ਅਜਨਾਲਾ 'ਚ ਧਰਤੀ ਦਿਵਸ ਧੂਮਧਾਮ ਨਾਲ ਮਨਾਇਆ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਬਚਪਨ ਅਤੇ ਏਐੱਚਪੀਐੱਸ ਸਕੂਲ ਅਜਨਾਲਾ ਵਿੱਚ ਧਰਤੀ ਦਿਵਸ ਬੜੇ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ ਗਿਆ।ਇਸ ਵਿਸ਼ੇਸ਼ ਮੌਕੇ ਤੇ ਸਕੂਲ ਦੀ ਐੱਮ. ਡੀ. ਸੰਤੋਸ਼ ਕੁਮਾਰੀ, ਪ੍ਰਿੰਸੀਪਲ ਅੰਸ਼ ਬਾਜਾਜ ਅਤੇ ਬਚਪਨ ਸਕੂਲ ਦੀ ਪ੍ਰਿੰਸੀਪਲ ਮੋਨਿਕਾ ਖੋਖਰ ਹਾਜ਼ਰ ਰਹੇ।ਸਮਾਗਮ ਦੀ ਸ਼ੁਰੂਆਤ ਧਰਤੀ ਮਾਤਾ ਨੂੰ ਨਮਨ ਅਤੇ ਪਰਿਆਵਰਨ ਬਚਾਉਣ ਦੇ ਸੰਦੇਸ਼ ਨਾਲ ਕੀਤੀ ਗਈ।

ਪ੍ਰਿੰਸੀਪਲ ਅੰਸ਼ ਬਾਜਾਜ ਨੇ ਬੱਚਿਆਂ ਨੂੰ ਪਾਣੀ ਅਤੇ ਬਿਜਲੀ ਦੀ ਬੱਚਤ ਕਰਨ ਅਤੇ ਸਫ਼ਾਈ ਰੱਖਣ ਲਈ ਪ੍ਰੇਰਿਤ ਕੀਤਾ।ਮੋਨਿਕਾ ਖੋਖਰ ਨੇ ਪਲਾਸਟਿਕ ਦੇ ਘੱਟ ਇਸਤੇਮਾਲ ਅਤੇ ਪਰਿਆਵਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੰਦੇਸ਼ ਦਿੱਤਾ।ਇਸ ਮੌਕੇ ਤੇ ਅਧਿਆਪਕਾਂ ਨਵਰਾਜ, ਅਮਨਦੀਪ, ਸੰਦੀਪ, ਸੁਖਪ੍ਰੀਤ, ਜਗਰੂਪ, ਨਵਜੀਤ, ਜੋਬਨਜੀਤ, ਰਿੰਕੀ, ਗੀਨਾ ਅਤੇ ਪ੍ਰਭਜੀਤ ਨੇ ਸਮਾਗਮ ਦੀ ਸੁਚੱਜੀ ਵਿਵਸਥਾ ਕੀਤੀ ਅਤੇ ਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਲਈ ਤਿਆਰ ਕੀਤਾ।ਵਿਦਿਆਰਥੀਆਂ ਨੇ ਸੁੰਦਰ ਨਾਚ, ਪ੍ਰੇਰਕ ਨਾਟਕ, ਕਵਿਤਾਵਾਂ, ਭਾਸ਼ਣ ਅਤੇ ਪੋਸਟਰ ਮੇਕਿੰਗ ਮੁਕਾਬਲੇ ਪੇਸ਼ ਕੀਤੇ।ਧਰਤੀ ਬਚਾਓ-ਭਵਿੱਖ ਬਚਾਓ ਦੇ ਨਾਅਰੇ ਲਗਾ ਕੇ ਸਾਰਿਆਂ ਨੂੰ ਜਾਗਰੂਕ ਕੀਤਾ।ਸਮਾਗਮ ਦੇ ਅੰਤ ਵਿੱਚ ਰੁੱਖ ਲਗਾ ਕੇ ਧਰਤੀ ਦੀ ਸੁਰੱਖਿਆ ਦਾ ਸੰਕਲਪ ਲਿਆ ਗਿਆ।

# ਤਰਸਪ੍ਰੀਤ ਸਿੰਘ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸਾਬਕਾ ਸਰਪੰਚ ਕਰਨੈਲ ਸਿੰਘ ਦੇ ਪੋਤਰੇ ਅਤੇ ਆਪ ਆਗੂ ਗੁਰਮੁਖ ਸਿੰਘ ਮੋਹਣ ਭੰਡਾਰੀਆਂ ਦੇ ਭਤੀਜੇ ਤਰਸਪ੍ਰੀਤ ਸਿੰਘ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਪਿੰਡ ਮੋਹਣ ਭੰਡਾਰੀਆਂ ਦੇ ਗੁਰਦੁਆਰਾ ਸਾਹਿਬ ਵਿੱਚ ਕਰਵਾਇਆ ਗਿਆ।ਸ਼ਰਧਾਂਜਲੀ ਸਮਾਗਮ ਮੌਕੇ ਬਾਬਾ ਸ਼ਮਸ਼ੇਰ ਸਿੰਘ ਕੋਹਰੀ, ਸਾਂਸਦ ਗੁਰਜੀਤ ਸਿੰਘ ਔਜਲਾ, ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਵੱਲੋਂ ਭੇਜੇ ਸ਼ੋਕ ਸੰਦੇਸ਼ ਪੜ੍ਹੇ ਗਏ।ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਵਿੱਚ ਸਰਵਣ ਸਿੰਘ ਨਿਜਾਮਪੁਰਾ, ਸਾਬਕਾ ਸਰਪੰਚ ਸੁਖਵੰਤ ਸਿੰਘ ਚੇਤਨਪੁਰਾ, ਬਾਬਾ ਸ਼ਮਸ਼ੇਰ ਸਿੰਘ ਕੋਹਰੀ, ਕੁਲਵਿੰਦਰ ਸਿੰਘ ਢੋਟ, ਰਵਿੰਦਰ ਸਿੰਘ ਕੰਗ, ਗੋਪਾਲ ਖੋਸਲਾ ਐਲਆਈਸੀ, ਬਾਬਾ ਬੋਹੜ ਸਿੰਘ ਮਹਿਤਾ, ਪ੍ਰਿਥਵੀ ਜੈਨ ਕਪੂਰਥਲਾ, ਅਸ਼ੋਕ ਮੰਨਣ, ਗਗਨਦੀਪ ਸਿੰਘ ਅੰਮ੍ਰਿਤਸਰ, ਅਮਰਜੀਤ ਸਿੰਘ ਉਦੋਵਾਲੀ ਆਪ ਆਗੂ, ਰਸ਼ਪਾਲ ਸਿੰਘ ਬੋਹੜ ਵਾਲਾ, ਗੁਰਵਿੰਦਰ ਸਿੰਘ ਲਸ਼ਕਰੀ ਨੰਗਲ, ਇੰਸਪੈਕਟਰ, ਰਣਦੀਪ ਸਿੰਘ ਗਾਲਬ ਆਦਿ ਮੁੱਖ ਸਨ।

# ਵਿਸ਼ਵ ਬੈਂਕ ਤੇ ਏਆਈਆਈਬੀ ਦੀ ਟੀਮ ਨੇ ਬਲਕ ਵਾਟਰ ਸਪਲਾਈ ਪ੍ਰੋਜੈਕਟ ਦਾ ਲਿਆ ਜਾਇਜ਼ਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼ਹਿਰ ਵਿੱਚ ਲੋਕਾਂ ਨੂੰ ਲਗਾਤਾਰ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ ਪ੍ਰੋਜੈਕਟ ਦੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਵਿਸ਼ਵ ਬੈਂਕ ਅਤੇ ਏਸ਼ੀਆਈ ਇੰਫਰਾਸਟ੍ਰਕਚਰ ਇਨਵੈਸਟਮੈਂਟ ਬੈਂਕ (ਏਆਈਆਈਬੀ) ਦੀ ਟੀਮ ਵੱਲੋਂ ਸ਼ਹਿਰ ਦਾ ਦੌਰਾ ਕੀਤਾ ਗਿਆ।ਨਗਰ ਨਿਗਮ ਵੱਲੋਂ ਵਿਸ਼ਵ ਬੈਂਕ ਅਤੇ ਏਆਈਆਈਬੀ ਦੇ ਸਹਿਯੋਗ ਨਾਲ ਪੰਜਾਬ ਮਿਊਂਸੀਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ।ਇਸੇ ਪ੍ਰੋਜੈਕਟ ਦੇ ਅਧੀਨ ਏਬੀਡਬਲਯੂਐੱਸਐੱਸ ਪ੍ਰੋਜੈਕਟ 'ਤੇ ਕੰਮ ਕੀਤਾ ਜਾ ਰਿਹਾ ਹੈ।ਆਉਣ ਵਾਲੇ ਸਮੇਂ ਵਿੱਚ ਅੱਪਰ ਬਾਰੀ ਦੁਆਬ ਨਹਿਰ ਦਾ ਪਾਣੀ ਸਾਫ਼ ਕਰਕੇ ਹਰ ਘਰ ਤੱਕ ਪਹੁੰਚਾਇਆ ਜਾਵੇਗਾ।ਵੱਲ੍ਹਾ ਦੇ ਨੇੜੇ 44 ਕਰੋੜ ਲੀਟਰ ਪਾਣੀ ਪ੍ਰਤੀ ਦਿਨ ਸਮਰੱਥਾ ਵਾਲੇ ਆਧੁਨਿਕ ਵਾਟਰ ਟ੍ਰੀਟਮੈਂਟ ਪਲਾਂਟ ਬਣਾਇਆ ਜਾ ਰਿਹਾ ਹੈ। ਇਨ੍ਹਾਂ ਦੇ ਇਲਾਵਾ ਸ਼ਹਿਰ ਵਿੱਚ 45 ਨਵੀਆਂ ਪਾਣੀ ਦੀਆਂ ਟੈਂਕੀਆਂ ਅਤੇ 112 ਕਿ.ਮੀ. ਲੰਮੀ ਪਾਈਪਲਾਈਨ ਵਿਛਾਉਣ ਦਾ ਕੰਮ ਚੱਲ ਰਿਹਾ ਹੈ।ਵਿਸ਼ਵ ਬੈਂਕ ਦੀ ਟੀਮ ਵਿੱਚ ਮਾਰੀਆ ਲੂਈਸਾ ਅਤੇ ਚਾਰੂ ਜੈਨ, ਜਦਕਿ ਏਆਈਆਈਬੀ ਤੋਂ ਰੂਪਲ ਕੁਲਕਰਣੀ ਅਤੇ ਈਆ ਕ੍ਰੂਜ਼ ਸ਼ਾਮਲ ਸਨ।ਉਨ੍ਹਾਂ ਵੱਲੋਂ ਵੱਲਾ ਵਿੱਚ ਬਣ ਰਹੇ ਵਾਟਰ ਟਰੀਟਮੈਂਟ ਪਲਾਂਟ ਸਮੇਤ ਹੋਰ ਨਿਰਮਾਣ ਸਥਲਾਂ ਦਾ ਦੌਰਾ ਕਰਕੇ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ।ਇਸ ਤੋਂ ਬਾਅਦ ਟੀਮ ਵੱਲੋਂ ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਨਾਲ ਪ੍ਰੋਜੈਕਟ ਦੀ ਸਮੀਖਿਆ ਮੀਟਿੰਗ ਕੀਤੀ ਗਈ।ਟੀਮ ਨੇ ਪ੍ਰੋਜੈਕਟ ਅਧੀਨ ਮਜ਼ਦੂਰਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਲਈ ਚੁੱਕੇ ਜਾ ਰਹੇ ਕਦਮਾਂ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਉਸਾਰੀ ਕਾਰਣ ਵਾਤਾਵਰਣ ਪ੍ਰਭਾਵ ਨੂੰ ਘਟਾਉਣ ਲਈ ਚੁੱਕੇ ਗਏ ਕਦਮਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਐਸ.ਈ ਪ੍ਰੋਜੈਕਟ ਡਾ. ਜਿਤਿਨ ਵਾਸੂਦੇਵਾ, ਪ੍ਰੋਜੈਕਟ ਮੈਨੇਜਰ ਕੁਲਦੀਪ ਸਿੰਘ ਸੈਣੀ (ਸੇਵਾਮੁਕਤ ਮੁੱਖ ਇੰਜੀਨੀਅਰ), ਐਕਸੀਅਨ ਸੁਨੀਲ ਮਹਾਜਨ, ਦਿਵਤੇਸ਼ ਵਿਰਦੀ, ਨਰਿੰਦਰਪਾਲ ਸਿੰਘ, ਅਸ਼ਵਨੀ ਕੁਮਾਰ, ਬਾਦਲ ਸੋਨੀ, ਡਾ. ਸੁਮਿਤ ਅਰੋੜਾ ਆਦਿ ਮੌਜੂਦ ਸਨ।

# ਗੁਰੂਕੁਲ ਸਕੂਲ ਭਿਖੀਵਿੰਡ ਵਿਖੇ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ ਵਿਸ਼ਵ ਧਰਤੀ ਦਿਹਾੜਾ




ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਗੁਰੂਕੁਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਭਿਖੀਵਿੰਡ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ।ਸਵੇਰੇ ਦੀ ਸਭਾ ਵਿੱਚ ਬੱਚਿਆਂ ਵੱਲੋਂ ਧਰਤੀ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਨ ਅਤੇ ਵਾਤਾਵਰਣ ਦੀ ਸੰਭਾਲ ਸੰਬੰਧੀ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ।ਉਪਰੰਤ ਅਧਿਆਪਕਾਂ ਵੱਲੋਂ ਧਰਤੀ ਦਿਵਸ ਮਨਾਉਣ ਦੇ ਇਤਿਹਾਸਕ ਕਾਰਨਾਂ ਸੰਬੰਧੀ ਵਿਦਿਆਰਥੀਆਂ ਨੂੰ ਦੱਸਿਆ ਗਿਆ।

ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਧਰਤੀ 'ਤੇ ਜੀਵਨ ਸ਼ੁਰੂ ਹੋਇਆ ਅਤੇ ਮਹਾਨ ਲੋਕਾਂ ਨੇ ਕੁਦਰਤੀ ਗੋਦ ਵਿੱਚ ਬੈਠ ਕੇ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ ਜੋ ਸਮਾਜ ਲਈ ਰਾਹ ਦਸੇਰਾ ਬਣੇ ਪਰ ਅੱਜ ਦਾ ਮਨੁੱਖ ਸਰਮਾਇਆ ਇਕੱਠਾ ਕਰਨ ਦੀ ਦੌੜ ਵਿੱਚ ਕੁਦਰਤੀ ਦਾਤਾਂ ਦਾ ਵਿਨਾਸ਼ ਕਰ ਰਿਹਾ ਹੈ; ਉਹ ਜਿਸ ਟਾਹਣ 'ਤੇ ਬੈਠਾ ਹੈ ਉਸ ਨੂੰ ਹੀ ਵੱਢੀ ਜਾ ਰਿਹਾ ਹੈ।ਇਸ ਸਮੇਂ ਸਕੂਲ ਵਿਦਿਆਰਥੀਆਂ ਦੇ ਵਾਤਾਵਰਣ ਦੀ ਸੰਭਾਲ ਨੂੰ ਦਰਸਾਉਦੇ ਚਾਰਟ ਮੁਕਾਬਲੇ ਵੀ ਕਰਵਾਏ ਗਏ।ਉਪਰੰਤ ਅਧਿਆਪਕਾਂ ਅਤੇ ਬੱਚਿਆਂ ਵੱਲੋਂ ਸਕੂਲ ਵਿੱਚ ਰੁੱਖ ਲਗਾ ਕੇ ਵਾਤਾਵਰਣ ਸੰਭਾਲ ਲਈ ਚੰਗਾ ਸੁਨੇਹਾ ਦਿੱਤਾ।ਸਕੂਲ ਪ੍ਰਿੰਸੀਪਲ ਲੁਕੇਸ਼ ਮਲਹੋਤਰਾ ਅਤੇ ਵਾਈਸ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਵੱਲੋਂ ਕਿਹਾ ਗਿਆ ਕਿ ਅੱਜ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਸਭ ਨੂੰ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਸ਼ੁਧ ਵਾਤਾਵਰਣ ਕਾਰਨ ਹੀ ਸਭ ਜੀਵਾਂ ਦੀ ਹੋਂਦ ਸੰਭਵ ਹੈ।ਇਸ ਸਮੇਂ ਸਕੂਲ ਚੇਅਰਮੈਨ ਦਲਜੀਤ ਮਲਹੋਤਰਾ, ਕੋਆਰਡੀਨੇਟਰ ਹਰਮਨਪ੍ਰੀਤ ਕੌਰ ਅਤੇ ਇੰਦਰਜੀਤ ਕੌਰ, ਅਧਿਆਪਕ ਗੁਰਚਰਨ ਸਿੰਘ, ਅਮਨਦੀਪ ਸਿੰਘ, ਹਰਨੰਦ ਸਿੰਘ, ਨਿਸ਼ਾਨ ਸਿੰਘ, ਸਾਹਿਲ ਕੁਮਾਰ, ਦਿਲਜੀਤ ਸਿੰਘ, ਬਿਕਰਮਜੀਤ ਸਿੰਘ, ਕਿਰਨਜੀਤ ਕੌਰ, ਗੁਰਜੀਤ ਕੌਰ, ਨਵਦੀਪ ਕੌਰ, ਕਾਜਲ ਧਵਨ, ਰਜਵੰਤ ਕੌਰ, ਕਿਰਨ ਕੌਰ, ਅਰੁਣਪ੍ਰੀਤ ਕੌਰ, ਰਮਨਦੀਪ ਕੌਰ, ਦਿਵਿਆ ਸਰੀਨ, ਕੋਮਲਪ੍ਰੀਤ ਕੌਰ, ਨਿਰਮਲ ਕੌਰ, ਕਵਲਜੀਤ ਕੌਰ, ਗੁਰਪ੍ਰੀਤ ਕੌਰ, ਕਰਮਜੀਤ ਕੌਰ, ਨਵਜੋਤ ਮਲਹੋਤਰਾ, ਕੋਮਲ ਕੱਕੜ, ਪਰਮਿੰਦਰ ਕੌਰ, ਸੰਦੀਪ ਕੌਰ, ਅਵਨੀਤ ਕੌਰ, ਪਰਮਿੰਦਰ ਕੌਰ, ਰੇਨੂ ਅਤੇ ਪ੍ਰਿਆ ਆਦਿ ਹਾਜ਼ਰ ਸਨ।

# ਰਣਜੀਤ ਸਾਗਰ ਡੈਮ ਤੋਂ ਬਿਜਲੀ ਉਤਪਾਦਨ ਮੁੜ ਸ਼ੁਰੂ



ਪਠਾਨਕੋਟ (ਦਵਿੰਦਰ ਸਿੰਘ)-ਰਣਜੀਤ ਸਾਗਰ ਡੈਮ ਪ੍ਰੋਜੈਕਟ ਤੋਂ ਬਿਜਲੀ ਉਤਪਾਦਨ ਨੂੰ ਰੋਕਣ ਲਈ 15 ਦਿਨਾਂ ਲਈ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਸੀ।ਰਾਤ ਨੂੰ ਇਹ ਬੰਦ ਸਮਾਪਤ ਹੋਣ ਉਪਰੰਤ ਬਿਜਲੀ ਉਤਪਾਦਨ ਦੁਬਾਰਾ ਸ਼ੁਰੂ ਕਰ ਦਿੱਤਾ ਗਿਆ ਹੈ।ਡੈਮ ਪ੍ਰਸ਼ਾਸਨ ਅਨੁਸਾਰ ਬੰਦੀ ਖਤਮ ਹੋਣ ਦੇ ਨਾਲ ਹੀ ਹੇਠਲੇ ਇਲਾਕਿਆਂ ਵੱਲ ਪਾਣੀ ਛੱਡਣ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਹੈ।ਹਾਲਾਂਕਿ ਇਸ ਸਮੇਂ ਹੇਠਲੇ ਇਲਾਕਿਆਂ ਵਿੱਚ ਕਣਕ ਦੀ ਕਟਾਈ ਕਾਰਨ ਸਿੰਚਾਈ ਲਈ ਪਾਣੀ ਦੀ ਮੰਗ ਘੱਟ ਹੈ, ਪਰ ਫਿਰ ਵੀ ਹਾਈਡਲ ਪ੍ਰੋਜੈਕਟਾਂ ਅਤੇ ਹੋਰ ਨਹਿਰਾਂ ਨੂੰ ਪਾਣੀ ਪ੍ਰਦਾਨ ਕਰਨ ਲਈ ਬੈਰਾਜ ਡੈਮ ਦੀ ਝੀਲ ਵੱਲ ਪਾਣੀ ਛੱਡਿਆ ਜਾ ਰਿਹਾ ਹੈ।ਇਸਦੇ ਨਾਲ ਹੀ ਸ਼ਾਹਪੁਰ ਕੰਢੀ ਬੈਰਾਜ ਡੈਮ ਤੋਂ ਮਾਧੋਪੁਰ ਹੈੱਡਵਰਕਸ ਵੱਲ ਪਾਣੀ ਛੱਡਣ ਤੋਂ ਪਹਿਲਾਂ ਸਵੇਰੇ ਤੋਂ ਡੈਮ ਪ੍ਰਸ਼ਾਸਨ ਵੱਲੋਂ ਉਚੀ ਆਵਾਜ਼ ਵਿੱਚ ਸਾਇਰਨ ਵਜਾਏ ਜਾ ਰਹੇ ਹਨ ਤਾਂ ਜੋ ਰਾਵੀ ਦਰਿਆ ਦੇ ਕਿਨਾਰੇ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਜਾਂ ਸਾਮਾਨ ਸਮੇਤ ਨਾ ਜਾਵੇ।15 ਦਿਨਾਂ ਦੀ ਬੰਦੀ ਖਤਮ ਹੋਣ ਉਪਰੰਤ ਰਣਜੀਤ ਸਾਗਰ ਡੈਮ ਪ੍ਰੋਜੈਕਟ ਦੀ ਝੀਲ ਦਾ ਜਲ-ਸਤਹ ਲਗਭਗ 4 ਮੀਟਰ ਵੱਧ ਗਿਆ ਹੈ।6 ਅਪ੍ਰੈਲ ਨੂੰ ਇਹ 514.48 ਮੀਟਰ ਸੀ, ਜੋ ਅੱਜ ਵੱਧ ਕੇ 518.46 ਮੀਟਰ ਹੋ ਗਿਆ ਹੈ।ਰਣਜੀਤ ਸਾਗਰ ਡੈਮ ਦੀ ਝੀਲ ਵਿੱਚ ਹਿਮਾਚਲ ਪ੍ਰਦੇਸ਼ ਦੇ ਚਮੇਰਾ ਪ੍ਰੋਜੈਕਟ ਤੋਂ 1236 ਕਿਊਸਿਕ ਪਾਣੀ ਆ ਰਿਹਾ ਹੈ, ਜਦਕਿ ਰਣਜੀਤ ਸਾਗਰ ਡੈਮ ਤੋਂ ਰੁਕ-ਰੁਕ ਕੇ ਬਿਜਲੀ ਉਤਪਾਦਨ ਕਰਦੇ ਹੋਏ 4532 ਕਿਊਸਿਕ ਪਾਣੀ ਦਾ ਬਹਾਅ ਸ਼ਾਹਪੁਰ ਕੰਢੀ ਬੈਰਾਜ ਡੈਮ ਦੀ ਝੀਲ ਵਿੱਚ ਛੱਡਿਆ ਜਾ ਰਿਹਾ ਹੈ।ਇਸ ਨਾਲ ਆਰਐੱਸਡੀ ਤੋਂ ਇੱਕ ਦਿਨ ਵਿੱਚ ਲਗਭਗ 35 ਲੱਖ ਬਿਜਲੀ ਯੂਨਿਟਾਂ ਦਾ ਉਤਪਾਦਨ ਕੀਤਾ ਗਿਆ ਹੈ।ਇਸਦੇ ਨਾਲ ਹੀ ਸ਼ਾਹਪੁਰ ਕੈਂਡੀ ਬੈਰਾਜ ਡੈਮ ਦੀ ਝੀਲ ਦਾ ਜਲ-ਸਤਹ ਵੀ ਵੱਧ ਕੇ 400.64 ਮੀਟਰ ਤੱਕ ਪਹੁੰਚ ਗਿਆ ਹੈ।ਇੱਥੋਂ ਮਾਧੋਪੁਰ ਹੈੱਡਵਰਕਸ ਵੱਲ 4500 ਕਿਊਸਿਕ ਪਾਣੀ ਛੱਡਿਆ ਗਿਆ ਹੈ, ਜਿਸ ਵਿੱਚੋਂ ਯੂਬੀਡੀਸੀ ਨਹਿਰ ਵਿੱਚ 3400 ਕਿਊਸਿਕ, ਐਮਬੀ ਲਿੰਕ ਨਹਿਰ ਵਿੱਚ 500 ਕਿਊਸਿਕ, ਕਸ਼ਮੀਰ ਕੈਨਾਲ ਵਿੱਚ 400 ਕਿਊਸਿਕ ਅਤੇ ਇਸਲਾਮਪੁਰ ਨਹਿਰ ਵਿੱਚ 200 ਕਿਊਸਿਕ ਪਾਣੀ ਦਾ ਵਹਾਅ ਕੀਤਾ ਜਾ ਰਿਹਾ ਹੈ।

# ਸਾਹਿਲਦੀਪ ਨੇ ਏਸ਼ੀਆ ਪੈਸੀਫਿਕ ਡੈੱਫ ਜੂਡੋ ਚੈਂਪੀਅਨਸ਼ਿਪ 'ਚ ਸੋਨੇ ਦਾ ਤਮਗਾ ਜਿੱਤਿਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਭਗਤ ਪੂਰਨ ਸਿੰਘ ਸਕੂਲ ਫਾਰ ਦਿ ਡੈੱਫ ਦਾ ਹੋਣਹਾਰ ਵਿਦਿਆਰਥੀ ਸਾਹਿਲਦੀਪ ਨੇ ਡੋਂਬਿਵਲੀ, ਮਹਾਰਾਸ਼ਟਰ ਵਿੱਚ ਹੋਈ ਦੂਸਰੀ ਏਸ਼ੀਆ ਪੈਸੀਫਿਕ ਡੈੱਫ ਜੂਡੋ ਚੈਂਪੀਅਨਸ਼ਿਪ ਵਿੱਚ 60 ਕਿਲੋ ਭਾਰ ਵਰਗ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।ਉਸਦੀ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ 'ਤੇ ਸਾਹਿਲਦੀਪ ਦੀ ਚੋਣ ਅਗਲੇ ਅੰਤਰਰਾਸ਼ਟਰੀ ਮੁਕਾਬਲੇ ਲਈ ਵੀ ਹੋਈ ਹੈ, ਜੋ ਕਿ 1 ਤੋਂ 7 ਜੂਨ 2026 ਤੱਕ ਕਰਾਗਾਂਡਾ ਕਜ਼ਾਖਸਤਾਨ ਗਣਰਾਜ ਵਿੱਚ ਆਯੋਜਿਤ ਕੀਤਾ ਜਾਵੇਗਾ।ਇਹ ਕਾਮਯਾਬੀ ਉਸਦੀ ਕੜੀ ਮਿਹਨਤ ਅਤੇ ਉਸਦੇ ਕੋਚ ਰਾਕੇਸ਼ ਕੁਮਾਰ ਦੀ ਲਗਾਤਾਰ ਮਦਦ ਅਤੇ ਸਹੀ ਮਾਰਗਦਰਸ਼ਨ ਦਾ ਨਤੀਜਾ ਹੈ, ਜਿਨ੍ਹਾਂ ਨੇ ਹਰ ਪੜਾਅ ਤੇ ਉਸਦਾ ਸਾਥ ਦਿੱਤਾ।ਇਸ ਮੌਕੇ ਬੀਬੀ ਇੰਦਰਜੀਤ ਕੌਰ ਮੁੱਖ ਸੇਵਾਦਾਰ, ਡਾ. ਜਗਦੀਪਕ ਸਿੰਘ ਮੀਤ-ਪ੍ਰਧਾਨ ਪਿੰਗਲਵਾੜਾ ਸੰਸਥਾ ਅਤੇ ਡਾਇਰੈਕਟਰ ਰਾਜਿੰਦਰ ਪਾਲ ਸਿੰਘ ਨੇ ਸਾਹਿਲਦੀਪ ਅਤੇ ਉਸਦੇ ਕੋਚ ਨੂੰ ਅਸੀਸਾਂ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਪਿੰਗਲਵਾੜਾ ਪਰਿਵਾਰ ਵੱਲੋਂ ਸਾਹਿਲਦੀਪ ਨੂੰ ਇਸ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ ਗਈ ਅਤੇ ਉਸਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ।

# ਦੋ ਦਰਜਨ ਦੇ ਕਰੀਬ ਕਾਂਗਰਸੀ ਪਰਿਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ



ਦੀਨਾਨਗਰ -(ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਸ਼ਹਿਰ ਅੰਦਰ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਚੰਗਾ ਹੁੰਗਾਰਾ ਮਿਲਿਆ ਜਦੋਂ ਸ਼ਹਿਰ ਦੀ ਵਾਰਡ ਨੰਬਰ 5 ਦੀ ਡੀਐੱਸ ਕਲੋਨੀ ਵਾਸੀ ਕਈ ਪਰਿਵਾਰਾਂ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਆਮ ਆਦਮੀ ਪਾਰਟੀ ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਕਲੋਨੀ ਵਿਖੇ ਨੌਜਵਾਨ ਆਗੂ ਸਰਬਜੀਤ ਸਿੰਘ ਸੰਨੀ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਮੁੱਖ ਤੌਰ 'ਤੇ ਸਰਬਜੀਤ ਸਿੰਘ ਸੰਨੀ ਦੇ ਇਲਾਵਾ ਸੇਵਾ ਸਿੰਘ, ਵਰਿੰਦਰ ਸਿੰਘ, ਤਰਸੇਮ ਸਿੰਘ, ਸੁਰਜੀਤ ਸਿੰਘ, ਪਲਵਿੰਦਰ ਸਿੰਘ, ਸੁਰਿੰਦਰ ਸਿੰਘ, ਬਲਵੰਤ ਸਿੰਘ, ਅਸ਼ਵਨੀ ਕੁਮਾਰ, ਮਨਪ੍ਰੀਤ ਸਿੰਘ ਅਤੇ ਗੁਰਮੁਖ ਸਿੰਘ ਦੇ ਨਾਂ ਸ਼ਾਮਲ ਹਨ ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਵਿਚ ਆਉਣ 'ਤੇ ਸਨਮਾਨਿਤ ਕਰਦਿਆਂ ਪਾਰਟੀ ਅੰਦਰ ਪੂਰੇ ਮਾਣ ਸਨਮਾਨ ਦਾ ਭਰੋਸਾ ਦਿਵਾਇਆ। ਇਸ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਕ ਆਮ ਪਰਿਵਾਰ 'ਚੋਂ ਨਿਕਲੇ ਹਨ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਜ਼ਮੀਨੀ ਪੱਧਰ ਤੱਕ ਜਾਣਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਮ ਲੋਕਾਂ ਦਾ ਜੀਵਨ ਸੁਖਾਲਾ ਕਰਨ ਨੂੰ ਤਰਜੀਹ ਦਿੱਤੀ ਹੈ ਜਿਸ ਕਾਰਨ ਪੰਜਾਬ ਦੇ ਲੋਕ ਖੁਸ਼ ਹਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਬਣੀ ਹੋਈ ਹੈ।

# 10 ਖੇਤਾਂ 'ਚ ਕਣਕ ਦੀ ਫਸਲ ਨੂੰ ਲੱਗੀ ਅੱਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਬਿਸਤ ਦੁਆਬ ਨਹਿਰ ਕਿਨਾਰੇ ਪਿੰਡ ਨਰਪਾਲਪੁਰ ਤੇ ਖੁਸ਼ਹਾਲਪੁਰ ਦੇ ਵਿਚਕਾਰ ਦੇ ਖੇਤਾਂ ਵਿੱਚ ਪੱਕੀ ਅਤੇ ਸੁੱਕੀ ਖੜੀ ਕਣਕ ਦੀ ਫਸਲ ਨੂੰ ਅਚਾਨਕ ਅੱਗ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮਿਲੀ



ਜਾਣਕਾਰੀ ਉਕਤ ਪਿੰਡਾਂ ਦੇ ਵਿਚਕਾਰ ਤਕਰੀਬਨ ਦਸ ਖੇਤਾਂ ਵਿੱਚ ਖੜੀ ਕਣਕ ਦੀ ਫਸਲ ਨੂੰ ਅਚਾਨਕ ਅੱਗ ਲੱਗਣ ਨਾਲ ਕਾਫੀ ਧੂੰਆਂ ਪੈਦਾ ਹੋਇਆ ਜਿਸ ਨਾਲ ਬਿਸਤ ਦੋਆਬ ਨਹਿਰ ਵਾਲੇ ਕੋਟ ਫਤੂਹੀ-ਮੇਹਟੀਆਣਾ ਮਾਰਗ ਤੋਂ ਲੰਘਣ ਵਾਲੇ ਰਾਹਗੀਰ ਵੀ ਇਸ ਲੱਗੀ ਅੱਗ ਨਾਲ ਪੈਦਾ ਹੋਏ ਧੂੰਏ ਕਰਕੇ ਕਾਫੀ ਖੱਜਲ ਖੁਆਰ ਤੇ ਪ੍ਰੇਸ਼ਾਨ ਹੋਏ।ਇਸ ਅੱਗ ਨੂੰ ਕਾਬੂ ਕਰਨ ਲਈ ਗੁਰੂ ਕੀ ਰਸੋਈ ਦੇ ਮੈਂਬਰਾਂ, ਆਲੇ ਦੁਆਲੇ ਦੇ ਲੋਕਾਂ ਨੇ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੈਲਾ ਖੁਰਦ ਤੋਂ ਮੰਗਵਾ ਕੇ ਅੱਗ ਉੱਤੇ ਸਮਾਂ ਰਹਿੰਦੇ ਕਾਬੂ ਪਾਇਆ ਗਿਆ।ਅਮਰਜੀਤ ਸਿੰਘ ਨਰਪਾਲਪੁਰ, ਜਗੀਰੀ ਦੀਸ਼ਪੁਰ ਦੇ ਦਸ ਦੇ ਕਰੀਬ ਕਣਕ ਦੇ ਖੇਤ ਸੜਕੇ ਸੁਆਹ ਹੋ ਗਏ ਜਿਸ ਵਿੱਚ ਮਹੰਤ ਰੁਪਿੰਦਰ ਚੰਦ ਦੇ ਖੇਤ ਦੇ ਨਾੜ ਤੇ ਲਾਗਲੇ ਖੇਤ ਵਿੱਚ ਪਈ ਤੂੜੀ ਵੀ ਅੱਗ ਦੀ ਭੇਟ ਚੜ੍ਹ ਗਈ। ਖਬਰ ਲਿਖੇ ਜਾਣ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।ਇਸ ਘਟਨਾਕ੍ਰਮ ਦਾ ਡਾਕਟਰ ਵਿਪਨ ਕੁਮਾਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਐੱਸ ਐੱਚ ਓ ਰਮਨਦੀਪ ਕੌਰ, ਮੁੱਖ ਮੁਨਸ਼ੀ ਰੇਸ਼ਮ ਸਿੰਘ, ਪੀ ਐੱਚ ਜੀ ਸੁਰਜੀਤ ਸਿੰਘ ਵੱਲੋਂ ਮੌਕੇ ਤੇ ਆ ਕੇ ਜਾਇਜ਼ਾ ਲਿਆ ਗਿਆ।ਕਿਸਾਨਾਂ ਨੇ ਪ੍ਰਸ਼ਾਸਨ ਕੋਲੋਂ ਆਪਣੇ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਕੀਤੀ।ਇਸ ਮੌਕੇ ਸੰਜੀਵ ਪਚਨੰਗਲ, ਸਿਮਰਨ ਸਿੰਘ ਖੈਰੜ, ਮਨਪ੍ਰੀਤ ਸਿੰਘ ਮੰਨਾ,ਗੁਰਮੁੱਖ ਸਿੰਘ, ਦਲਜੀਤ ਸਿੰਘ, ਪੰਕਜ ਕੁਮਾਰ ਆਦਿ ਨੇ ਆਪਣੀਆਂ ਅੱਗ ਤੇ ਕਾਬੂ ਪਾਉਣ ਲਈ ਸੇਵਾਵਾਂ ਨਿਭਾਈਆਂ।

# ਵੱਖ-ਵੱਖ ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਵੱਲੋਂ ਇੱਕ ਮੰਚ 'ਤੇ ਮਜ਼ਦੂਰ ਦਿਵਸ ਮਨਾਉਣ ਦਾ ਫੈਸਲਾ

**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਵੱਖ ਵੱਖ ਮਜ਼ਦੂਰ, ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਦੀ ਇਕੱਤਰਤਾ ਕਰਨੈਲ ਸਿੰਘ ਜੀਤ ਕਨਵੀਨਰ ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਕੌਂਸਲਰ



ਮੋਹਨ ਲਾਲ ਕਾਲਾ ਅਤੇ ਐਡਵੋਕੇਟ ਪਰਮਿੰਦਰ ਸਿੰਘ ਤੂਰ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਮਲਾਗਰ ਸਿੰਘ ਖਮਾਣੋਂ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਮੋਰਿੰਡਾ (ਇਫਟੂ) ਵੱਲੋਂ ਜਸਪਾਲ ਸਿੰਘ ਖਮਾਣੋਂ, ਟੈਕਨੀਕਲ ਅਤੇ ਮਕੈਨੀਕਲ ਯੂਨੀਅਨ ਜ਼ਿਲ੍ਹਾ ਰੂਪਨਗਰ ਵੱਲੋਂ ਸੁਖਮਾਨ ਸਹੋਤਾ, ਪਾਵਰਕਾਮ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਪ੍ਰਧਾਨ ਬਲਿਹਾਰ ਸਿੰਘ, ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ (ਏਟਕ) ਵੱਲੋਂ ਅਮਰਜੀਤ ਸਿੰਘ, ਐੱਸ.ਸੀ.ਬੀ.ਸੀ ਅਧਿਆਪਕ ਯੂਨੀਅਨ ਵੱਲੋਂ ਮਾਸਟਰ ਗੁਰਪ੍ਰੀਤ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕੌਮ ਵਲੋਂ ਪਰਮਜੀਤ ਸਿੰਘ ਮੋਰਿੰਡਾ, ਖੇਤ ਮਜ਼ਦੂਰ ਯੂਨੀਅਨ ਅਤੇ ਨਰੇਗਾ ਫਰੰਟ ਵਲੋਂ ਸੁਖਵਿੰਦਰ ਸਿੰਘ ਦੁਮੱਣਾ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਪੰਜਾਬ ਵਲੋਂ ਸੂਪਰਸਤ ਕੁਲਵੀਰ ਸਿੰਘ, ਰਾਮਦਾਸੀਆ ਵੈਲਫੇਅਰ ਸੁਸਾਇਟੀ ਵੱਲੋਂ ਹਰਮਿੰਦਰ ਸਿੰਘ ਲੱਕੀ, ਡਾ. ਦਿਲਬਾਗ ਸਿੰਘ, ਪ੍ਰਿੰ. ਬਲਵੀਰ ਸਿੰਘ ਛਿੱਬਰ, ਗੁਰਦਰਸ਼ਨ ਸਿੰਘ ਖਾਲਸਾ, ਬਾਲਮੀਕ ਸਭਾ ਮੋਰਿੰਡਾ ਵੱਲੋਂ ਚੇਅਰਮੈਨ ਰਮੇਸ਼ ਕੁਮਾਰ ਮੱਗੀ, ਐਨ ਪ੍ਰਕਾਸ਼ ਮੱਟੂ ਆਦਿ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ। ਇਸ ਮੌਕੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਅਤੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾ ਭੀਮ ਰਾਓ ਅੰਬੇਡਕਰ ਦੇ ਸਬੰਧ ਵਿੱਚ 1 ਮਈ ਮਜ਼ਦੂਰ ਦਿਵਸ ਮੌਕੇ ਡਾ ਭੀਮ ਰਾਓ ਅੰਬੇਡਕਰ ਕਮਿਊਨਿਟੀ ਸੈਂਟਰ ਮੋਰਿੰਡਾ ਵਿਖੇ ਚੇਤਨਾ ਸਮਾਗਮ ਕੀਤਾ ਜਾਵੇਗਾ। ਜਿਸ ਵਿਚ ਹਾਜ਼ਰ ਸਮੂਹ ਜਥੇਬੰਦੀਆਂ ਦੇ ਵਲੰਟੀਅਰਜ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨਗੇ। ਇਸ ਮੌਕੇ ਕਰਨੈਲ ਸਿੰਘ ਜੀਤ ਨੇ ਯੂ ਜੀ ਸੀ ਨੂੰ ਮੁੜ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ। ਇਸ ਮੌਕੇ ਸਮੂਹ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਮਜ਼ਦੂਰ ਦੀ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੀ ਘੋਰ ਨਿੰਦਾ ਕਰਦਿਆਂ ਇਹ ਮਜ਼ਦੂਰ ਵਿਰੋਧੀ ਨੀਤੀਆਂ ਵਾਪਸ ਲੈਣ ਦੀ ਮੰਗ ਕੀਤੀ। ਇਸ ਮੌਕੇ ਠੇਕੇਦਾਰੀ ਸਿਸਟਮ ਬੰਦ ਕਰਕੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰ ਬਾਵਾ ਸਿੰਘ ਲੱਧੜ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਜਸਵੀਰ ਸਿੰਘ ਸਾਂਤਪੁਰੀ, ਲਾਭ ਸਿੰਘ ਮੂੰਡੀਆਂ, ਗੁਰਮੀਤ ਸਿੰਘ ਕਾਂਝਲਾ ਅਤੇ ਲਛਮਣ ਦਾਸ ਮੱਟੂ ਆਦਿ ਆਗੂ ਹਾਜ਼ਰ ਸਨ।

# ਮੈਂ ਹੰਝੂਆਂ ਦੀ ਲੋਅ ਦੇ ਆਸਰੇ ਜੀ ਕੇ ਵੀ ਵੇਖਿਆ ...



'ਕਲਮਾ ਯੂ ਕੇ ਦੀਆਂ', 'ਹਰਾ ਚੂੜਾ' ਅਤੇ ਹੋਰ ਕਈ ਕਿਤਾਬਾਂ ਦੇ ਲੇਖਕ ਤੇ ਸੰਪਾਦਕ ਸੰਤੋਖ ਸਿੰਘ ਹੇਅਰ ਨੇ ਇੱਕ ਹੋਰ ਸਾਂਝਾ ਸੰਗ੍ਰਹਿ 'ਕਲਮਾਂ ਦੀ ਸਾਂਝ' ਪੰਜਾਬੀ ਬੋਲੀ ਦੀ ਝੋਲੀ ਪਾਇਆ ਹੈ। 'ਕਲਮਾਂ ਦੀ ਸਾਂਝ' ਵਿੱਚ ਉਹਨਾ ਸ਼ਿੰਦਾ ਸੁਰੀਲਾ ਨਾਲ ਸਾਂਝ ਪਾਈ ਹੈ। ਮਾਰਚ ਮਹੀਨੇ ਆਈ ਇਸ ਨਵੀਂ-ਨਵੇਲੀ ਕਿਤਾਬ ਦਾ ਪਿਛਲੇ ਦਿਨੀਂ ਲੋਕ ਅਰਪਣ ਕੀਤਾ ਗਿਆ। ਇਹ ਸਮਾਗਮ ਚੇਤਿਆਂ ਦੇ ਚਿਤਰਪਟ 'ਤੇ ਬੜੀ ਦੇਰ ਤੱਕ ਉਕਰਿਆ ਰਹੇਗਾ। ਸਮਾਗਮ ਨੂੰ ਗੀਤ-ਸੰਗੀਤ ਦੀ ਮਹਿਫਲ ਵੀ ਆਖਿਆ ਜਾ ਸਕਦਾ ਹੈ, ਮਿੱਤਰਾਂ ਦੀ ਮੋਹ ਮਿਲਣੀ ਵੀ ਤੇ ਕਵੀ ਦਰਬਾਰ ਦਾ ਵੀ ਨਾਂਅ ਦਿੱਤਾ ਜਾ ਸਕਦਾ ਹੈ।

'ਕਲਮਾਂ ਦੀ ਸਾਂਝ' ਨੂੰ ਲੋਕ ਅਰਪਣ ਕਰਨ ਉਪਰੰਤ ਸਾਧੂ ਸਿੰਘ (ਜਿੰਮੀ ਕੰਪਲੈਕਸ) ਦੀ ਪ੍ਰਧਾਨਗੀ ਵਿੱਚ ਹੋਏ ਸਮਾਗਮ ਦੇ ਸ਼ੁਰੂ ਵਿੱਚ ਜਾਣੇ-ਪਛਾਣੇ ਲੇਖਕ ਸੰਤੋਖ ਸਿੰਘ ਸੰਘਾ ਨੇ ਸੰਤੋਖ ਸਿੰਘ ਹੇਅਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾ ਦੱਸਿਆ ਕਿ ਹੇਅਰ ਸ਼ਾਹਕੋਟ ਨੇੜਲੇ ਪਿੰਡ ਪਰਜੀਆਂ ਦੇ ਪ੍ਰਵਾਸੀ ਹਨ। ਉਹ 62 ਸਾਲ ਤੋਂ ਇੰਗਲੈਂਡ ਰਹਿ ਰਹੇ ਹਨ। ਆਪਣੇ ਪਿੰਡ ਅਤੇ ਮਿੱਤਰਾਂ ਦਾ ਮੋਹ ਹੇਅਰ ਨੂੰ ਕੁਝ ਸਮੇਂ ਬਾਅਦ ਪਿੰਡ ਖਿੱਚ ਲਿਆਉਂਦਾ ਹੈ। ਪੰਜਾਬੀ ਲੇਖਕ ਸਭਾ ਕਵੈਂਟਰੀ ਤੇ 'ਰੇਡੀਓ ਪੰਜ' ਸੰਤੋਖ ਸਿੰਘ ਹੇਅਰ ਨੂੰ ਸਾਹਿਤਕ ਸਰਗਰਮੀ ਕਰਨ ਲਈ ਹੁਜਾਂ ਮਾਰਦੇ ਰਹਿੰਦੇ ਹਨ। ਇਹ ਹੁਜਾਂ ਸੰਤੋਖ ਸਿੰਘ ਹੇਅਰ ਨੂੰ ਰੁਝਾਈ ਰੱਖਦੀਆਂ ਹਨ। 'ਕਲਮਾਂ ਦੀ ਸਾਂਝ' ਵਿੱਚ ਬਹੁਤੇ ਲੇਖਕ ਕਵੈਂਟਰੀ ਤੇ ਇਸ ਦੇ ਨੇੜੇ-ਤੇੜੇ ਦੇ ਹਨ। ਇਸ ਸਾਂਝੇ ਸੰਗ੍ਰਹਿ ਵਿੱਚ ਜਿੱਥੇ ਕਵਿਤਾਵਾਂ ਤੇ ਕਹਾਣੀਆਂ ਹਨ, ਉਥੇ ਕੁਝ ਸਫਿਆਂ 'ਤੇ ਮਿੱਤਰਾਂ ਦੀਆਂ ਯਾਦਾਂ ਨੂੰ ਥਾਂ ਦਿੱਤੀ ਗਈ ਹੈ। ਹੇਅਰ ਦੀ ਪੰਜਾਬੀ ਬੋਲੀ ਲਈ ਫਿਕਰਮੰਦੀ ਜ਼ਿੰਦਾਬਾਦ !

ਰਾਜ ਕੁਮਾਰ ਪਰਜੀਆਂ ਨੇ ਸਿੱਖੀ ਸੰਦਰਭ ਵਿੱਚ ਲੰਮੀ ਕਵਿਤਾ ਸੁਣਾ ਕੇ ਸਾਹਿਤਕ ਸਮਾਗਮ ਨੂੰ ਅੱਗੇ ਤੋਰਿਆ। ਨਾਟਕਕਾਰ, ਨਿਰਦੇਸ਼ਕ ਤੇ ਕਵੀ ਜਗੀਰ ਜੋਸਨ ਅਜੋਕੇ ਸਮਿਆਂ ਦੇ ਹਾਲਾਤ ਬਿਆਨਦੀ ਕਵਿਤਾ ਲੈ ਕੇ ਸਰੋਤਿਆਂ ਦੇ ਸਨਮੁਖ ਹੋਏ 'ਠਾਹ ਨੂ ਰੋਜ਼ ਹੀ ਹੁੰਦੀ ਮਿੱਤਰਾ, ਤੇ ਚਲਦੇ ਰਹਿਣ ਪਟਾਕੇ, ਫੋਨ ਕਾਲਾਂ 'ਤੇ ਮਿਲਣ ਧਮਕੀਆਂ, ਰੋਜ਼ ਹੀ ਵੱਜਦੇ ਡਾਕੇ, ਲੱਤਾਂ ਦੇ ਵਿੱਚ ਮਾਰ ਗੋਲੀਆਂ ਪੁਲਸ ਹੋ ਜਾਂਦੀ ਪਾਸੇ, ਕੌਡੀ ਕੌਡੀ ਕਰਦੀ ਕੌਡੀ, ਬਹਿ ਗਈ ਅੰਦਰ ਵੜ ਕੇ......' ਕਵਿਤਾ ਦੇ ਬੋਲਾਂ ਨੇ ਇੱਕ ਵਾਰ ਤਾਂ ਹਾਸੇ-ਠੱਠੇ ਵਾਲੇ ਸਮਾਗਮ ਨੂੰ ਸੰਜੀਦਾ ਮਾਹੌਲ ਬਣਾ ਦਿੱਤਾ।

ਪਰਵਾਸੀ ਕਵੀ ਅਮਰਜੀਤ ਸਹੋਤਾ ਨੇ ਹਿੰਦੀ ਕਵਿਤਾ, 'ਕਲ ਚਮਨ ਥਾ ਆਜ ਇਕ ਸਹਿਰਾ ਹੂਆ....' ਰਾਹੀਂ ਮਾਹੌਲ ਦੀ ਸੰਜੀਦਗੀ ਕਾਇਮ ਰੱਖੀ, ਪਰ ਸਹੋਤਾ ਨੇ ਜਲਦੀ ਹੀ ਫੁੱਲਝੜੀਆਂ ਛੱਡਦੇ ਚੁਟਕਲੇ ਸੁਣਾਏ ਤਾਂ ਮਾਹੌਲ ਤਰੋਤਾਜ਼ਾ ਹੋ ਗਿਆ। ਸਹੋਤਾ ਨੇ ਸੰਤੋਖ ਸਿੰਘ ਹੇਅਰ ਨਾਲ 30 ਸਾਲਾ ਦੋਸਤੀ ਦੇ ਸੱਜਰੇਪਣ ਦੀਆਂ ਗੱਲਾਂ ਰਾਹੀਂ ਸੱਜਣਤਾਈ ਨੂੰ ਮਹਿਕਣ ਲਾ ਦਿੱਤਾ।

ਸਮਾਗਮ ਦਾ ਸ਼ਿੰਗਾਰ ਬਣੇ ਪ੍ਰਵਾਸੀ ਸ਼ਾਇਰ ਨਛੱਤਰ ਸਿੰਘ ਭੋਗਲ ਨੇ ਆਪਣੀਆਂ ਗਜ਼ਲਾਂ ਵਰਗੀਆਂ ਗੱਲਾਂ ਤੇ ਗੀਤਾਂ ਰਾਹੀਂ ਸਮਾਗਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਸਮਾਜਿਕ ਤੇ ਸੱਭਿਆਚਾਰਕ ਖੇਤਰ ਵਿੱਚ ਸਰਗਰਮੀ ਨਾਲ ਵਿਚਰਨ ਵਾਲੇ ਅਮਰੀਕ ਸਿੰਘ ਕਲੇਰ ਪਰਜੀਆਂ ਨੇ ਆਪਣੇ ਸਾਹਿਤਕ ਸਫਰ ਦੀ ਸੰਖੇਪ ਜਿਹੀ ਗੱਲ ਕਰਦਿਆਂ ਉਹਨਾਂ ਸਮਿਆਂ ਨੂੰ ਚੇਤੇ ਕੀਤਾ, ਜਦੋਂ ਉਹਨਾ ਦੀ ਕਹਾਣੀ ਪਹਿਲੀ ਵਾਰ 'ਨਵਾਂ ਜ਼ਮਾਨਾ' ਵਿੱਚ ਛਪੀ ਤਾਂ ਸਾਹਿਤਕ ਉਡਾਰੀ ਲਈ ਉਹਨਾ ਨੂੰ ਖੰਭ ਨਸੀਬ ਹੋਏ। ਆਪਣੇ ਗਰਾਈਂ ਸੰਤੋਖ ਸਿੰਘ ਹੇਅਰ ਬਾਰੇ ਗੱਲ ਕਰਦਿਆਂ ਕਲੇਰ ਨੇ ਕਿਹਾ ਕਿ ਉਹ ਸਾਡੇ ਪਿੰਡ ਦੇ ਤਾਜ ਹਨ। ਕਲੇਰ ਦੇ ਇਸਰਾਰ 'ਤੇ ਇਹਨਾਂ ਸਤਰਾਂ ਦੇ ਲੇਖਕ ਨੇ ਪ੍ਰਕਾਸ਼ ਸਾਥੀ ਦੀ ਗਜ਼ਲ 'ਗਮ ਮੇਰੇ ਹੱਸਦੇ ਰਹੇ, ਮੇਰੀ ਖੁਸ਼ੀ ਰੋਂਦੀ ਰਹੀ...' ਰਾਹੀਂ ਹਾਜ਼ਰੀ ਲਵਾਈ।

ਸੰਤੋਖ ਸਿੰਘ ਹੇਅਰ ਨੇ 'ਮੈਂ ਹੰਝੂਆਂ ਦੀ ਲੋਅ ਦੇ ਆਸਰੇ ਜੀ ਕੇ ਵੀ ਵੇਖਿਆ, ਮੈਂ ਖੂਨ ਆਪਣੇ ਜਿਗਰ ਦਾ ਪੀ ਕੇ ਵੀ ਵੇਖਿਆ....' ਤੇ ਹੋਰ ਕਵਿਤਾਵਾਂ ਰਾਹੀਂ ਪੂਰੀ ਮਹਿਫਲ ਆਪਣੇ ਨਾਂਅ ਕਰਵਾ ਲਈ। ਹੇਅਰ ਨੇ ਪ੍ਰਵਾਸ ਦੇ ਦੁੱਖਾਂ-ਸੁੱਖਾਂ ਦੀ ਵੀ ਬਾਤ ਪਾਈ। ਉਹਨਾ ਦੱਸਿਆ ਕਿ ਇੰਗਲੈਂਡ ਬੈਠੇ ਬਹੁਤ ਸਾਰੇ ਲੇਖਕਾਂ ਕੋਲੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਹੇਰਵਾ ਵੀ ਲਿਖਵਾ ਰਿਹਾ ਹੈ।

ਮਹਿਫਲ ਵਿੱਚ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਬਾਂਸਲ, ਹਰਵਿੰਦਰ ਸਿੰਘ ਵੀ ਸ਼ਾਮਿਲ ਸਨ। ਆਖਿਰ ਵਿੱਚ ਮਾਸਟਰ ਚਰਨਜੀਤ ਸਿੰਘ ਨੇ 'ਕਲਮਾਂ ਦੀ ਸਾਂਝ' ਪੁਸਤਕ ਦੇ ਲੋਕ ਅਰਪਣ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਸਭ ਦਾ ਧੰਨਵਾਦ ਕੀਤਾ।

**— ਗਿਆਨ ਸੈਦਪੁਰੀ**

**ਸੰਪਰਕ** 98725-40447

# ਵਿਧਾਇਕ ਨੇ ਸੜਕ ਦੇ ਨਿਰਮਾਣ ਕਾਰਜ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**

ਵਿਧਾਇਕ ਚੱਬੇਵਾਲ ਡਾ ਇਸ਼ਾਂਕ ਕੁਮਾਰ ਨੇ ਹੁਸ਼ਿਆਰਪੁਰ-ਚੰਡੀਗੜ੍ਹ ਰੋਡ ਤੋਂ ਰਾਜਨੀ ਦੇਵੀ ਵਾਇਆ ਛੋਟੀ ਲਹਿਲੀ ਖੁਰਦ ਦੀ ਬਣ ਰਹੀ ਸੜਕ ਦੇ ਨਿਰਮਾਣ ਕੰਮ ਦਾ ਮੌਕੇ 'ਤੇ ਪਹੁੰਚ ਕੇ ਜਾਇਜ਼ਾ ਲਿਆ। ਇਹ 3 ਕਿਲੋਮੀਟਰ ਲੰਬੀ ਸੜਕ ਲਗਭਗ 65 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਜਾ ਰਹੀ ਹੈ। ਜਾਇਜ਼ੇ ਦੌਰਾਨ ਵਿਧਾਇਕ ਨੇ ਕੰਮ ਦੀ ਗੁਣਵੱਤਾ ਅਤੇ ਤਰੱਕੀ ਦੀ ਸਮੀਖਿਆ ਕੀਤੀ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਰਧਾਰਿਤ ਸਮੇਂ ਅੰਦਰ ਉੱਚ ਮਿਆਰੀ ਕੰਮ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲੋਕਾਂ ਨੂੰ ਵਧੀਆ ਸਹੂਲਤਾਂ ਪ੍ਰਦਾਨ ਕਰਨਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ।ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਨਾ ਸਿਰਫ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ ਅਤੇ ਨੇੜਲੇ ਪਿੰਡਾਂ ਦੀ ਕਨੈਕਟੀਵਿਟੀ ਮਜ਼ਬੂਤ ਹੋਵੇਗੀ, ਸਗੋਂ ਦੂਰ-ਦਰਾਜ਼ ਇਲਾਕਿਆਂ ਤੋਂ ਰਾਜਨੀ ਮਾਤਾ ਦੇ ਮੰਦਰ ਦਰਸ਼ਨ ਕਰਨ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਇਸ ਦਾ ਵੱਡਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਹਲਕੇ ਦੇ ਸਮੁੱਚੇ ਵਿਕਾਸ ਲਈ ਉਹ ਲਗਾਤਾਰ ਯਤਨਸ਼ੀਲ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਵਿਕਾਸ ਕਾਰਜ ਜਾਰੀ ਰਹਿਣਗੇ।ਲਹਿਲੀ ਖੁਰਦ ਦੇ ਸਰਪੰਚ ਰਣਜੀਤ ਸਿੰਘ ਨੇ ਵਿਧਾਇਕ ਦਾ ਮੌਕੇ 'ਤੇ ਪਹੁੰਚ ਕੇ ਕੰਮ ਦਾ ਜਾਇਜ਼ਾ ਲੈਣ ਲਈ ਧੰਨਵਾਦ ਕੀਤਾ ਤੇ ਸਮੂਹ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਲੰਬਰਦਾਰ ਪਰਮਵੀਰ ਸਿੰਘ, ਲੰਬਰਦਾਰ ਰਣਜੀਤ ਸਿੰਘ, ਗੁਰਮੇਜ ਸਿੰਘ, ਹਰਵਿੰਦਰ ਸਿੰਘ, ਮਲਕੀਤ ਸਿੰਘ, ਹਰਦਿਆਲ ਸਿੰਘ, ਕੁਲਦੀਪ ਸਿੰਘ ਬੈਂਸ, ਸਤਨਾਮ ਸਿੰਘ, ਰਵਿੰਦਰ ਸਿੰਘ ਪੰਚ, ਨੀਲਮ ਕੌਰ ਪੰਚ, ਬਲਜੀਤ ਸਿੰਘ ਪੰਚ, ਕੁਲਜੀਤ ਸਿੰਘ ਪੰਚ, ਰਾਜਨੀ ਦੇਵੀ ਦੇ ਸਰਪੰਚ ਰਛਪਾਲ ਸਿੰਘ, ਸਿੰਘਪੁਰ ਦੇ ਸਰਪੰਚ ਜਤਿੰਦਰ ਕੁਮਾਰ, ਨਰੇਸ਼ ਕੁਮਾਰ ਸੰਮਤੀ ਮੈਂਬਰ, ਕੁਲਵਿੰਦਰ ਸਿੰਘ ਬੋਹਣ, ਗੁਰਵਿੰਦਰ ਸਿੰਘ, ਸਰਬਜੀਤ ਸਿੰਘ, ਨੇਕਾ ਜਿਆਣ ਆਦਿ ਵੀ ਹਾਜ਼ਰ ਸਨ।

# ਟਰੈਕਟਰ-ਟਰਾਲੀ ਨੂੰ ਲੱਗੀ ਅੱਗ, ਡਰਾਈਵਰ ਤੇ ਸਹਿ-ਚਾਲਕ ਜ਼ਖਮੀ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਗੜ੍ਹਸ਼ੰਕਰ ਸ਼ਹਿਰ ਅੰਦਰ ਜੋ ਨਵਾਂਸ਼ਹਿਰ ਰੋਡ ਤੇ ਬੰਗਾ ਰੋਡ ਨੂੰ ਜੋੜਨ ਵਾਲੀ ਇੱਕ ਤੰਗ ਸੜਕ ਹੈ,ਉਸੇ ਸੜਕ ਤੇ ਪਰਾਲੀ ਦੀਆਂ ਗੱਠਾਂ ਨਾਲ ਭਰੀ ਇੱਕ ਭਾਰੀ ਓਵਰਲੋਡ ਟਰਾਲੀ ਨੂੰ ਅਚਾਨਕ ਅੱਗ ਲੱਗ ਗਈ, ਜਿਸ ਨਾਲ ਡਰਾਈਵਰ ਅਤੇ ਸਹਿ-ਚਾਲਕ, ਦੋਵੇ ਭਰਾ ਬੁਰੀ ਤਰ੍ਹਾਂ ਜ਼ਖਮੀ ਹੋ ਗਏਤੇ ਟਰੈਕਟਰ-ਟਰਾਲੀ, ਇੱਕ ਕਾਰ ਤੇ ਇੱਕ ਮੋਟਰਸਾਈਕਲ ਬੁਰੀ ਤਰ੍ਹਾਂ ਨੁਕਸਾਨਿਆ ਗਿਆ । ਜਾਣਕਾਰੀ ਅਨੁਸਾਰ ਪ੍ਰਦੀਪ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਮਖਸੂਸਪੁਰ, ਥਾਣਾ ਮੇਹਟੀਆਣਾ ਆਪਣੇ ਭਰਾ ਸੁਖਵੀਰ ਸਿੰਘ ਨਾਲ ਪਰਾਲੀ ਦੀਆ ਗੱਠਾ ਲੈ ਕੇ ਇੱਕ ਬਿਨਾਂ ਨੰਬਰ ਵਾਲੀ ਟਰੈਕਟਰ ਟਰਾਲੀ 'ਤੇ ਹਿਮਾਚਲ ਵਾਲੇ ਪਾਸੇ ਨੂੰ ਲੈ ਕੇ ਜਾ ਰਹੇ ਸਨ। ਜਦੋ ਉਹ ਬੰਗਾ ਰੋਡ ਤੋਂ ਨਵਾਂਸ਼ਹਿਰ ਰੋਡ ਵੱਲ ਇੱਕ ਤੰਗ ਸੜਕ ਨਜ਼ਦੀਕ ਪਹੁੰਚੇ ਤਾਂ ਲੰਘਦੇ ਸਮੇਂ ਟਰਾਲੀ ਨੂੰ ਅਚਾਨਕ ਅੱਗ ਲੱਗ ਗਈ, ਜਿਸ ਨੇ ਕੁਝ ਹੀ ਸਮੇਂ ਵਿੱਚ ਗੰਭੀਰ ਰੂਪ ਧਾਰਨ ਕਰ ਲਿਆ। ਟਰੈਕਟਰ ਚਾਲਕ ਪ੍ਰਦੀਪ ਸਿੰਘ ਨੇੜਲੇ ਘਰਾਂ ਤੋਂ ਸੜਦੀ ਹੋਈ ਟਰਾਲੀ ਨੂੰ ਬਾਹਰ ਕੱਢਦੇ ਹੋਏ 80% ਤੱਕ ਬੁਰੀ ਤਰ੍ਹਾਂ ਸੜ ਗਿਆ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਗੜ੍ਹਸ਼ੰਕਰ ਪੁਲਿਸ ਅਤੇ ਫਾਇਰ ਬ੍ਰਿਗੇਡ ਮੌਕੇ 'ਤੇ ਪਹੁੰਚ ਗਈ ਅਤੇ ਅੱਗ 'ਤੇ ਕਾਬੂ ਪਾਇਆ ਅਤੇ ਬੁਰੀ ਤਰ੍ਹਾਂ ਸੜੇ ਹੋਏ ਦੋਵਾਂ ਵਿਅਕਤੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਗੜ੍ਹਸ਼ੰਕਰ ਲਿਆਂਦਾ ਗਿਆ। ਉਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਅੱਗ ਲੱਗਣ ਨਾਲ ਸੜਕ 'ਤੇ ਖੜੀ ਇੱਕ ਕਾਰ (ਪੀ.ਬੀ-07-ਬੀ.ਕੇ-0537) ਤੇ ਇੱਕ ਬਾਈਕ (ਪੀ.ਬੀ-24-ਡੀ-6457) ਵੀ ਬੁਰੀ ਤਰ੍ਹਾਂ ਨੁਕਸਾਨੀ ਗਈ। ਗੜ੍ਹਸ਼ੰਕਰ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।



# ਵਿਸ਼ਵ ਟੀਕਾਕਰਨ ਹਫ਼ਤਾ ਭਲਕ ਤੋਂ

**ਮੋਹਾਲੀ (ਗੁਰਜੀਤ ਬਿੱਲਾ)**-ਜ਼ਿਲ੍ਹਾ ਸਿਹਤ ਵਿਭਾਗ ਵਲੋਂ ਜ਼ਿਲ੍ਹੇ ਅੰਦਰ 24 ਅਪ੍ਰੈਲ ਤੋਂ 30 ਅਪ੍ਰੈਲ ਤੱਕ ਵਿਸ਼ਵ ਟੀਕਾਕਰਨ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਦਸਿਆ ਕਿ ਇਸ ਟੀਕਾਕਰਨ ਮੁਹਿੰਮ ਦਾ ਮੁੱਖ ਮੰਤਵ ਆਮ ਲੋਕਾਂ ਨੂੰ ਟੀਕਾਕਰਨ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਅਤੇ ਟੀਕਿਆਂ ਰਾਹੀਂ ਰੋਕੀਆਂ ਜਾ ਸਕਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ ਸਮੂਹਕ ਯਤਨਾਂ ਨੂੰ ਤੇਜ਼ ਕਰਨਾ ਹੈ।ਉਨ੍ਹਾਂ ਦਸਿਆ ਕਿ ਇਸ ਹਫ਼ਤੇ ਦੌਰਾਨ ਉੱਚ ਜੋਖਮ ਵਾਲੇ ਸਾਰੇ ਖੇਤਰਾਂ ਵਿਚ ਵਿਸ਼ੇਸ਼ ਕੈਂਪ ਲਗਾਏ ਜਾਣਗੇ ਅਤੇ ਜਾਗਰੂਕਤਾ ਸਰਗਰਮੀਆਂ ਕੀਤੀਆਂ ਜਾਣਗੀਆਂ। ਇਹ ਕੈਂਪ ਵਿਸ਼ੇਸ਼ ਤੌਰ ਤੇ ਪ੍ਰਵਾਸੀ ਆਬਾਦੀ ਵਾਲੇ ਖੇਤਰਾਂ, ਝੁੱਗੀਆਂ, ਬਸਤੀਆਂ ਆਦਿ ਵਿਚ ਰਹਿਣ ਵਾਲੀਆਂ ਗਰਭਵਤੀ ਔਰਤਾਂ ਤੇ ਛੋਟੇ ਬੱਚਿਆਂ ਨੂੰ ਕਵਰ ਕਰਨ ਕਰਨਗੇ। ਸ਼ਹਿਰੀ ਖੇਤਰਾਂ ਅਤੇ ਪ੍ਰਵਾਸੀ ਆਬਾਦੀ ਵਾਲੇ ਇਲਾਕਿਆਂ ਵਿੱਚ ਟੀਕਾਕਰਨ ਕਵਰੇਜ ਵਧਾਉਣ ਲਈ ਕੈਂਪ ਲਗਾਏ ਜਾਣਗੇ ਤਾਂ ਕਿ ਕੋਈ ਵੀ ਬੱਚਾ ਜਾਂ ਗਰਭਵਤੀ ਮਹਿਲਾ ਟੀਕਾਕਰਨ ਤੋਂ ਵਾਂਝਾ ਨਾ ਰਹੇ। ਜਾਗਰੂਕਤਾ ਵਧਾਉਣ ਲਈ ਆਈ.ਈ.ਸੀ. ਗਤੀਵਿਧੀਆਂ ਵੀ ਕੀਤੀਆਂ ਜਾਣਗੀਆਂ, ਖਾਸ ਕਰਕੇ ਸ਼ਹਿਰੀ ਅਤੇ ਮਾਈਗ੍ਰੇਟਰੀ ਆਬਾਦੀ ਵਾਲੇ ਖੇਤਰਾਂ ਵਿੱਚ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੇ ਕਰਮਚਾਰੀ ਘਰ-ਘਰ ਜਾ ਕੇ ਵੀ ਲੋਕਾਂ ਨੂੰ ਟੀਕਾਕਰਨ ਬਾਰੇ ਪ੍ਰੇਰਿਤ ਕਰਨਗੇ।

# ਪੋਸਟਰ ਮੇਕਿੰਗ ਮੁਕਾਬਲੇ ਕਰਵਾਏ


**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**

ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜਪੁਰ ਵਿੱਚ ਅਰਥ ਡੇ ਬੜ੍ਹੇ ਜੋਸ਼ ਦੇ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ



ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਸਕੂਲ ਅੰਦਰ ਹਾਊਸ ਵਾਈਜ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਦੌਰਾਨ ਬੱਚਿਆਂ ਨੇ ਅਲੱਗ ਅਲੱਗ ਹਾਊਸ ਦੀ ਅਗਵਾਈ ਕਰਦੇ ਹੋਏ ਅਰਥ ਡੇ ਦੇ ਮੌਕੇ ਤੇ ਪੋਸਟਰ ਬਣਾ ਕੇ ਆਵਾਮ ਨੂੰ ਧਰਤੀ ਦੇ ਖਰਾਬ ਹੋ ਰਹੇ ਹਾਲਾਤਾਂ ਅਤੇ ਉਹਨਾਂ ਨੂੰ ਸੰਭਾਲਣ ਦੇ ਲਈ ਜੋ ਹੱਲ ਕੀਤੇ ਜਾ ਸਕਦੇ ਹਨ ਉਹਨਾਂ ਬਾਰੇ ਦੱਸਿਆ। ਉਨ੍ਹਾਂ ਧਰਤੀ ਤੇ ਵੱਧ ਰਹੇ ਪ੍ਰਦੂਸ਼ਣ ਅਤੇ ਧਰਤੀ ਦੀ ਸਾਂਭ ਸੰਭਾਲ ਪ੍ਰਤੀ ਆਪਣੇ ਮਨ ਦੇ ਭਾਵਾਂ ਨੂੰ ਪੋਸਟਰਾਂ ਦੇ ਰੂਪ ਦੇ ਵਿੱਚ ਕਾਗਜ਼ ਤੇ ਉਕੇਰਿਆ। ਇਸ ਦੇ ਨਾਲ ਹੀ ਨਰਸਰੀ ਕਲਾਸ ਦੇ ਬੱਚਿਆਂ ਨੇ ਰੁੱਖ ਲਗਾਉਣ ਦੀ ਗਤੀਵਿਧੀ ਦੌਰਾਨ ਪੂਰੇ ਸਮਾਜ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੁਨੇਹਾ ਦਿੱਤਾ।ਇਸ ਮੌਕੇ ਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਅਪੀਲ ਕੀਤੀ ਕਿ ਕਿਸੇ ਇੱਕ ਦਿਨ ਅਰਥ ਡੇ ਮਨਾ ਕੇ ਸਾਡਾ ਟੀਚਾ ਪੂਰਾ ਨਹੀਂ ਹੋਣਾ। ਪੋਸਟਰ ਮੇਕਿੰਗ ਮੁਕਾਬਲਿਆਂ ਦੇ ਨਤੀਜਿਆਂ ਵਿੱਚ ਮਾਰਸ ਹਾਊਸ ਦੀ ਅੰਸ਼ਿਕਾ ਨੇ ਪਹਿਲਾ ਸਥਾਨ, ਅਰਥ ਹਾਊਸ ਦੀ ਸਾਹਿਜਪ੍ਰੀਤ ਕੌਰ ਅਤੇ ਮਾਰਸ ਹਾਊਸ ਦੀ ਖੁਸ਼ੀ ਨੇ ਸਾਂਝੇ ਤੌਰ ਤੇ ਦੂਸਰਾ ਸਥਾਨ ਅਤੇ ਮਰਕਰੀ ਹਾਊਸ ਦੀ ਐਸ਼ਲੀਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਅੰਤ ਵਿੱਚ ਪ੍ਰਿੰਸੀਪਲ ਸੰਗਰ ਦੀ ਅਗਵਾਈ ਵਿੱਚ ਸਮੂਹ ਵਿਦਿਆਰਥੀਆਂ ਨੇ ਧਰਤੀ ਨੂੰ ਸਾਫ ਸੁਥਰਾ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਉਪਰਾਲੇ ਜਾਰੀ ਰੱਖਣ ਦੀ ਸਹੁੰ ਚੁੱਕੀ।ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ,ਤਰਨ ਸੈਣੀ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਬਲਜੀਤ ਕੌਰ, ਸੁਮੀਤ ਕੌਰ, ਪਰਮਜੀਤ ਕੌਰ, ਕੰਚਨ, ਰਾਜਵੀਰ ਕੌਰ, ਗੁਰਪ੍ਰੀਤ, ਰਜਮੀਤ, ਵਿਸ਼ਾਲੀ ਅਰਚਨਾ, ਨੇਹਾ, ਸੁਮਨ, ਰਾਜਵਿੰਦਰ, ਵਿਨੇ, ਸ਼ਿਲਪਾ, ਹਰਜੀਤ, ਸੋਨੂ, ਕਿਰਨ, ਸੁਸ਼ੀਲ, ਸੁਰੇਸ਼, ਬਲਦੇਵ, ਰੁਪਿੰਦਰ, ਮਮਤਾ, ਇਕਬਾਲ, ਹਰਮਿੰਦਰ, ਨੀਨਾ, ਰੁਪਿੰਦਰ, ਮਨੀਸ਼ਾ, ਅਨੁਰਾਧਾ, ਹਰਜੀਤ, ਗੁਰਦੇਵ, ਅਜੇ ਤੇ ਬਾਕੀ ਸਟਾਫ਼ ਵੀ ਮੌਜੂਦ ਸੀ।

# ਸਨਰਾਈਜ਼ ਇੰਟਰਨੈਸ਼ਨਲ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**


ਬੀਤੇ ਦਿਨੀਂ ਸੀ ਬੀ ਐੱਸ ਈ ਵਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸਨਰਾਈਜ਼ ਕਾਨਵੇਂਟ ਇੰਟਰਨੈਸ਼ਨਲ ਸਕੂਲ ਮੰਨਣਹਾਨਾ (ਕੋਟ ਫਤੂਹੀ) ਦੇ ਵਿਦਿਆਰਥੀਆਂ ਵਲੋਂ ਸ਼ਾਨਦਾਰ ਪ੍ਰਦਰਸ਼ਨ ਕਰਨ ਤੇ ਸਕੂਲ ਵਿਖੇ ਇੱਕ ਸਨਮਾਨ ਸਮਾਰੋਹ ਸਕੂਲ ਚੇਅਰਮੈਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ, ਡਾਇਰੈਕਟਰ ਅਨਿਲ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਕੁਲਜੀਤ ਕੌਰ ਸੰਧੂ ਦੀ ਅਗਵਾਈ ਵਿੱਚ ਆਯੋਜਤ ਕੀਤਾ ਗਿਆ। ਜਿਸ ਵਿੱਚ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ, ਜਿਹਨਾਂ ਵਿੱਚ ਗੁਰਲੀਨ ਕੌਰ ਨੇ 98.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਜਿਸਨੂੰ 5100/- ਰੁਪਏ ਨਗਦੀ ਅਤੇ ਸਨਮਾਨ ਚਿੰਨ, ਸੁਖਪ੍ਰੀਤ ਕੌਰ ਨੇ 97.4% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਜਿਸਨੂੰ 4100/- ਰੁਪਏ ਨਗਦੀ ਤੇ ਸਨਮਾਨ ਚਿੰਨ,ਅਮਰੀਨ ਕੌਰ ਨੇ 95% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਜਿਸਨੂੰ 3100/- ਰੁਪਏ ਨਗਦ ਪਰਮੀਤ ਅਤੇ ਸਨਵੀਰ ਸਿੰਘ ਨੂੰ 3100/- ਰੁਪਏ ਨਗਦ, ਨਿਤੇਸ਼ ਜੱਖੂ, ਅਰਸ਼ਪ੍ਰੀਤ ਕੌਰ ਨੂੰ 2500/- ਰੁਪਏ ਨਗਦ ,ਗੁਰਲੀਨ ਕੌਰ ਅਤੇ ਮਨਿੰਦਰ ਕੌਰ ਨੂੰ 2100/- ਰੁਪਏ ਨਕਦ ਇਨਾਮ ਅਤੇ ਸਨਮਾਨ ਚਿੰਨ ਦੇ ਕੇ ਉਨ੍ਹਾਂ ਦੇ ਮਾਤਾ ਪਿਤਾ ਦੀ ਹਾਜ਼ਰੀ ਵਿੱਚ ਸਨਮਾਨਤ ਕੀਤਾ ਗਿਆ।ਇਸ ਮੌਕੇ ਚੇਅਰਮੈਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾ, ਡਾਇਰੈਕਟਰ ਅਨਿਲ ਅਗਰਵਾਲ ਅਤੇ ਪ੍ਰਿੰਸੀਪਲ ਕੁਲਜੀਤ ਕੌਰ ਸੰਧੂ ਨੇ ਵਿਦਿਆਰਥੀਆਂ ਦੀ ਇਸ ਸਫਲਤਾ ਤੇ ਮੁਬਾਰਕਬਾਦ ਦਿੱਤੀ ਅਤੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ। ਸਕੂਲ ਵਲੋਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਲਈ ਚਾਹ ਪਾਰਟੀ ਦਾ ਪ੍ਰਬੰਧ ਵੀ ਕੀਤਾ ਗਿਆ।

# ਅੱਵਲ ਆਏ ਵਿਦਿਆਰਥੀ ਸਨਮਾਨਤ



**ਭੋਗਪੁਰ (ਗੁਰਪ੍ਰੀਤ ਸਿੰਘ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਨਪਾਲਕੇ ਵਿੱਚ ਅੱਠਵੀਂ ਕਲਾਸ ਦੀ ਸਾਲਾਨਾ ਪ੍ਰੀਖਿਆ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਤੇ ਸਟਾਫ਼ ਵੱਲੋਂ ਮੈਡਲ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਸਕੂਲ ਦਾ ਨਤੀਜਾ 100% ਰਿਹਾ ਹੈ ਅਤੇ ਸਾਰੇ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ। ਸਕੂਲ ਵਿੱਚ ਵਿਦਿਆਰਥਣ ਗੀਆ ਪੁੱਤਰੀ ਰਾਜ ਕੁਮਾਰ ਨੇ 83.8% ਅੰਕ ਪ੍ਰਾਪਤ ਕਰਕੇ ਪਹਿਲਾ,ਪ੍ਰਭਜੋਤ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਭੋਗਲ ਨੇ 80.8%ਅੰਕ ਪ੍ਰਾਪਤ ਕਰਕੇ ਦੂਜਾ ਅਤੇ ਹਰਸੀਰਤ ਰਾਏ ਪੁੱਤਰੀ ਸ਼੍ਰੀ ਕੁਲਦੀਪ ਰਾਏ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਨੇ ਕਲਾਸ ਇੰਚਾਰਜ ਬਲਜੀਤ ਕੌਰ, ਰਾਜਵੰਤ ਕੌਰ ਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੱਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਮੂਹ ਸਟਾਫ਼ ਨੇ ਅੱਵਲ ਆਈਆਂ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਮੁਬਾਰਕਬਾਦ ਦਿੱਤੀ। ਇਸ ਮੌਕੇ ਸਕੂਲ ਸਟਾਫ ਨਲਿਨੀ ਸਿੱਕਾ, ਪਰਮਿੰਦਰਜੀਤ ਕੌਰ, ਲਵਲੀਨ, ਪੂਨਮ ਦੱਤਾ, ਬਲਜੀਤ ਕੌਰ, ਬ੍ਰਿਜ ਲਾਲ, ਰਾਜਿੰਦਰ ਸਿੰਘ, ਲਲਿਤ ਕੁਮਾਰ, ਜਗਦੀਪ ਸਿੰਘ, ਸੁਖਵਿੰਦਰ ਸਿੰਘ,ਬਲਜਿੰਦਰ ਸਿੰਘ, ਰੂਪ ਰਾਣੀ, ਰੰਜਨਾ, ਬਲਜੀਤ ਕੌਰ ਸੈਣੀ, ਸਰਬਜੀਤ ਕੌਰ, ਜਤਿੰਦਰ ਕੌਰ, ਧੀਰਜ ਕਲਸੀ, ਅੰਮ੍ਰਿਤਾ ਰਾਣੀ, ਗੀਤਾ ਦੇਵੀ, ਰਾਜਵੰਤ ਕੌਰ ਹਰਨੀਤ ਸਿੰਘ ਦਿਓਲ ਤੇ ਰੁਪਿੰਦਰ ਸਿੰਘ ਹਾਜ਼ਰ ਸਨ।

# ਨਾਵਲਕਾਰ ਨਕਸ਼ਦੀਪ ਪੰਜਕੋਹਾ ਤੇ ਸੰਤਵੀਰ ਨਾਲ ਸੰਵਾਦ ਸਮਾਰੋਹ ਕਰਵਾਇਆ



**ਖਰੜ (ਸੁਰਜੀਤ ਸੁਮਨ)**-ਪੰਜਾਬ ਕਲਾ ਪਰੀਸ਼ਦ ਚੰਡੀਗੜ੍ਹ ਵਲੋਂ ਪੰਜਾਬ ਦੀ ਨਵ-ਸਿਰਜਣਾ ਤਹਿਤ ਆਰੰਭ ਕੀਤੀ ਪ੍ਰੋਗਰਾਮ ਲੜੀ 'ਸਿਰਜਣਾ ਅਤੇ ਸੰਵਾਦ' ਅਧੀਨ ਪੰਜਾਬੀ ਸਾਹਿਤ ਸਭਾ ਖਰੜ ਦੇ ਵਿਸ਼ੇਸ਼ ਸਹਿਯੋਗ ਨਾਲ ਸਥਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਸਿੱਧ ਨਾਵਲਕਾਰਾਂ ਨਕਸ਼ਦੀਪ ਪੰਜਕੋਹਾ ਤੇ ਸੰਤਵੀਰ ਨਾਲ ਸੰਵਾਦ ਸਮਾਰੋਹ ਦਾ ਆਯੋਜਨ ਕੀਤਾ ਗਿਆ। ਹਾਜ਼ਰ ਲੇਖਕਾਂ, ਆਲੋਚਕਾਂ ਤੇ ਪਾਠਕਾਂ ਨੇ ਦੋਵੇਂ ਨਾਵਲਕਾਰਾਂ ਨਾਲ ਉਨ੍ਹਾਂ ਦੇ ਨਾਵਲਾਂ ਨਾਲ ਜੁੜੇ ਵੱਖ ਵੱਖ ਪਹਿਲੂਆਂ ਬਾਰੇ ਗੰਭੀਰ ਚਰਚਾ ਕੀਤੀ। ਕੋਆਰਡੀਨੇਟਰ ਡਾ. ਜੇ ਬੀ ਸੇਖੋਂ ਨੇ ਪਰੀਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ ਦੀ ਅਗਵਾਈ ਹੇਠ ਚੱਲ ਰਹੀ ਇਸ ਹਫ਼ਤਾਵਰੀ ਗੋਸ਼ਟੀ ਦੇ ਮੰਤਵ ਬਾਰੇ ਦੱਸਿਆ ਅਤੇ ਇਸ ਨੂੰ ਨਾਵਲ ਚਿੰਤਨ ਦੇ ਖੇਤਰ ਲਈ ਲਾਹੇਵੰਦ ਪ੍ਰਕਿਰਿਆ ਕਿਹਾ। ਨਾਵਲਕਾਰ ਨਕਸ਼ਦੀਪ ਪੰਜਕੋਹਾ ਨੇ ਆਪਣੇ ਸਾਰੇ ਨਾਵਲਾਂ ਦੀ ਰਚਨਾ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਆਪਣੇ ਨਾਵਲਾਂ ਦੇ ਵਿਸ਼ਾ-ਵਸਤੂ ਦੀ ਚੋਣ, ਪਾਤਰ, ਭਾਸ਼ਾ ਅਤੇ ਪੇਸ਼ਕਾਰੀ ਨਾਲ ਜੁੜੇ ਵੱਖ ਵੱਖ ਪੱਖਾਂ ਬਾਰੇ ਦੱਸਿਆ। ਕਹਾਣੀਕਾਰ ਅਜਮੇਰ ਸਿੱਧੂ ਨੇ ਉਨ੍ਹਾਂ ਨਾਲ ਸੰਵਾਦ ਦਾ ਆਰੰਭ ਕੀਤਾ ਅਤੇ ਨਾਵਲਾਂ ਦੇ ਸਿਰਜਣਾਤਮਿਕ ਪਿਛੋਕੜ ਬਾਰੇ ਸਵਾਲ ਰੱਖੇ। ਸਭਾ ਦੇ ਪ੍ਰਧਾਨ ਡਾ. ਜਸਪਾਲ ਜੱਸੀ, ਗੁਰਿੰਦਰ ਕਲਸੀ ਤੇ ਮਨਮੋਹਨ ਸਿੰਘ ਦਾਊਂ ਨੇ ਪੰਜਾਬੀ ਨਾਵਲ ਪਰੰਪਰਾ ਵਿੱਚ ਆਵਾਸ ਤੇ ਪਰਵਾਸ ਦੇ ਮਸਲਿਆਂ ਸਬੰਧੀ ਨਕਸ਼ਦੀਪ ਪੰਜਕੋਹਾ ਨਾਲ ਸਵਾਲ-ਜਵਾਬ ਕੀਤੇ। ਦੂਜੇ ਸੈਸ਼ਨ ਵਿੱਚ ਨਾਵਲਕਾਰ ਸੰਤਵੀਰ ਨੇ ਆਪਣੇ ਨਾਵਲਾਂ ਵਿੱਚ ਸੰਤਾਲੀ ਦੀ ਵੰਡ, ਔਰਤ-ਮਰਦ ਭੇਦ-ਭਾਵ, ਪੰਜਾਬ ਸੰਕਟ ਅਤੇ ਪੂੰਜੀਵਾਦੀ ਪ੍ਰਬੰਧ ਨਾਲ ਪੈਦਾ ਮਸਲਿਆਂ ਬਾਰੇ ਦੱਸਿਆ।

# ਆਟੋਮੋਬਾਈਲ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਉਦਯੋਗਿਕ ਦੌਰਾ



**ਜਲੰਧਰ (ਸ਼ੈਲੀ ਐਲਬਰਟ)**

ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਆਟੋਮੋਬਾਈਲ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸਿੱਖਿਆਤਮਕ ਉਦਯੋਗਿਕ ਦੌਰੇ ਤਹਿਤ ਸ਼ਾਰਪ ਚੱਕ ਐਂਡ ਮਸ਼ੀਨ ਲਿਮਿਟਡ ਦਾ ਦੌਰਾ ਕੀਤਾ ਗਿਆ। ਇਹ ਦੌਰਾ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਸਰਪਰਸਤੀ ਹੇਠ ਆਯੋਜਿਤ ਕੀਤਾ ਗਿਆ।ਗੌਰਵ ਸ਼ਰਮਾ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਸੈਮੇਸਟਰ ਅਜਿਹੇ ਉਦਯੋਗਿਕ ਦੌਰੇ ਕਰਵਾਏ ਜਾਂਦੇ ਹਨ, ਤਾਂ ਜੋ ਵਿਦਿਆਰਥੀਆਂ ਨੂੰ ਕਲਾਸਰੂਮ ਸਿੱਖਿਆ ਦੇ ਨਾਲ-ਨਾਲ ਅਸਲ ਉਦਯੋਗਿਕ ਮਾਹੌਲ ਦੀ ਵੀ ਜਾਣਕਾਰੀ ਮਿਲ ਸਕੇ। ਉਨ੍ਹਾਂ ਕਿਹਾ ਕਿ ਇਹ ਦੌਰੇ ਵਿਦਿਆਰਥੀਆਂ ਦੀ ਤਕਨੀਕੀ ਅਤੇ ਪ੍ਰਯੋਗਾਤਮਕ ਸਮਝ ਨੂੰ ਮਜ਼ਬੂਤ ਬਣਾਉਂਦੇ ਹਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਪਹਿਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਨੂੰ ਉਦਯੋਗਿਕ ਪ੍ਰਕਿਰਿਆਵਾਂ ਦੀ ਗਹਿਰੀ ਸਮਝ ਪ੍ਰਾਪਤ ਹੁੰਦੀ ਹੈ ਤੇ ਉਹਨਾਂ ਦੇ ਕਰੀਅਰ ਲਈ ਮਜ਼ਬੂਤ ਆਧਾਰ ਤਿਆਰ ਹੁੰਦਾ ਹੈ। ਦੌਰੇ ਦੌਰਾਨ ਫੈਕਟਰੀ ਦੇ ਤਕਨੀਕੀ ਕਰਮਚਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਮਸ਼ੀਨਾਂ, ਧਾਤੂ ਨੂੰ ਆਕਾਰ ਦੇਣ ਦੀ ਪ੍ਰਕਿਰਿਆ ਅਤੇ ਕਠੋਰਤਾ ਮਾਪਣ ਵਾਲੇ ਯੰਤਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਫੋਰਜਿੰਗ ਦੀਆਂ ਵੱਖ-ਵੱਖ ਕਿਸਮਾਂ ਜਿਵੇਂ ਕਿ ਖੁੱਲ੍ਹੀ ਡਾਈ ਫੋਰਜਿੰਗ, ਬੰਦ ਡਾਈ ਫੋਰਜਿੰਗ, ਡਰੌਪ ਫੋਰਜਿੰਗ, ਪ੍ਰੈੱਸ ਫੋਰਜਿੰਗ ਅਤੇ ਅੱਪਸੈੱਟ ਫੋਰਜਿੰਗ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਫੈਕਟਰੀ ਦਾ ਮਾਰਗਦਰਸ਼ਿਤ ਦੌਰਾ ਕਰਵਾਇਆ ਗਿਆ, ਜਿਸ ਨਾਲ ਉਨ੍ਹਾਂ ਨੂੰ ਅਸਲ ਉਦਯੋਗਿਕ ਕਾਰਜ ਪ੍ਰਣਾਲੀ ਦੀ ਵਧੀਆ ਸਮਝ ਪ੍ਰਾਪਤ ਹੋਈ।

# ਦਸਤਾਰ ਬੰਦੀ ਮੁਕਾਬਲੇ ਕਰਵਾਏ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੌਬੀ)**-ਸਥਾਨਕ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਬੱਚਿਆਂ ਦੇ ਦਸਤਾਰਬੰਦੀ ਮੁਕਾਬਲੇ ਕਰਵਾਏ ਗਏ।ਸਕੂਲ ਪ੍ਰਿੰਸੀਪਲ ਕਿਰਨਜੋਤ ਕੌਰ ਮਾਂਗਟ ਨੇ ਦੱਸਿਆ ਕਿ ਸਕੂਲ ਕਮੇਟੀ ਦੇ ਮੈਨੇਜਰ ਜਥੇ ਹਰਬੰਸ ਸਿੰਘ ਕੰਧੋਲਾ ਦੀ ਅਗਵਾਈ ਵਿੱਚ ਚੱਲ ਰਹੇ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਵਰਗਾਂ ਵਿੱਚ ਵੰਡ ਕੇ, ਉਨ੍ਹਾਂ ਦੇ ਦਸਤਾਰਬੰਦੀ ਮੁਕਾਬਲੇ ਕਰਾਏ ਗਏ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ ਵਿਦਿਆਰਥੀਆਂ ਵਿੱਚ ਸਿਰ ਤੇ ਦਸਤਾਰ ਸਜਾਉਣ ਸਬੰਧੀ ਲਗਾਅ ਵਧਾਉਣ ਲਈ ਕਰਵਾਏ ਗਏ ਹਨ। ਉਕਤ ਮੁਕਾਬਲੇ ਦੌਰਾਨ ਪੰਜਵੀਂ ਤੋਂ ਅੱਠਵੀਂ ਦੇ ਵਰਗ ਵਿੱਚ ਗੁਰਜੋਤ ਸਿੰਘ, ਨੌਵੀਂ ਅਤੇ ਦਸਵੀਂ ਦੇ ਵਰਗ ਵਿੱਚ ਇੰਦਰਪ੍ਰੀਤ ਸਿੰਘ, ਗਿਆਰਵੀਂ ਅਤੇ ਬਾਰ੍ਹਵੀਂ ਦੇ ਵਰਗ ਵਿੱਚ ਗੁਰਇਕਬਾਲ ਸਿੰਘ ਜੇਤੂ ਰਹੇ ।ਜੇਤੂ ਰਹੇ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਦਸਤਾਰ ਦੀ ਮਹੱਤਤਾ ਨੂੰ ਉਜਾਗਰ ਕਰਨ ਵਾਲੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।



# ਅੱਠਵੀਂ ਦਾ ਨਤੀਜਾ ਰਿਹਾ 100 ਫੀਸਦੀ



ਹਰਲੀਨ ਕੌਰ | ਕਰਿਤਕਾ ਸ਼ਰਮਾ | ਮਨਸੀਰਤ ਕੌਰ | ਪ੍ਰਭਜੋਤ ਕੌਰ | ਅਰਮਾਨਪ੍ਰੀਤ ਸਿੰਘ | ਆਸ਼ੂਤੋਸ਼ ਸਿੰਘ

**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਦਾ ਨਤੀਜਾ ਐਲਾਨਿਆ ਗਿਆ। ਜਿਸ ਵਿੱਚ ਭਾਈ ਨੰਦ ਲਾਲ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਪ੍ਰਾਪਤ ਕੀਤੀਆ। ਇਸ ਸਾਲ ਕੁੱਲ 38 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਜਿਸ ਵਿੱਚ 90% ਤੋਂ ਉਪਰ ਕੁੱਲ 6 ਵਿਦਿਆਰਥੀ ਰਹੇ। 80% ਤੋਂ 89% ਦੇ ਵਿਚਕਾਰ 15 ਵਿਦਿਆਰਥੀ, 70% ਤੋਂ 79% ਦੇ ਵਿਚਕਾਰ 16 ਵਿਦਿਆਰਥੀ ਅਤੇ 65% ਤੋਂ ਉਪਰ 1 ਵਿਦਿਆਰਥੀ ਰਿਹਾ।ਇਸ ਪ੍ਰੀਖਿਆ ਵਿੱਚ ਪਹਿਲੇ ਸਥਾਨ ਤੇ ਹਰਲੀਨ ਕੌਰ ਪੁੱਤਰੀ ਦਲਬਾਗ ਸਿੰਘ ਪਿੰਡ ਫਤਿਹਪੁਰ ਨੇ 95.5% ਅੰਕ , ਦੂਜੇ ਸਥਾਨ ਤੇ ਕਰਿਤਕਾ ਸ਼ਰਮਾ ਪੁੱਤਰੀ ਅਨਿਲ ਕੁਮਾਰ ਵਾਸੀ ਮੋਰਿੰਡਾ ਨੇ 92.87% ਅੰਕ, ਤੀਜੇ ਸਥਾਨ ਤੇ ਮਨਸੀਰਤ ਕੌਰ ਪੁੱਤਰੀ ਦਲਬਾਰਾ ਸਿੰਘ ਪਿੰਡ ਫਤਿਹਪੁਰ ਨੇ 92.6% ਅੰਕ, ਚੌਥੇ ਸਥਾਨ ਤੇ ਪ੍ਰਭਜੋਤ ਕੌਰ ਪੁੱਤਰੀ ਗੁਰਮੇਲ ਸਿੰਘ ਵਾਸੀ ਮੋਰਿੰਡਾ ਨੇ 92.3% ਅੰਕ, ਅਰਮਾਨਪ੍ਰੀਤ ਸਿੰਘ ਪੁੱਤਰ ਕੁਲਵੀਰ ਸਿੰਘ ਵਾਸੀ ਨੋਗਾਵਾਂ ਨੇ 92.3% ਅੰਕ ਅਤੇ ਆਸ਼ੂਤੋਸ਼ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਮੋਰਿੰਡਾ ਨੇ ਅੰਕ ਪ੍ਰਾਪਤ ਕਰਕੇ ਮਾਪਿਆਂ ਦਾ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਬੱਚਿਆਂ ਦੀ ਇਸ ਸ਼ਾਨਦਾਰ ਕਾਰਗੁਜ਼ਾਰੀ ਪਿੱਛੇ ਸਕੂਲ ਮੁੱਖੀ ਯੋਗਿਤਾ ਰਾਵਲ ਦੀ ਯੋਗ ਅਗਵਾਈ, ਅਧਿਆਪਕਾਂ ਤੇ ਬੱਚਿਆਂ ਦੀ ਮਿਹਨਤ ਅਤੇ ਮਾਪਿਆਂ ਦਾ ਸਹਿਯੋਗ ਰਿਹਾ।

# ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਵੱਲੋਂ ਆਈ ਬੀ ਐੱਮ, ਐੱਨ ਆਈ ਐੱਸ ਐੱਮ ਤੇ ਟੈਲੀ ਨਾਲ ਸਮਝੌਤਾ

**ਜਲੰਧਰ (ਸ਼ੈਲੀ ਐਲਬਰਟ)**-ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼, ਮਕਸੂਦਾਂ ਵੱਲੋਂ ਵਿਦਿਆਰਥੀਆਂ ਨੂੰ ਉਦਯੋਗ ਦੇ ਮਾਪਦੰਡਾਂ ਅਨੁਸਾਰ ਤਿਆਰ ਕਰਨ ਅਤੇ ਅਕਾਦਮਿਕ ਮਿਆਰ ਨੂੰ ਉੱਚਾ ਚੁੱਕਣ ਲਈ ਆਈ ਬੀ ਐਮ ਦੇ ਦੁਨੀਆ ਭਰ ਵਿੱਚ ਬਿਜ਼ਨਸ ਪਾਰਟਨਰ, ਐੱਨ ਆਈ ਐੱਸ ਐੱਮ ਤੇ ਟੈਲੀ ਸਮੇਤ ਪ੍ਰਮੁੱਖ ਸੰਸਥਾਵਾਂ ਨਾਲ ਕਈ ਸਾਰੇ ਸਮਝੌਤਾ ਪੱਤਰ ਕੀਤੇ ਗਏ ਹਨ। ਆਈ ਬੀ ਐੱਮ ਸਹਿਯੋਗ ਨਾਲ ਹੋਏ ਸਮਝੌਤੇ ਅਧੀਨ ਵਿਦਿਆਰਥੀਆਂ ਨੂੰ ਆਰਟੀਫਿਸ਼ਲ ਇੰਟੈਲੀਜੈਂਸ, ਡਾਟਾ ਸਾਇੰਸ, ਸਾਇਬਰ ਸੁਰੱਖਿਆ, ਕਲਾਉਡ ਕੰਪਿਊਟਿੰਗ, ਬਲਾਕਚੇਨ ਅਤੇ ਬਿਜ਼ਨਸ ਐਨਾਲਿਟਿਕਸ ਵਰਗੇ ਉਭਰਦੇ ਖੇਤਰਾਂ ਵਿੱਚ ਤਿਆਰੀ ਕਰਵਾਈ ਜਾਵੇਗੀ। ਇਸ ਨਾਲ ਵਿਦਿਆਰਥੀਆਂ ਨੂੰ ਉਦਯੋਗ-ਅਧਾਰਿਤ ਕੋਰਸ, ਪ੍ਰੈਕਟੀਕਲ ਟ੍ਰੇਨਿੰਗ, ਲਾਈਵ ਪ੍ਰੋਜੈਕਟਸ, ਸਰਟੀਫਿਕੇਸ਼ਨ ਤੇ ਪਲੇਸਮੈਂਟ ਸਹਾਇਤਾ ਮਿਲੇਗੀ। ਐੱਨ ਆਈ ਐੱਸ ਐੱਮ ਨਾਲ ਕੀਤੇ ਸਮਝੌਤੇ ਰਾਹੀਂ ਵਿਦਿਆਰਥੀਆਂ ਨੂੰ ਵਿੱਤੀ ਮਾਰਕੀਟਾਂ, ਨਿਵੇਸ਼ ਪ੍ਰਕਿਰਿਆਵਾਂ ਤੇ ਨਿਯਮਕ ਢਾਂਚੇ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਹੋਵੇਗੀ, ਜੋ ਉਨ੍ਹਾਂ ਦੇ ਕਰੀਅਰ ਨੂੰ ਮਜ਼ਬੂਤੀ ਦੇਵੇਗੀ। ਟੈਲੀ ਨਾਲ ਸਹਿਯੋਗ ਦੇ ਤਹਿਤ ਵਿਦਿਆਰਥੀਆਂ ਨੂੰ ਅਕਾਊਂਟਿੰਗ ਸਾਫਟਵੇਅਰ, ਜੀਐਸਟੀ ਅਤੇ ਵਿੱਤੀ ਪ੍ਰਬੰਧਨ ਵਿੱਚ ਪ੍ਰਯੋਗਾਤਮਕ ਸਿੱਖਿਆ ਦਿੱਤੀ ਜਾਵੇਗੀ, ਜੋ ਉਨ੍ਹਾਂ ਨੂੰ ਕਾਰਪੋਰੇਟ ਖੇਤਰ ਲਈ ਤਿਆਰ ਕਰੇਗੀ। ਇਹ ਸਮਝੌਤੇ ਸਾਲ 2026 ਤੋਂ ਚਾਰ ਸਾਲਾਂ ਲਈ ਲਾਗੂ ਰਹਿਣਗੇ, ਜਿਨ੍ਹਾਂ ਵਿੱਚ ਕਲਾਸਰੂਮ ਸਿੱਖਿਆ, ਆਨਲਾਈਨ ਮੋਡੀਊਲ, ਪ੍ਰੈਕਟੀਕਲ ਅਨੁਭਵ ਅਤੇ ਨਿਰੰਤਰ ਮਾਰਗਦਰਸ਼ਨ ਸ਼ਾਮਲ ਹੋਵੇਗਾ।



# ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਸ਼ਰਾਬ ਦੇ ਠੇਕੇ ਚੁੱਕਣ ਦੀ ਪ੍ਰਕਿਰਿਆ ਸ਼ੁਰੂ : ਕਰੀਮਪੁਰੀ



**ਹੁਸ਼ਿਆਰਪੁਰ (ਓ ਪੀ ਰਾਣਾ)**-ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ-ਛੋਹ ਪ੍ਰਾਪਤ ਪਵਿੱਤਰ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਸਨਮਾਨ ਅਤੇ ਮਰਿਯਾਦਾ ਨੂੰ ਬਹਾਲ ਰੱਖਣ ਲਈ ਬਹੁਜਨ ਸਮਾਜ ਪਾਰਟੀ ਵੱਲੋਂ ਵਿੱਢੀ ਗਈ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਬਸਪਾ ਦੇ ਲਗਾਤਾਰ ਸੰਘਰਸ਼ ਅੱਗੇ ਝੁਕਦਿਆਂ ਸਰਕਾਰ ਨੇ ਇੱਥੋਂ ਸ਼ਰਾਬ ਦੇ ਠੇਕੇ ਚੁੱਕਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਇੱਥੇ ਜਾਰੀ ਇੱਕ ਬਿਆਨ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਇਸ ਨੂੰ ਸੰਗਤਾਂ ਅਤੇ ਪਾਰਟੀ ਵਰਕਰਾਂ ਦੇ ਸਿਦਕ ਦੀ ਜਿੱਤ ਕਰਾਰ ਦਿੱਤਾ ਹੈ। ਡਾ. ਕਰੀਮਪੁਰੀ ਨੇ ਦੱਸਿਆ ਕਿ ਬਸਪਾ ਵੱਲੋਂ ਪਿਛਲੇ ਛੇ ਮਹੀਨਿਆਂ ਤੋਂ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਨਿਰੰਤਰ ਸੰਘਰਸ਼ ਜਾਰੀ ਹੈ। ਬਸਪਾ ਦੇ ਦਬਾਅ ਸਦਕਾ ਪ੍ਰਸ਼ਾਸਨ ਨੇ ਡਾ. ਅੰਬੇਡਕਰ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਦਿਆਂ ਉਹਨਾਂ ਨੂੰ ਗ੍ਰਿਫਤਾਰ ਕੀਤਾ ਅਤੇ ਹੁਣ ਸ਼ਰਾਬ ਦੇ ਠੇਕੇ ਕਿਸ਼ਤਾਂ ਵਿੱਚ ਚੁੱਕਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ? ਕਰੀਮਪੁਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਬਸਪਾ ਕਿਸ਼ਤਾਂ ਵਿੱਚ ਠੇਕੇ ਚੁੱਕਣ ਦੇ ਫੈਸਲੇ ਤੋਂ ਸੰਤੁਸ਼ਟ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ? ਸ੍ਰੀ ਖੁਰਾਲਗੜ੍ਹ ਸਾਹਿਬ ਦੀ ਹੱਦ ਅੰਦਰੋਂ ਸਾਰੇ ਸ਼ਰਾਬ ਦੇ ਠੇਕੇ ਅਤੇ ਨਜਾਇਜ਼ ਬਰਾਂਚਾਂ ਤੁਰੰਤ ਪ੍ਰਭਾਵ ਨਾਲ ਪੂਰਨ ਤੌਰ 'ਤੇ ਬੰਦ ਕੀਤੀਆਂ ਜਾਣ।ਕਰੀਮਪੁਰੀ ਨੇ ਕਿਹਾ ਚਾਂਗ ਬਸੋਹਾ ਗੁਰੂ ਰਵਿਦਾਸ ਗੁਰੂ ਘਰ ਨੂੰ ਪੰਚਾਇਤ ਘਰ ਬਣਾਉਣ ਸੰਬੰਧੀ ਧਾਰਮਿਕ ਭਾਵਨਾਵਾਂ ਨੂੰ ਸਰਕਾਰੀ ਤਾਕਤ ਨਾਲ ਕੁਚਲਣ ਵਾਲਾ ਫੈਸਲਾ ਸਰਕਾਰ ਤੁਰੰਤ ਵਾਪਸ ਲਵੇ।ਗੁਰੂ ਘਰ ਦੀਆਂ ਚਾਬੀਆਂ ਤੁਰੰਤ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੇ ਹਵਾਲੇ ਕੀਤੀਆਂ ਜਾਣ।ਜਦੋਂ ਤੱਕ ਪੂਰਨ ਤੌਰ 'ਤੇ ਠੇਕੇ ਬੰਦ ਨਹੀਂ ਹੁੰਦੇ ਅਤੇ ਚਾਂਗ ਬਸੋਹਾ ਗੁਰੂ ਘਰ ਸੰਗਤਾਂ ਨੂੰ ਵਾਪਸ ਨਹੀਂ ਮਿਲਦਾ, ਬਸਪਾ ਦਾ ਅੰਦੋਲਨ ਜਾਰੀ ਰਹੇਗਾ।

# ਜ਼ਿਲ੍ਹਾ ਰੈੱਡ ਕਰਾਸ ਵੱਲੋਂ ਕੰਪਿਊਟਰ ਸੈਂਟਰ ਦਾ ਉਦਘਾਟਨ



**ਮੁਹਾਲੀ (ਗੁਰਜੀਤ ਬਿੱਲਾ)**-ਜ਼ਿਲ੍ਹਾ ਰੈਡ ਕਰਾਸ ਸ਼ਾਖਾ ਵੱਲੋਂ ਲੋਕ ਭਲਾਈ ਦੇ ਲਗਾਤਾਰ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿੱਚ, ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਬਹੁਤ ਹੀ ਵਾਜਿਬ ਫੀਸ ਦਰਾਂ ਤੇ ਇਕ ਨਵਾਂ ਕੰਪਿਊਟਰ ਸੈਂਟਰ ਸ਼ੁਰੂ ਕੀਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸੈਂਟਰ ਦਾ ਦੌਰਾ ਕਰਦੇ ਹੋਏ ਵੱਖ-ਵੱਖ ਕੋਰਸਾਂ ਵਿੱਚ ਦਾਖਲ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਇਸ ਉਪਰਾਲੇ ਨੂੰ ਲੋਕ ਹਿੱਤ ਦਾ ਵੱਡਾ ਉਪਰਾਲਾ ਦੱਸਿਆ।ਵਧੀਕ ਡਿਪਟੀ ਕਮਿਸ਼ਨਰ ਗੀਤਿਕਾ ਸਿੰਘ, ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੈਂਟਰ ਵਿੱਚ ਬੇਸਿਕ ਕੰਪਿਊਟਰ (3 ਮਹੀਨੇ), ਪ੍ਰੋਫੈਸ਼ਨਲ ਕੰਪਿਊਟਰ ਕੋਰਸ (6 ਮਹੀਨੇ) ਅਤੇ ਪ੍ਰੋਫੈਸ਼ਨਲ ਟੈਲੀ ਅਕਾਊਂਟੈਂਸੀ (3 ਮਹੀਨੇ) ਦੇ ਕੋਰਸ ਚਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 3 ਮਹੀਨੇ ਦੇ ਕੋਰਸ ਲਈ ਫੀਸ 500 ਰੁਪਏ ਪ੍ਰਤੀ ਮਹੀਨਾ ਅਤੇ 6 ਮਹੀਨੇ ਦੇ ਕੋਰਸ ਲਈ 1000 ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤੀ ਗਈ ਹੈ।

# ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਦੀ ਮੀਟਿੰਗ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**

ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ (ਰਜਿ.) ਮਾਹਿਲਪੁਰ ਦੀ ਮੀਟਿੰਗ ਸਟਾਰ ਰੀਫੈਸ਼ਮੈਂਟ ਹਵੇਲੀ ਰੋਡ ਮਾਹਿਲਪੁਰ ਵਿਖੇ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਨਿਰਮਲ ਕੌਰ ਬੋਧ, ਅਮਰਜੀਤ ਕੌਰ, ਸੁਮੀਤਾ, ਗਗਨਦੀਪ ਕੌਰ ਸੋਨੂ, ਤਰਸੇਮ ਕੌਰ, ਦੀਆ ਰਾਏ, ਪਰਮਜੀਤ ਕੌਰ ਮੁੱਗੋਵਾਲ, ਪਰੀ, ਬਾਣੀ, ਤ੍ਰਿਸ਼ਾ, ਮਾਸਟਰ ਜੈ ਰਾਮ ਬਾੜੀਆਂ, ਸੁਖਵਿੰਦਰ ਕੁਮਾਰ ਰਿਟਾਇਰਡ ਬੈਂਕ ਅਧਿਕਾਰੀ, ਥਾਣੇਦਾਰ ਸੁਖਦੇਵ ਸਿੰਘ, ਧਰਮ ਸਿੰਘ ਫੌਜੀ, ਡਾ. ਪਰਮਿੰਦਰ ਸਿੰਘ, ਜਰਨੈਲ ਸਿੰਘ, ਨਿਰਮਲ ਸਿੰਘ ਮੁੱਗੋਵਾਲ ਸੰਚਾਲਕ ਨਿਰਵਾਣੁ ਕੁਟੀਆ ਮਾਹਿਲਪੁਰ ਸਮੇਤ ਸੁਸਾਇਟੀ ਦੇ ਮੈਂਬਰ ਅਤੇ ਸਮੱਰਥਕ ਹਾਜ਼ਰ ਹੋਏ। ਇਸ ਮੌਕੇ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ (ਰਜਿ.) ਮਾਹਿਲਪੁਰ ਵੱਲੋਂ ਸਹਿਯੋਗੀ ਸੰਸਥਾਵਾਂ ਦੇ ਸਹਿਯੋਗ ਨਾਲ 14 ਅਪ੍ਰੈਲ ਨੂੰ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਡਕਰ ਦੇ ਜਨਮ ਦਿਨ ਤੇ ਮਾਹਿਲਪੁਰ ਵਿੱਚ ਕੱਢੀ ਗਈ 15ਵੀਂ ਸ਼ੋਭਾ ਯਾਤਰਾ ਦੇ ਸੰਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਸ਼ੋਭਾ ਯਾਤਰਾ ਦੀ ਕਾਮਯਾਬੀ ਲਈ ਸਹਿਯੋਗੀ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਅੱਗੇ ਤੋਂ ਵੀ ਇਸੇ ਤਰ੍ਹਾਂ ਹੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਵੱਲੋਂ ਦਰਸਾਏ ਮਾਰਗ ਤੇ ਚੱਲਣ ਦਾ ਸੰਕਲਪ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ ਨੇ ਦੱਸਿਆ ਕਿ ਬੁੱਧ ਜੈਅੰਤੀ ਤੇ 3 ਮਈ ਦਿਨ



ਐਤਵਾਰ ਨੂੰ ਮਹਾਂਮਾਇਆ ਬੁੱਧ ਵਿਹਾਰ ਬਲਾਚੌਰ ਵਿਖੇ ਕੀਤੇ ਜਾ ਰਹੇ ਧਾਰਮਿਕ ਸਮਾਗਮ ਵਿੱਚ ਮਾਹਿਲਪੁਰ ਤੋਂ ਸੁਸਾਇਟੀ ਦੇ ਮੈਂਬਰ ਹਿੱਸਾ ਲੈਣਗੇ। ਇਸ ਮੌਕੇ ਹੋ ਰਹੇ ਬੁੱਧ ਧੰਮ ਦੀਕਸ਼ਾ ਸਮਾਰੋਹ ਵਿੱਚ ਭਿਕਸ਼ੂ ਚੰਦਰ ਕੀਰਤੀ ਜੀ ਵੱਲੋਂ ਦਿੱਤੀ ਜਾ ਰਹੀ ਦੀਕਸ਼ਾ ਵਿੱਚ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ (ਰਜਿ.) ਮਾਹਿਲਪੁਰ ਵਿੱਚ ਕੰਮ ਕਰਦੀਆਂ 4 ਔਰਤ ਮੈਂਬਰਾਂ ਬੁੱਧ ਧੰਮ ਦੀ ਦੀਕਸ਼ਾ ਲੈਣਗੀਆਂ।

# ਗੱਤਕਾ ਚੈਂਪੀਅਨਸ਼ਿਪ 1 ਤੋਂ 3 ਤੱਕ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਗੱਤਕਾ ਐਸੋਸੀਏਸ਼ਨ ਆਫ਼ ਪੰਜਾਬ ਵੱਲੋਂ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਫ਼ਰੀਦਕੋਟ ਦੇ ਸਹਿਯੋਗ ਨਾਲ 12ਵੀਂ ਰਾਜ ਗੱਤਕਾ ਚੈਂਪੀਅਨਸ਼ਿਪ 2026 (ਲੜਕੀਆਂ) 1 ਤੋਂ 3 ਮਈ ਤੱਕ ਬਾਬਾ ਫ਼ਰੀਦ ਗੁਰੂਕੁਲ ਕਾਲਜ ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ ਵਿੱਚ ਕਰਵਾਈ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਤਿੰਨ ਰੋਜ਼ਾ ਚੈਂਪੀਅਨਸ਼ਿਪ ਸੂਬੇ ਭਰ ਦੀਆਂ ਉਨ੍ਹਾਂ ਹੋਣਹਾਰ ਖਿਡਾਰਨਾਂ ਨੂੰ ਇੱਕ ਢੁਕਵਾਂ ਮੰਚ ਪ੍ਰਦਾਨ ਕਰੇਗੀ ਜੋ ਇਸ ਪ੍ਰਾਚੀਨ ਸਿੱਖ ਜੰਗਜੂ ਕਲਾ ਦੀ ਵਿਰਾਸਤ ਨੂੰ ਅੱਗੇ ਵਧਾ ਰਹੀਆਂ ਹਨ। ਇਹ ਪ੍ਰਤੀਯੋਗਤਾ ਯੁੱਧ ਕਲਾ, ਸਵੈ-ਜ਼ਾਬਤਾ, ਮਰਿਆਦਾ ਅਤੇ ਪਰੰਪਰਾ ਦਾ ਇੱਕ ਅਨੋਖਾ ਸੁਮੇਲ ਪੇਸ਼ ਕਰੇਗੀ।ਗੱਤਕਾ ਪ੍ਰਮੋਟਰ ਗਰੇਵਾਲ ਨੇ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਦੀਆਂ ਟੀਮਾਂ 1 ਮਈ ਨੂੰ ਨਿਰਧਾਰਿਤ ਸਥਾਨ 'ਤੇ ਪਹੁੰਚਣਗੀਆਂ ਤੇ ਮੁਕਾਬਲੇ 2 ਮਈ ਨੂੰ ਸਵੇਰੇ 9 ਵਜੇ ਉਦਘਾਟਨੀ ਸਮਾਰੋਹ ਦੌਰਾਨ ਵਿਧੀਵਤ ਰੂਪ ਵਿੱਚ ਆਰੰਭ ਹੋਣਗੇ। ਚੈਂਪੀਅਨਸ਼ਿਪ ਦਾ ਸਮਾਪਤੀ ਸਮਾਰੋਹ 3 ਮਈ ਨੂੰ ਹੋਵੇਗਾ ਜਿਸ ਵਿੱਚ ਪ੍ਰਮੁੱਖ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ।